# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

www.amritsartimes.com

QUOMANTRY AMRITSAR TIMES

West/East Coast Edition | Volume 24 | Issue 244| 9 to 15 Sept. 2026 | Ph.: (510) 240-5949 | Email: asrtimes@gmail.com





**ਅੰਮ੍ਰਿਤਸਰ ਟਾਈਮਜ਼ ਬਿਊਰੋ**



ਆਮ ਆਦਮੀ ਪਾਰਟੀ ਦਾ ਜਿਸ ਤਰ੍ਹਾਂ ਦਾ ਟਕਰਾਓ ਪੰਜਾਬ ਦੇ ਲੋਕਾਂ, ਮੁਲਾਜ਼ਮਾਂ ਜਾਂ ਵਿਰੋਧੀ ਧਿਰਾਂ ਦੇ ਨਾਲ ਜਿਸ ਤਰ੍ਹਾਂ ਬਣਿਆ ਹੋਇਆ ਹੈ, ਇਹ ਇੱਕ ਬਹੁਤ ਹੀ ਚਿੰਤਾਜਨਕ ਪਹਿਲੂ ਹੈ। ਪੰਜਾਬ ਵਿੱਚ ਮੌਜੂਦਾ ਸਰਕਾਰ ਵਿਕਾਸ ਦੇ ਸੰਵਾਦ ਰਚਾਉਣ ਦੀ ਬਜਾਏ ਸੱਤਾ ਦੀ ਲਾਲਸਾ ਨੂੰ ਪੱਠੇ ਪਾਉਣ ਦੇ ਵਿੱਚ ਜਦੋਜਹਿਦ ਕਰ ਰਹੀ ਹੈ। ਚਾਰ ਕੁ ਮਹੀਨੇ ਚੋਣਾਂ ਹੋਣ ਵਿੱਚ ਰਹਿ ਗਏ ਨੇ। ਚੋਣਾਂ ਨੇੜੇ ਹੋਣ ਕਰਕੇ ਪਾਰਟੀਆਂ ਅਕਸਰ ਵਾਹ ਵਾਹ ਖੱਟਣ ਵਾਲੇ ਕੰਮ ਕਰਦੀਆਂ ਨੇ ਪਰ ਇੱਥੇ 'ਆਪ' ਸਰਕਾਰ ਦੀ ਬਦਖੋਹੀ ਹੋ ਰਹੀ ਹੈ। ਉਨ੍ਹਾਂ ਦਾ ਹਰ ਕੰਮ ਪੁੱਠਾ ਪੈਂਦਾ ਨਜ਼ਰ ਆ ਰਿਹਾ ਹੈ। ਪੰਜਾਬ ਦੇ ਵਿੱਚ ਤੀਜੀ ਮੌਤ ਹੈ, ਜਿਸ ਦੇ ਵਿੱਚ ਮੌਜੂਦਾ ਸਰਕਾਰ ਦੇ ਮੰਤਰੀਆਂ ਦੇ ਨਾਮ ਆਏ ਨੇ। ਮੋਹਣਜੀਤ ਸਿੰਘ ਦਾ ਮਸਲਾ ਉਵੇਂ ਦਾ ਉਵੇਂ ਹੀ ਖੜ੍ਹਾ ਹੈ। ਮੁੱਖ ਮੰਤਰੀ ਦੇ ਆਪਣੇ ਹਲਕੇ ਸੰਗਰੂਰ ਵਿੱਚ ਧਰਨਿਆਂ ਦਾ ਸੈਲਾਬ ਆਇਆ ਹੋਇਆ ਹੈ। ਧਰਨਾ ਮੁਕਤ ਪੰਜਾਬ ਕਰਨ ਵਾਲੇ ਭਗਵੰਤ ਮਾਨ ਦਾ ਆਪਣਾ ਜ਼ਿਲ੍ਹਾ ਹੀ ਧਰਨੋਂ ਧਰਨੀ ਹੋਇਆ ਪਿਆ ਹੈ। ਕਿਸਾਨੀ ਮੋਰਚਾ ਸੱਤ ਦਿਨਾਂ ਦੇ ਵਿੱਚ ਖਤਮ ਕਰਨ ਵਿੱਚ ਸਰਕਾਰ ਕਾਮਯਾਬ ਹੋ ਗਈ ਹੈ। ਕਿਸਾਨਾਂ ਦੇ ਏਕੇ ਨੇ ਪੰਜਾਬ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਅਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਨੂੰ ਕਿਸਾਨਾਂ ਦੇ ਧਰਨੇ ਵਿੱਚ ਆ ਕੇ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਲਿਖਤੀ ਭਰੋਸਾ ਦੇਣਾ ਪਿਆ। ਇਹ ਪੰਜਾਬ ਦੇ ਕਿਸਾਨਾਂ ਦੀ ਵੱਡੀ ਜਿੱਤ ਹੈ। ਕਿਸਾਨਾਂ ਦਾ ਮੋਹਾਲੀ ਵਿੱਚ ਲੱਗਿਆ 7 ਦਿਨਾਂ ਮੋਰਚਾ ਵੱਖਰੀਆਂ ਇਤਿਹਾਸਕ ਪੈੜਾਂ ਪਾ ਗਿਆ ਹੈ।

ਪੰਜਾਬ ਸਰਕਾਰ ਦੇ ਲਈ ਡੀ.ਏ. ਵਾਲਾ ਮਸਲਾ ਗਲੇ ਦੀ ਹੱਡੀ ਬਣਿਆ ਹੋਇਆ ਹੈ। ਅਸਲ ਵਿੱਚ ਪੰਜਾਬ ਦੇ ਤਿੰਨ ਵੱਡੇ ਲੀਡਰ ਮੁੱਖ ਮੰਤਰੀ ਮਾਨ, ਜੋ ਕਿ ਪੰਜ ਕਰੋੜੀ ਮਾਮਲੇ ਦੇ ਵਿੱਚ ਸਵਾਲਾਂ ਦੇ ਘੇਰੇ ਦੇ ਵਿੱਚ ਹੈ, ਹਰਪਾਲ ਸਿੰਘ ਚੀਮਾ, ਗੁਲਜ਼ਾਰ ਸਿੰਘ ਦੀ ਖ਼ੁਦਕਸ਼ੀ ਮਸਲਿਆਂ ਵਿੱਚ ਉਲਝੇ ਹੋਏ ਨੇ, ਭਾਵੇਂ ਕਿ ਸਰਕਾਰ ਨੇ ਕੁਝ ਰਕਮ ਤੇ ਸਰਕਾਰੀ ਨੌਕਰੀ ਦਾ ਵਾਅਦਾ ਕਰਕੇ ਨਿਬੇੜਨ ਦੀ ਕੋਸ਼ਿਸ਼ ਕੀਤੀ ਹੈ। ਤੇ ਉਧਰ ਅਮਨ ਅਰੋੜਾ ਡੀ.ਏ. ਵਾਲੇ ਮੁਲਾਜ਼ਮਾਂ ਨਾਲ ਉਲਝਿਆ ਹੋਇਆ ਹੈ। ਪਹਿਲਾਂ ਸਰਕਾਰ ਨੇ ਧਰਨੇ 'ਤੇ ਬੈਠੇ ਮੁਲਾਜ਼ਮਾਂ ਨੂੰ ਇਹ ਕਹਿ ਦਿੱਤਾ ਸੀ ਕਿ 'ਨੋ ਵਰਕ, ਨੋ ਪੇਅ'। ਤੇ ਉਧਰ ਮੁਲਾਜ਼ਮਾਂ ਨੇ ਵੀ ਕਹਿ ਦਿੱਤਾ ਸੀ ਕਿ 'ਚਲੋ ਕੋਈ ਗੱਲ ਨਹੀਂ।' ਅੱਜ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੇ ਦਫ਼ਤਰ ਵਿਖੇ ਮੁਲਾਜ਼ਮ ਆਗੂਆਂ ਨਾਲ ਹੋਈ ਇੱਕ ਘੰਟੇ ਦੀ ਲੰਬੀ ਮੀਟਿੰਗ ਤੋਂ ਬਾਅਦ ਪ੍ਰਦਰਸ਼ਨ ਸਮਾਪਤ ਕਰਨ ਦਾ ਇਹ ਫ਼ੈਸਲਾ ਲਿਆ ਗਿਆ। ਮੀਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਸਾਂਝਾ ਮੁਲਾਜ਼ਮ ਮੰਚ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ ਸਮੇਤ ਹੋਰਨਾਂ ਪ੍ਰਮੁੱਖ ਆਗੂਆਂ ਨੇ ਹੜਤਾਲ ਖ਼ਤਮ ਕਰਨ ਦਾ ਰਸਮੀ ਐਲਾਨ ਕੀਤਾ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਅੱਜ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕੀਤੀ, ਜਿਸ 'ਚ ਮੁੱਖ ਸਕੱਤਰ ਮੁਲਾਜ਼ਮਾਂ ਖ਼ਿਲਾਫ਼ ਜਾਰੀ ਪੱਤਰ ਵਾਪਸ ਲੈਣ ਲਈ ਸਹਿਮਤ ਹੋ ਗਏ ਹਨ ਜਿਨ੍ਹਾਂ 'ਚ ਹੜਤਾਲ਼ੀ ਮੁਲਾਜ਼ਮਾਂ ਨੂੰ ਦਿੱਤੇ 'ਕਾਰਨ ਦੱਸੋ ਨੋਟਿਸ' ਅਤੇ ਦੂਸਰਾ ਲੰਘੇ ਕੱਲ੍ਹ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਬਾਰੇ ਜਾਰੀ ਪੱਤਰ ਸ਼ਾਮਲ ਹਨ।



ਇਸ ਸਮੇਂ ਪੰਜਾਬ ਵਿੱਚ ਬੇਰੁਜ਼ਗਾਰ ਅਧਿਆਪਕਾਂ ਸਮੇਤ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਵੀ ਸੰਘਰਸ਼ ਕਰ ਰਹੀਆਂ ਹਨ, ਜੋ ਕਿ ਹਰ ਦਿਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਧਰਨੇ ਅਤੇ ਪ੍ਰਦਰਸ਼ਨ ਕਰ ਰਹੀਆਂ ਹਨ। ਇਹਨਾਂ ਪ੍ਰਦਰਸ਼ਨਾਂ ਦੌਰਾਨ ਅਕਸਰ ਜਥੇਬੰਦੀਆਂ ਵੱਲੋਂ ਆਵਾਜਾਈ ਵੀ ਠੱਪ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਆਮ ਲੋਕ ਪ੍ਰੇਸ਼ਾਨ ਅਤੇ ਖੱਜਲ ਖੁਆਰ ਹੁੰਦੇ ਹਨ। ਆਮ ਲੋਕਾਂ ਦੀ ਪ੍ਰੇਸ਼ਾਨੀ ਨੂੰ ਸਮਝਦਿਆਂ ਅੰਦੋਲਨਕਾਰੀ ਜਥੇਬੰਦੀਆਂ ਅਕਸਰ ਸੜਕਾਂ ਦਾ ਇੱਕ ਹਿੱਸਾ ਆਵਾਜਾਈ ਲਈ ਖੁੱਲ੍ਹਾ ਰੱਖ ਰਹੀਆਂ ਹਨ। ਇਹਨਾਂ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਨਹੀਂ ਮੰਨ ਰਹੀ ਅਤੇ ਉਹਨਾਂ ਦੀ ਆਵਾਜ਼ ਨੂੰ ਪੁਲਿਸ ਰਾਹੀਂ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਉਹ ਆਪਣੀਆਂ ਮੰਗਾਂ ਮੰਨੇ ਜਾਣ ਤੱਕ ਸੰਘਰਸ਼ 'ਚ ਡਟੇ ਰਹਿਣਗੇ। ਪੰਜਾਬ ਦੇ ਕੱਚੇ ਅਤੇ ਠੇਕਾ ਰੋਡਵੇਜ਼ ਕਾਮਿਆਂ ਵੱਲੋਂ ਵੀ ਅਕਸਰ ਆਪਣੀਆਂ ਮੰਗਾਂ ਦੇ ਹੱਕ ਵਿੱਚ ਹੜਤਾਲਾਂ ਕੀਤੀਆਂ ਜਾਂਦੀਆਂ ਹਨ। ਕਈ ਵਾਰ ਤਾਂ ਲਗਾਤਾਰ ਤਿੰਨ ਦਿਨ ਸਰਕਾਰੀ ਬੱਸਾਂ ਦੀ ਆਵਾਜਾਈ ਠੱਪ ਰੱਖੀ ਜਾਂਦੀ ਹੈ। ਹੁਣ ਕੱਚੇ ਅਤੇ ਠੇਕਾ ਕਾਮਿਆਂ ਵੱਲੋਂ ਅਗਲੇ ਕੁਝ ਦਿਨਾਂ ਦੌਰਾਨ ਮੁੜ ਹੜਤਾਲ ਕਰਨ ਦੀ ਸਰਕਾਰ ਨੂੰ ਚਿਤਾਵਨੀ ਦੇ ਦਿੱਤੀ ਗਈ ਹੈ। ਕੁਝ ਸਮਾਂ ਪਹਿਲਾਂ ਪੰਜਾਬ ਦੇ 'ਸਫਾਈ ਸੇਵਕ' ਵੀ ਹੜਤਾਲਾਂ ਤੇ ਧਰਨੇ ਲਗਾ ਚੁੱਕੇ ਹਨ। ਸਫਾਈ ਸੇਵਕਾਂ ਦੀ ਹੜਤਾਲ ਕਾਰਨ ਹਰ ਪਾਸੇ ਗੰਦਗੀ ਦੇ ਢੇਰ ਨਜ਼ਰ ਆਉਣ ਲੱਗ ਪਏ ਸਨ, ਜਿਸ ਕਾਰਨ ਸਰਕਾਰ ਨੂੰ ਸਫਾਈ ਸੇਵਕਾਂ ਦੀਆਂ ਮੰਗਾਂ ਮੰਨਣੀਆਂ ਪਈਆਂ, ਮੰਗਾਂ ਮੰਨੇ ਜਾਣ ਤੋਂ ਬਾਅਦ ਸਫਾਈ ਸੇਵਕ ਮੁੜ ਕੰਮ 'ਤੇ ਪਰਤ ਆਏ।

ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੇ ਕਾਰਜਕਾਲ ਦਾ ਇਹ ਆਖਰੀ ਸਾਲ ਹੈ, ਜਿਸ ਕਾਰਨ ਇਸ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਵੱਖ- ਵੱਖ ਜਥੇਬੰਦੀਆਂ ਸਰਗਰਮ ਹੋ ਗਈਆਂ ਹਨ। ਆਪਣੇ ਕਾਰਜਕਾਲ ਦਾ ਆਖਰੀ ਸਾਲ ਹੋਣ ਕਰਕੇ ਇਹ ਸਰਕਾਰ ਵੀ ਕਿਸੇ ਵੀ ਵਰਗ ਦੀ ਨਾਰਾਜ਼ਗੀ ਸਹੇੜਨ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੀ, ਜਿਸ ਨੂੰ ਵੱਖ- ਵੱਖ ਯੂਨੀਅਨਾਂ ਦੇ ਆਗੂ ਵੀ ਸਮਝਦੇ ਹਨ। ਇਸੇ ਕਾਰਨ ਇਹ ਆਗੂ ਮੌਕੇ ਦਾ ਫਾਇਦਾ ਉਠਾਉਣ ਲਈ ਹੜਤਾਲਾਂ ਕਰਵਾ ਰਹੇ ਹਨ। ਇਸ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਸੀ ਤਾਂ ਉਸ ਸਮੇਂ ਵੀ ਇੱਕ ਦਮ ਸਾਰੇ ਪੰਜਾਬ ਵਿੱਚ ਖਾਸ ਕਰਕੇ ਮੋਹਾਲੀ- ਖਰੜ ਮਾਰਗ 'ਤੇ ਧਰਨਿਆਂ, ਰੈਲੀਆਂ ਅਤੇ ਹੜਤਾਲਾਂ ਦਾ ਹੜ੍ਹ ਆ ਗਿਆ ਸੀ। ਬਿਲਕੁਲ ਉਹੋ ਜਿਹੀ ਸਥਿਤੀ ਇਸ ਸਮੇਂ ਪੰਜਾਬ ਵਿੱਚ ਬਣ ਚੁੱਕੀ ਹੈ ਅਤੇ ਪੰਜਾਬ ਵਿੱਚ ਹਰ ਪਾਸੇ ਹੜਤਾਲਾਂ ਅਤੇ ਧਰਨੇ- ਰੈਲੀਆਂ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ, ਜਿਸ ਕਾਰਨ ਆਮ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਸ਼ਾਇਦ ਪੰਜਾਬ ਹੁਣ 'ਧਰਨਾਲੈਂਡ' ਬਣਦਾ ਜਾ ਰਿਹਾ ਹੈ।

ਅਸਲ ਵਿੱਚ ਪੰਜਾਬ ਕੀ ਚਾਹੁੰਦਾ ਹੈ ਇਹ ਕੋਈ ਨਹੀਂ ਸਮਝਦਾ। ਕੀ ਪੰਜਾਬ ਦਾ ਮੁੱਦਾ 'ਆਪ', ਬੀਜੇਪੀ, ਕਾਂਗਰਸ ਜਾਂ ਅਕਾਲੀ ਨੇ? ਨਹੀਂ! ਪੰਜਾਬ ਦੇ ਆਪਣੇ ਮੁੱਦੇ ਨੇ। ਜਿਨ੍ਹਾਂ ਵੱਲ ਕੋਈ ਵੀ ਪਾਰਟੀ ਧਿਆਨ ਨਹੀਂ ਦੇ ਰਹੀ। ਪੰਜਾਬ ਚਾਹੁੰਦਾ ਹੈ ਕਿ ਉਸ ਦੇ ਵਿਕਾਸ ਬਾਰੇ ਕੋਈ ਗੱਲ ਕਰੇ, ਨਸ਼ਾ ਮੁਕਤ ਪੰਜਾਬ ਦੇ ਵਾਅਦੇ ਸੱਚ ਸਾਬਤ ਹੋਣ। ਪੰਜਾਬ ਨਹੀਂ ਚਾਹੁੰਦਾ ਕਿ ਉਸ ਦੀ ਪਿੱਠ ਦੇ ਉੱਤੇ ਹੱਕ ਦੀਆਂ ਗੱਲਾਂ ਕਰਨ 'ਤੇ ਵੀ ਡਾਂਗਾਂ ਪੈਣ। ਪੰਜਾਬ 'ਸਤੌਜ ਤੋਂ ਸੰਸਦ ਤੱਕ' ਡਾਕੂਮੈਂਟਰੀ ਨਹੀਂ ਵੇਖਣਾ ਚਾਹੁੰਦਾ। ਪੰਜਾਬ ਤਾਂ ਇਹ ਜਾਣਨਾ ਚਾਹੁੰਦਾ ਹੈ ਕਿ ਸੰਸਦ ਵਿੱਚ ਬੈਠ ਕੇ ਮੇਰੀ ਭਲਾਈ ਦੇ ਲਈ ਕਿਹੜੇ ਫੈਸਲੇ ਲਏ ਗਏ ਨੇ?

## ਹੱਕਾਂ ਖਾਤਰ ਅੰਦੋਲਨ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ ਪੰਜਾਬੀ



ਇਤਿਹਾਸ ਗਵਾਹ ਹੈ ਕਿ ਮੁਲਕ ਵਿੱਚ ਚੱਲੇ ਵੱਡੇ ਅੰਦੋਲਨਾਂ ਦੀ ਸ਼ੁਰੂਆਤ 'ਪੰਜਾਬ' ਤੋਂ ਹੀ ਹੋਈ। ਦੇਸ਼ ਦੇ ਆਜ਼ਾਦੀ ਅੰਦੋਲਨ ਵਿੱਚ ਵੀ ਸਭ ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਨੇ ਹੀ ਦਿੱਤੀਆਂ, ਜਿਸ ਕਾਰਨ ਇਹ ਆਜ਼ਾਦੀ ਅੰਦੋਲਨ ਪੂਰਾ ਸਫ਼ਲ ਰਿਹਾ ਅਤੇ ਦੇਸ਼ ਵਾਸੀ ਅੱਜ ਆਜ਼ਾਦੀ ਦਾ ਆਨੰਦ ਮਾਣ ਰਹੇ ਹਨ। ਪੰਜਾਬ ਦੀ ਤਾਸੀਰ ਇਹ ਹੈ ਕਿ ਇਸ ਦੇ 'ਜਾਇਆਂ' ਨੂੰ ਕਿਸੇ ਅੰਦੋਲਨ ਕਰਨ ਲਈ ਤਿਆਰ ਨਹੀਂ ਕਰਨਾ ਪੈਂਦਾ ਕਿਉਂਕਿ ਪੰਜਾਬੀ ਤਾਂ ਹਰ ਸਮੇਂ ਆਪਣੇ ਹੱਕਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਕੁਝ ਸਾਲ ਪਹਿਲਾਂ ਦਿੱਲੀ ਦੀਆਂ ਬਰੂੰਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਵੀ ਵਿਸ਼ਵ ਭਰ ਵਿੱਚ ਵਸੇ ਪੰਜਾਬੀਆਂ ਨੇ ਅੰਦੋਲਨਕਾਰੀ ਕਿਸਾਨਾਂ ਦੀ ਤਨ, ਮਨ ਅਤੇ ਧਨ ਨਾਲ ਪੂਰੀ ਸਹਾਇਤਾ ਕੀਤੀ ਸੀ, ਜਿਸ ਕਾਰਨ ਪੂਰੇ ਵਿਸ਼ਵ ਦੇ ਲੋਕ ਹੈਰਾਨ ਹੋਏ ਸਨ ਅਤੇ ਅੰਤਰਰਾਸ਼ਟਰੀ ਮੀਡੀਆ ਵੱਲੋਂ ਇਸ ਕਿਸਾਨ ਅੰਦੋਲਨ ਨੂੰ ਪੂਰੀ ਕਵਰੇਜ ਵੀ ਦਿੱਤੀ ਗਈ ਸੀ। ਇਹ ਕਿਸਾਨ ਅੰਦੋਲਨ ਪੰਜਾਬੀਆਂ ਦੇ ਬੁਲੰਦ ਇਰਾਦਿਆਂ ਕਾਰਨ ਪੂਰੀ ਤਰ੍ਹਾਂ ਸਫ਼ਲ ਰਿਹਾ ਸੀ। 'ਕ੍ਰਾਂਤੀ' ਤਾਂ ਪੰਜਾਬੀਆਂ ਦੇ ਖ਼ੂਨ ਵਿੱਚ ਰਚੀ ਹੋਈ ਹੈ।

# ਭਾਈ ਖਾਲੜਾ ਦੇ ਮੁਕੱਦਮੇ ਦੀ ਪੈਰਵੀ ਕਰਨ ਵਾਲੇ ਵਕੀਲ ਭਾਈ ਬਰਜਿੰਦਰ ਸਿੰਘ ਸੋਢੀ ਦਾ ਕੈਲੀਫ਼ੋਰਨੀਆ ਵਿੱਚ ਸਨਮਾਨ

## ਖਾੜਕੂਵਾਦ ਸਮੇਂ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਦੇ ਨਾਲ ਪਰਿਵਾਰਾਂ ਨੂੰ ਸਹਾਰਾ ਵੀ ਦਿੱਤਾ ਐਡਵੋਕੇਟ ਸੋਢੀ ਨੇ

## ਮਨੁੱਖੀ ਅਧਿਕਾਰਾਂ ਲਈ ਕੀਤੀ ਸੇਵਾ ਲਈ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦਾ ਕੈਲੀਫ਼ੋਰਨੀਆ ਦੀ ਅਸੈਂਬਲੀ ਵੱਲੋਂ ਵੀ ਸਨਮਾਨ




ਬੀਬੀ ਜਸਮੀਤ ਕੌਰ ਬੈਂਸ ਵੱਲੋਂ ਪੰਜਾਬ ਵਿੱਚ ਖਾੜਕੂ ਸੰਘਰਸ਼ ਦੌਰਾਨ ਅਤੇ ਮਨੁੱਖੀ ਅਧਿਕਾਰਾਂ ਲਈ ਕੀਤੀ ਸੇਵਾ ਲਈ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦਾ ਕੈਲੇਫੋਰਨੀਆ ਦੀ ਅਸੈਂਬਲੀ ਵੱਲੋਂ ਸਨਮਾਨ।



ਸਟਾਕਟਨ ਵਿੱਚ ਕਾਊਂਟੀ ਸੁਪਰਵਾਈਜ਼ਰ ਸੰਨੀ ਧਾਲੀਵਾਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦਾ ਸਨਮਾਨ ਕਰਦੇ ਹੋਏ।






ਮਡੈਸਟੋ ਏਰੀਏ ਦੇ ਕਾਂਗਰਸਮੈਨ ਐਡਮ ਗਰੇ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦਾ ਸਨਮਾਨ ਕਰਦੇ ਹੋਏ।



ਮਡੈਸਟੋ ਕਾਊਂਟੀ ਸੁਪਰਵਾਈਜ਼ਰ ਮਨਮੀਤ ਸਿੰਘ ਗਰੇਵਾਲ ਭਾਈ ਬਰਜਿੰਦਰ ਸਿੰਘ ਸੋਢੀ ਦਾ ਸਨਮਾਨ ਕਰਦੇ ਹੋਏ।




ਕੈਲੀਫ਼ੋਰਨੀਆ/ਏ.ਟੀ.ਨਿਊਜ਼ : ਪੰਜਾਬ ਵਿੱਚ ਖਾੜਕੂਵਾਦ ਸਮੇਂ ਭਾਈ ਜਸਵੰਤ ਸਿੰਘ ਖਾਲੜਾ ਅਤੇ ਹੋਰ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਕਰਨ ਵਾਲੇ ਵਕੀਲ ਭਾਈ ਬਰਜਿੰਦਰ ਸਿੰਘ ਸੋਢੀ ਦਾ ਮਨੁੱਖੀ ਅਧਿਕਾਰਾਂ ਲਈ ਕੀਤੀ ਸੇਵਾ ਲਈ ਕੈਲੀਫ਼ੋਰਨੀਆ ਵਿੱਚ ਵੱਖ-ਵੱਖ ਸ਼ਖਸੀਅਤਾਂ, ਕੈਲੀਫੋਰਨੀਆਂ ਅਸੈਂਬਲੀ ਅਤੇ ਹੋਰ ਸੰਸਥਾਵਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰੀਕਨ ਸਿੱਖ ਕੌਕਸ ਦੇ ਡਾਕਟਰ ਪ੍ਰਿਤਪਾਲ ਸਿੰਘ ਅਤੇ ਸਕੋਪ ਦੇ ਭਾਈ ਕਸ਼ਮੀਰ ਸਿੰਘ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਭਾਈ ਬਰਜਿੰਦਰ ਸਿੰਘ ਸੋਢੀ ਦੀਆਂ ਸਿੱਖ ਕੌਮ ਲਈ ਸੇਵਾਵਾਂ ਵਡਮੁੱਲੀਆਂ ਹਨ, ਖਾਸ ਕਰ ਖਾੜਕੂਵਾਦ ਸਮੇਂ ਜਦੋਂ ਪੁਲਿਸ ਪੰਜਾਬ ਵਿੱਚ ਨੌਜਵਾਨਾਂ ਨੂੰ ਸ਼ਹੀਦ ਕਰ ਰਹੀ ਸੀ ਤਾਂ ਇਹਨਾਂ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਕੋਈ ਮਦਦ ਕਰਨ ਵਾਲਾ ਨਹੀਂ ਲੱਭਦਾ ਸੀ। ਉਸ ਵੇਲੇ ਭਾਈ ਸੋਢੀ ਨੇ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਦੇ ਨਾਲ ਪਰਿਵਾਰਾਂ ਨੂੰ ਸਹਾਰਾ ਵੀ ਦਿੱਤਾ, ਜਿਸ ਲਈ ਕੌਮ ਇਹਨਾਂ ਦੀ ਸਦਾ ਹੀ ਰਿਣੀ ਰਹੇਗੀ। ਉਹਨਾਂ ਕਿਹਾ ਕਿ ਭਾਈ ਸੋਢੀ ਅਮਰੀਕਾ ਦੀ ਫੇਰੀ ਖ਼ਾਸ ਕਰਕੇ ਭਾਈ ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਨ ਲਈ ਖਾਸ ਸੱਦੇ 'ਤੇ ਆਏ ਹੋਏ ਹਨ। ਉਹਨਾਂ ਦੱਸਿਆ ਕਿ ਮਾਣਯੋਗ ਹੇਠਲੀ ਅਦਾਲਤ ਵਿੱਚ ਭਾਈ ਖਾਲੜਾ ਦੇ ਕੇਸ ਵਿੱਚ ਪੁਲਿਸ ਵਾਲਿਆਂ ਨੂੰ ਸਜ਼ਾਵਾਂ ਕਰਾਉਣ ਵਿੱਚ ਭਾਈ ਸੋਢੀ ਹੀ ਮੁਕੱਦਮੇ ਦੇ ਵਕੀਲ ਸਨ। ਵਕੀਲ ਭਾਈ ਬਰਜਿੰਦਰ ਸਿੰਘ ਸੋਢੀ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਜਾਣਿਆ ਜਾਂਦਾ ਹੈ।




**ਹਰ ਸਾਲ ਲੱਖਾਂ ਵਿਦਿਆਰਥੀ ਸੁਨਹਿਰੀ ਭਵਿੱਖ ਦੀ ਆਸ ਵਿੱਚ ਕੈਨੇਡਾ ਪਹੁੰਚਦੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਸਟੱਡੀ ਪਰਮਿਟ ਹਾਸਲ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 10 ਲੱਖ ਦਾ ਅੰਕੜਾ ਪਾਰ ਕਰ ਗਈ ਸੀ। ਨਿਊਜ਼ ਆਊਟਲੈੱਟ ਗਲੋਬ ਐਂਡ ਮੇਲ ਅਨੁਸਾਰ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਅਨੁਸਾਰ ਦਸੰਬਰ 2023 ਦੇ ਅੰਤ ਤੱਕ ਦੇਸ਼ ਵਿੱਚ 1,028,850 ਸਟੱਡੀ ਪਰਮਿਟ ਧਾਰਕ ਸਨ। ਸਾਲ 2026 ਦੌਰਾਨ ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 10 ਲੱਖ ਦੇ ਕਰੀਬ ਮੰਨੀ ਜਾਂਦੀ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫ਼ੀ ਗਿਰਾਵਟ ਵੀ ਆਈ ਹੈ।**




**ਅੰਮ੍ਰਿਤਸਰ ਟਾਈਮਜ਼ ਬਿਊਰੋ**

ਕੈਨੇਡਾ ਕਈ ਦਹਾਕਿਆਂ ਤੱਕ ਪੰਜਾਬੀਆਂ ਸਮੇਤ ਪੂਰੇ ਵਿਸ਼ਵ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ 'ਸੁਪਨਿਆਂ ਦਾ ਦੇਸ਼' ਰਿਹਾ ਹੈ, ਪਰ ਹੁਣ ਕੈਨੇਡਾ 'ਚ ਹਰ ਪਾਸੇ ਫ਼ੈਲੀ ਬੇਰੁਜ਼ਗਾਰੀ, ਮਹਿੰਗਾਈ, ਕੰਮ ਤੇ ਰਿਹਾਇਸ਼ ਦੀ ਘਾਟ ਅਤੇ ਆਰਥਿਕ ਅਸੰਤੁਲਨ ਕਾਰਨ ਪ੍ਰਵਾਸੀਆਂ ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਇਸ ਮੁਲਕ ਤੋਂ 'ਮੋਹ' ਭੰਗ ਹੁੰਦਾ ਜਾ ਰਿਹਾ ਹੈ।

ਕੈਨੇਡਾ 'ਚ ਬੀਤੇ ਅਗਸਤ ਮਹੀਨੇ ਅਤੇ ਹੁਣ ਸਤੰਬਰ ਮਹੀਨੇ ਦੀ ਸ਼ੁਰੂਆਤ ਦੌਰਾਨ ਰੁਜ਼ਗਾਰ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। 'ਸਟੈਟਿਸਟਿਕਸ ਕੈਨੇਡਾ' ਅਨੁਸਾਰ ਬੀਤੇ ਅਗਸਤ ਮਹੀਨੇ ਦੌਰਾਨ ਕੈਨੇਡਾ ਵਿੱਚ 41,700 ਨੌਕਰੀਆਂ ਚਲੀਆਂ ਗਈਆਂ ਹਨ। ਕਹਿਣ ਦਾ ਭਾਵ ਇਹ ਹੈ ਕਿ 41,700 ਕਰਮਚਾਰੀਆਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਗਿਆ ਹੈ, ਜਿਸ ਕਾਰਨ ਇਹ ਕਰਮਚਾਰੀ ਬੇਰੁਜ਼ਗਾਰ ਹੋ ਕੇ ਇੱਧਰ ਉਧਰ ਭਟਕ ਰਹੇ ਹਨ, ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਸ ਕੋਲ ਜਾ ਕੇ ਆਪਣੇ ਦੁੱਖ ਸੁਣਾਉਣ? ਹਾਲਾਤ ਤਾਂ ਇਹ ਬਣ ਗਏ ਹਨ ਕਿ ਵੱਖ -ਵੱਖ ਮੁਲਕਾਂ ਤੋਂ ਕੈਨੇਡਾ ਆਏ ਪ੍ਰਵਾਸੀਆਂ ਦੇ ਸੁਪਨੇ ਤੜੱਕ ਕਰਕੇ ਟੁੱਟ ਰਹੇ ਹਨ। ਜਿਹੜੇ ਪ੍ਰਵਾਸੀ ਨੌਜਵਾਨ ਆਪਣੀਆਂ ਜ਼ਮੀਨਾਂ ਅਤੇ ਘਰ ਵੇਚ ਕੇ, ਮੋਟੇ ਕਰਜ਼ੇ ਲੈ ਕੇ ਕੈਨੇਡਾ ਆਏ ਸਨ, ਉਨ੍ਹਾਂ ਨੂੰ ਵੀ ਕੈਨੇਡਾ 'ਚ ਰੁਜ਼ਗਾਰ ਨਾ ਮਿਲਣ, ਪਹਿਲਾਂ ਤੋਂ ਮਿਲਿਆ ਰੁਜ਼ਗਾਰ ਖੁਸ਼ ਜਾਣ ਕਾਰਨ ਹੁਣ ਸਮਝ ਨਹੀਂ ਆ ਰਹੀ ਕਿ ਉਹ ਕੈਨੇਡਾ 'ਚ ਆਪਣੀ ਜ਼ਿੰਦਗੀ ਕਿਸ ਤਰ੍ਹਾਂ ਬਤੀਤ ਕਰਨ? ਇੱਕ ਪਾਸੇ ਉਨ੍ਹਾਂ ਨੌਜਵਾਨਾਂ ਨੂੰ ਕੈਨੇਡਾ 'ਚ ਚੰਗਾ ਰੁਜ਼ਗਾਰ ਨਾ ਮਿਲਣ ਕਾਰਨ ਚਿੰਤਾ ਹੋ ਰਹੀ ਹੈ, ਦੂਜੇ ਪਾਸੇ ਕੈਨੇਡਾ ਆਉਣ ਲਈ ਲਿਆ ਕਰਜ਼ਾ ਵੀ ਵੱਡਾ ਬੋਝ ਬਣਦਾ ਜਾ ਰਿਹਾ ਹੈ। ਜਿਹੜੇ ਸ਼ਾਹੂਕਾਰਾਂ ਅਤੇ ਬੈਂਕਾਂ ਤੋਂ ਇਹ ਨੌਜਵਾਨ ਕਰਜ਼ਾ ਲੈ ਕੇ ਕੈਨੇਡਾ ਆਉਣ ਲਈ ਜਹਾਜ਼ ਚੜ੍ਹੇ ਸਨ, ਉਹ ਸ਼ਾਹੂਕਾਰ ਅਤੇ ਬੈਂਕਾਂ ਦੇ ਮੁਲਾਜ਼ਮ ਕਰਜ਼ੇ ਦੀਆਂ ਕਿਸ਼ਤਾਂ ਵਾਪਸ ਲੈਣ ਲਈ ਇਹਨਾਂ ਨੌਜਵਾਨਾਂ ਦੇ ਘਰਾਂ ਵਿੱਚ ਗੇੜੇ ਮਾਰ ਰਹੇ ਹਨ ਅਤੇ ਕਰਜ਼ਾ ਵਾਪਸ ਮੋੜਨ ਲਈ ਇਹਨਾਂ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ।

ਦੂਜੇ ਪਾਸੇ ਇੰਨੇ ਵੱਡੇ ਪੱਧਰ 'ਤੇ ਨੌਕਰੀਆਂ ਜਾਣ ਦੇ ਬਾਵਜੂਦ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.4% 'ਤੇ ਸਥਿਰ ਬਣੀ ਰਹੀ ਹੈ। ਇਸ ਤੋਂ ਪਹਿਲਾਂ ਵਿਸ਼ਲੇਸ਼ਕਾਂ ਦੇ ਸਰਵੇਖਣ ਵਿੱਚ ਇਹ ਪੇਸ਼ੀਨਗੋਈ ਕੀਤੀ ਸੀ ਕਿ ਜੁਲਾਈ ਦੇ ਮਹੀਨੇ ਦੌਰਾਨ ਹੋਏ 75,100 ਨੌਕਰੀਆਂ ਦੇ ਭਾਰੀ ਵਾਧੇ ਤੋਂ ਬਾਅਦ ਅਗਸਤ ਵਿੱਚ ਲਗਭਗ 15,000 ਨੌਕਰੀਆਂ ਦਾ ਵਾਧਾ ਦੇਖਣ ਨੂੰ ਮਿਲ ਸਕਦਾ ਹੈ ਪਰ ਅਸਲ ਹਾਲਾਤ ਇਸ ਦੇ ਬਿਲਕੁਲ ਉਲਟ ਰਹੇ ਅਤੇ ਰੁਜ਼ਗਾਰ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ। ਇਹ ਖੁਲਾਸਾ ਆਰਥਿਕ ਰਿਪੋਰਟ ਵਿੱਚ ਹੋਇਆ ਹੈ। ਇਹ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਵਿੱਤੀ ਬਾਜ਼ਾਰਾਂ ਵਿੱਚ ਤੁਰੰਤ ਪ੍ਰਤੀਕ੍ਰਿਆ ਦੇਖਣ ਨੂੰ ਮਿਲੀ, ਜਿਸ ਕਾਰਨ ਕੈਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ 0.51% ਡਿੱਗ ਗਿਆ। ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਪਿਛਲੇ ਸਾਲ ਤੋਂ ਪ੍ਰਵਾਸੀਆਂ ਨੂੰ ਦੋਹਰੀ ਮਾਰ ਪੈ ਰਹੀ ਹੈ। ਇੱਕ ਤਾਂ ਕੈਨੇਡਾ ਸਰਕਾਰ ਨੇ ਪੱਕੇ ਹੋਣ ਦੇ ਨਿਯਮ ਸਖ਼ਤ ਕਰ ਦਿੱਤੇ ਹਨ। ਦੂਜੇ ਪਾਸੇ ਨੌਕਰੀਆਂ ਜਾਣ ਦਾ ਖਦਸ਼ਾ ਬਰਕਰਾਰ ਹੈ ਤੇ ਨੌਕਰੀਆਂ ਲੱਭਣ ਲਈ ਨੌਜਵਾਨਾਂ ਨੂੰ ਜੂਝਣਾ ਪੈ ਰਿਹਾ ਹੈ।

ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਜ਼ਿਆਦਾਤਰ ਨੌਕਰੀਆਂ ਦਾ ਨੁਕਸਾਨ ਫ਼ੁੱਲ-ਟਾਈਮ ਰੁਜ਼ਗਾਰ ਵਿੱਚ ਦੇਖਿਆ ਗਿਆ ਹੈ, ਜਿੱਥੇ ਕੁੱਲ 35,900 ਅਹੁਦੇ ਘਟ ਗਏ ਹਨ, ਜਦੋਂ ਕਿ ਪਾਰਟ-ਟਾਈਮ ਰੁਜ਼ਗਾਰ ਵਿੱਚ ਵੀ 5,800 ਨੌਕਰੀਆਂ ਦੀ ਕਮੀ ਆਈ ਹੈ। ਸੇਵਾ-ਉਤਪਾਦਨ ਉਦਯੋਗਾਂ ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ, ਆਵਾਜਾਈ ਅਤੇ ਵਿੱਤ ਨੂੰ ਇਸ ਮੰਦੀ ਦਾ ਸਭ ਤੋਂ ਵੱਡਾ ਨੁਕਸਾਨ ਝੱਲਣਾ ਪਿਆ ਹੈ ਅਤੇ ਅਗਸਤ ਮਹੀਨੇ ਦੌਰਾਨ ਇਕੱਲੇ ਇਸ ਸੈਕਟਰ ਨੇ 51,500 ਨੌਕਰੀਆਂ ਗੁਆ ਦਿੱਤੀਆਂ ਹਨ। ਇਸ ਤੋਂ ਇਲਾਵਾ, ਦੇਸ਼ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 0.3 ਫ਼ੀਸਦੀ ਵਧ ਕੇ 12.9% ਤੱਕ ਪਹੁੰਚ ਗਈ ਹੈ ਅਤੇ ਸਥਾਈ ਕਰਮਚਾਰੀਆਂ ਦੀ ਔਸਤ ਪ੍ਰਤੀ ਘੰਟਾ ਉਜਰਤ ਵਿੱਚ ਵੀ ਗਿਰਾਵਟ ਆ ਕੇ ਇਹ ਸਿਰਫ਼ 2% ਰਹਿ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਵੇਂ 50% ਟੈਰਿਫ਼ਾਂ ਦੇ ਪ੍ਰਭਾਵ ਅਤੇ ਕੈਨੇਡਾ ਦੀਆਂ ਜਵਾਬੀ ਕਾਰਵਾਈਆਂ ਦੇ ਲਾਗੂ ਹੋਣ ਕਾਰਨ ਕੈਨੇਡਾ ਦੇ ਲੇਬਰ ਮਾਰਕੀਟ ਦੀ ਇਸ ਪਹਿਲਾਂ ਹੀ ਮੱਧਮ ਪੈ ਚੁੱਕੀ ਗਤੀ ਨੂੰ ਹੋਰ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕੈਨੇਡਾ 'ਚ ਪ੍ਰਵਾਸੀਆਂ ਦੀ ਵਧਦੀ ਜਾ ਰਹੀ ਗਿਣਤੀ ਦੀ ਮਾਰ ਨੌਕਰੀਆਂ 'ਤੇ ਹੁਣ ਸਾਫ਼ ਦਿਖਾਈ ਦੇਣ ਲੱਗੀ ਹੈ, ਜਿਸ ਕਾਰਨ ਬੇਰੁਜ਼ਗਾਰੀ ਦੀ ਸਥਿਤੀ ਹੋਰ ਚਿੰਤਾਜਨਕ ਬਣਦੀ ਨਜ਼ਰ ਆ ਰਹੀ ਹੈ। ਰਿਪੋਰਟਾਂ ਮੁਤਾਬਕ ਸਭ ਤੋਂ ਵੱਧ ਅਸਰ ਫ਼ੁੱਲ-ਟਾਈਮ ਨੌਕਰੀਆਂ 'ਤੇ ਪਿਆ ਹੈ ਹਾਲਾਂ ਕਿ ਪਾਰਟ-ਟਾਈਮ ਨੌਕਰੀਆਂ ਵਿੱਚ ਘਾਟਾ ਦਰਜ ਕੀਤਾ ਗਿਆ। ਜਾਣਕਾਰੀ ਅਨੁਸਾਰ ਉਤਪਾਦਨ ਅਤੇ ਨਿਰਮਾਣ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਟੈਰਿਫ਼, ਵਪਾਰਕ ਅਨਿਸ਼ਚਿਤਤਾ ਅਤੇ ਤੇਲ-ਗੈਸ ਦੀਆਂ ਵਧ ਰਹੀਆਂ ਕੀਮਤਾਂ ਕਾਰਨ ਕਾਰੋਬਾਰੀ ਨਵੀਆਂ ਭਰਤੀਆਂ ਕਰਨ ਤੋਂ ਹਿਚਕਿਚਾ ਰਹੇ ਹਨ। ਆਰਥਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕੈਨੇਡਾ ਦਾ ਰੁਜ਼ਗਾਰ ਬਾਜ਼ਾਰ ਇਸ ਸਮੇਂ ਦਬਾਅ ਹੇਠ ਹੈ ਅਤੇ ਆਉਣ ਵਾਲੇ ਮਹੀਨਿਆਂ ਵਿਚ ਵੀ ਸਥਿਤੀ ਵਿੱਚ ਤੁਰੰਤ ਵੱਡੇ ਸੁਧਾਰ ਦੀ ਸੰਭਾਵਨਾ ਘੱਟ ਦਿਖਾਈ ਦੇ ਰਹੀ ਹੈ।

ਕੈਨੇਡਾ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੀ ਸਥਿਤੀ ਬਹੁਤ ਗੰਭੀਰ ਹੋ ਚੁੱਕੀ ਹੈ। **(ਬਾਕੀ ਸਫ਼ਾ 26 'ਤੇ)**

## ਗੈਂਗਸਟਰਾਂ ਦੇ ਜਾਲ 'ਚ ਫਸ ਰਹੇ ਨੇ ਨੌਜਵਾਨ

ਕੈਨੇਡਾ ਗਏ ਪੰਜਾਬ ਦੇ ਅਨੇਕਾਂ ਵਿਦਿਆਰਥੀ ਅਤੇ ਨੌਜਵਾਨ ਕੰਮ ਨਾ ਮਿਲਣ ਕਾਰਨ ਗੈਂਗਸਟਰਾਂ ਦੇ ਜਾਲ ਵਿੱਚ ਵੀ ਫਸ ਰਹੇ ਹਨ। ਕੈਨੇਡਾ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਨੈਟਵਰਕ ਨਾਲ ਜੁੜੇ 16 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਹਨਾਂ ਵਿਚੋਂ 15 ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਹ ਸਾਰੇ ਨੌਜਵਾਨ ਵੀਜ਼ਾ ਪਰਮਿਟ ਲੈ ਕੇ ਭਾਰਤ ਤੋਂ ਕੈਨੇਡਾ ਗਏ ਸਨ।

ਪੰਜਾਬ ਤੋਂ ਲੱਖਾਂ ਰੁਪਏ ਕਰਜ਼ਾ ਲੈ ਕੇ ਕੈਨੇਡਾ ਗਏ ਨੌਜਵਾਨ ਅਕਸਰ ਕੰਮ ਦੀ ਭਾਲ ਕਰਦਿਆਂ ਗੈਂਗਸਟਰਾਂ ਦੇ ਅੜਿੱਕੇ ਆ ਜਾਂਦੇ ਹਨ ਅਤੇ ਗੈਂਗਸਟਰ ਇਹਨਾਂ ਵਿਦਿਆਰਥੀਆਂ ਤੋਂ ਪਹਿਲਾਂ ਪਾਰਸਲ ਡਲੀਵਰੀ, ਕਾਰ ਕਿਰਾਏ 'ਤੇ ਲੈਣ ਅਤੇ ਕਿਸੇ ਦੀ ਰੇਕੀ ਕਰਨ ਵਰਗੇ ਕੰਮ ਕਰਵਾਉਂਦੇ ਹਨ ਅਤੇ ਉਸ ਤੋਂ ਬਾਅਦ ਇਹਨਾਂ ਨੌਜਵਾਨਾਂ ਨੂੰ ਗੈਂਗਾਂ ਦੇ ਹੋਰ ਖ਼ਤਰਨਾਕ ਕੰਮਾਂ ਵਿੱਚ ਪਾ ਦਿੱਤਾ ਜਾਂਦਾ ਹੈ। ਗੈਂਗਸਟਰਾਂ ਦਾ ਕੰਮ ਕਰਨ ਬਦਲੇ ਬੇਰੁਜ਼ਗਾਰ ਨੌਜਵਾਨਾਂ ਨੂੰ 500 ਤੋਂ 2000 ਡਾਲਰ ਤੱਕ ਤੁਰੰਤ ਦਿੱਤੇ ਜਾਂਦੇ ਹਨ, ਜਿਸ ਕਾਰਨ ਆਪਣੇ ਖਰਚੇ ਪੂਰੇ ਕਰਨ ਲਈ ਬੇਰੁਜ਼ਗਾਰ ਨੌਜਵਾਨ ਇਹਨਾਂ ਗੈਂਗਸਟਰਾਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਗੈਂਗਸਟਰਾਂ ਵੱਲੋਂ ਇਹਨਾਂ ਨੌਜਵਾਨਾਂ ਨੂੰ 'ਈਜੀ ਮਨੀ' ਦਾ ਝਾਂਸਾ ਦਿੱਤਾ ਜਾਂਦਾ ਹੈ, ਜਿਸ ਦੇ ਲਾਲਚ ਵਿੱਚ ਇਹ ਨੌਜਵਾਨ ਗੈਂਗਸਟਰਾਂ ਦੇ ਨੈਟਵਰਕ ਨਾਲ ਜੁੜ ਜਾਂਦੇ ਹਨ।

ਮੀਡੀਆ ਰਿਪੋਰਟਾਂ ਅਨੁਸਾਰ ਕੈਨੇਡਾ ਦੇ ਸਰੀ, ਬਰੈਪਟਨ ਅਤੇ ਕੈਲਗਰੀ ਦੇ ਹੁੱਕਾ ਬਾਰ, ਕਲੱਬ ਅਤੇ ਪੰਜਾਬੀ ਭਾਈਚਾਰੇ ਦੇ ਗ੍ਰੋਸਰੀ ਸਟੋਰਾਂ ਰਾਹੀਂ ਗੈਂਗਸਟਰਾਂ ਦਾ ਨੈਟਵਰਕ ਚਲਦਾ ਹੈ। ਇੰਸਟਾਗ੍ਰਾਮ ਅਤੇ ਸਨੈਪਚੈਟ ਐਪਸ 'ਤੇ ਗੈਂਗਸਟਰਾਂ ਦੀ ਰਾਇਲ ਲਾਈਫ਼ਸਟਾਈਲ ਅਤੇ ਪਾਵਰ ਦਿਖਾ ਕੇ ਨੌਜਵਾਨਾਂ ਨੂੰ ਭਰਮਾਇਆ ਜਾਂਦਾ ਹੈ। ਜਿਹੜੇ ਵਿਦਿਆਰਥੀ ਗੈਂਗਸਟਰਾਂ ਦੇ ਇੱਕ ਦੋ ਗ਼ੈਰ ਕਾਨੂੰਨੀ ਕੰਮ ਕਰ ਲੈਂਦੇ ਹਨ, ਉਹਨਾਂ ਦਾ ਪੂਰਾ ਰਿਕਾਰਡ ਗੈਂਗਸਟਰਾਂ ਵੱਲੋਂ ਸਾਂਭ ਲਿਆ ਜਾਂਦਾ ਹੈ ਅਤੇ ਇਹਨਾਂ ਨੌਜਵਾਨਾਂ ਨੂੰ ਧਮਕੀ ਦਿੱਤੀ ਜਾਂਦੀ ਹੈ ਕਿ ਜੇ ਉਹਨਾਂ ਨੇ ਗੈਂਗਸਟਰਾਂ ਦਾ ਕੰਮ ਨਾ ਕੀਤਾ ਤਾਂ ਉਹ ਇਹਨਾਂ ਨੌਜਵਾਨਾਂ ਦਾ ਗ਼ੈਰਕਨੂੰਨੀ ਕੰਮਾਂ ਵਾਲਾ ਰਿਕਾਰਡ ਪੁਲਿਸ ਨੂੰ ਭੇਜ ਦੇਣਗੇ। ਜਿਸ ਕਰਕੇ ਡਰ ਦੇ ਹੋਏ ਕਈ ਨੌਜਵਾਨ ਗੈਂਗਸਟਰਾਂ ਦੇ ਚੁੰਗਲ ਵਿੱਚ ਫਸੇ ਰਹਿੰਦੇ ਹਨ।

## ਬੇਰੁਜ਼ਗਾਰ ਵਿਦਿਆਰਥੀਆਂ ਦਾ ਧਰਨਾ ਅਤੇ ਰੁਜ਼ਗਾਰ

ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੋਈ ਕੰਮ ਨਾ ਮਿਲਣ ਕਾਰਨ ਅਨੇਕਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਲਗਾਤਾਰ ਧਰਨਾ ਦਿੱਤਾ ਗਿਆ। ਇਹਨਾਂ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਉਹ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ, ਜਿਸ 'ਤੇ ਲੱਖਾਂ ਰੁਪਏ ਖਰਚਾ ਆਇਆ ਹੈ ਪਰ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਉਹਨਾਂ ਨੂੰ ਕੈਨੇਡਾ ਵਿੱਚ ਕੰਮ ਨਹੀਂ ਮਿਲ ਰਿਹਾ। ਧਰਨੇ ਦੌਰਾਨ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਸੀਨੀਅਰ ਵਕੀਲਾਂ ਵੱਲੋਂ ਵਿਦਿਆਰਥੀਆਂ ਦੇ ਮੁੱਦੇ ਸਰਕਾਰ ਅਤੇ ਸੰਬੰਧਿਤ ਵਿਭਾਗ ਤੱਕ ਪਹੁੰਚਾਏ ਗਏ। ਇਹਨਾਂ ਵਕੀਲਾਂ ਵੱਲੋਂ ਸਾਰੇ ਵਿਦਿਆਰਥੀਆਂ ਦਾ ਸਾਂਝਾ ਇੱਕ ਕੇਸ ਬਣਾ ਕੇ ਇਮੀਗ੍ਰੇਸ਼ਨ ਵਿਭਾਗ ਵਿੱਚ ਦਾਇਰ ਕੀਤਾ ਗਿਆ ਹੈ, ਜਿਸ ਨੂੰ ਹੁਣ ਮਾਣਯੋਗ ਅਦਾਲਤ ਵਿੱਚ ਲਿਆਂਦਾ ਜਾਵੇਗਾ। ਹੁਣ ਵਿਦਿਆਰਥੀਆਂ ਦਾ ਧਰਨਾ ਤਾਂ ਸਮਾਪਤ ਹੋ ਗਿਆ ਹੈ ਅਤੇ ਵਿਦਿਆਰਥੀ ਅਜੇ ਵੀ ਸੰਬੰਧਿਤ ਵਿਭਾਗ ਅਤੇ ਕੈਨੇਡਾ ਸਰਕਾਰ ਤੋਂ ਇਨਸਾਫ਼ ਅਤੇ ਰੁਜ਼ਗਾਰ ਦੀ ਉਮੀਦ ਕਰ ਰਹੇ ਹਨ।

ਕੈਨੇਡਾ ਸਰਕਾਰ ਦੇ ਇੱਕ ਮੰਤਰੀ ਦਾ ਕਹਿਣਾ ਹੈ ਕਿ ਸਾਡੀ ਸਰਕਾਰ ਨੇ 'ਵਰਕ ਕਾਨੂੰਨ' ਵਿੱਚ ਬਦਲਾਓ ਨਹੀਂ ਲਿਆਂਦਾ ਸਗੋਂ ਡਿਗਰੀ ਅਤੇ ਡਿਪਲੋਮਾ ਕਰਨ ਵਾਲੇ ਯੋਗ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਇੱਕ ਕਾਨੂੰਨੀ ਮਾਹਿਰ ਦਾ ਕਹਿਣਾ ਹੈ ਕਿ ਧਰਨਾ ਦੇਣ ਵਾਲੇ ਵਿਦਿਆਰਥੀਆਂ ਨੂੰ ਧਰਨਾ ਦੇਣ ਕਾਰਨ ਪੀ.ਆਰ. ਅਤੇ ਵਰਕ ਪਰਮਿਟ ਲੈਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ ਕਿਉਂਕਿ ਕੈਨੇਡਾ ਵਿਕਸਤ ਮੁਲਕ ਹੈ ਅਤੇ ਇੱਥੇ ਲੋਕਾਂ ਨੂੰ ਬਹੁਤ ਅਧਿਕਾਰ ਮਿਲੇ ਹੋਏ ਹਨ। ਉਹਨਾਂ ਦਾਅਵਾ ਕੀਤਾ ਕਿ ਅਜੇ ਵੀ ਕੈਨੇਡਾ ਨੂੰ ਚਾਰ ਲੱਖ ਵੱਖ- ਵੱਖ ਕੰਮਾਂ ਵਿੱਚ ਮਾਹਿਰ ਨੌਜਵਾਨ ਚਾਹੀਦੇ ਹਨ। ਇਸ ਲਈ ਕੈਨੇਡਾ ਆ ਚੁੱਕੇ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਰੁਜ਼ਗਾਰ ਨਾ ਮਿਲਣ ਕਾਰਨ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ। ਕੈਨੇਡਾ ਸਰਕਾਰ ਇੰਮੀਗ੍ਰੇਸ਼ਨ ਨੂੰ ਕਾਬੂ ਕਰਨ ਦਾ ਸੰਦੇਸ਼ ਦੇ ਚੁੱਕੀ ਹੈ। ਕੈਨੇਡਾ ਵਿੱਚ ਇਸ ਸਮੇਂ 'ਲੇਬਰ ਫੋਰਸ' ਦੀ ਲੋੜ ਹੈ ਕਿਉਂਕਿ ਕੈਨੇਡਾ ਵਿੱਚ ਰਿਟਾਇਰਡ ਹੋਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਸ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਚੰਗੇ ਮੌਕੇ ਮਿਲ ਸਕਦੇ ਹਨ। ਕਾਨੂੰਨੀ ਮਾਹਿਰਾਂ ਅਨੁਸਾਰ ਕੈਨੇਡਾ ਦੀਆਂ ਜਿਹੜੀਆਂ ਕੰਪਨੀਆਂ ਵਿੱਚ ਇੱਕ ਹੀ ਭਾਈਚਾਰੇ ਦੇ ਲੋਕ ਕੰਮ ਕਰਦੇ ਸਨ, ਹੁਣ ਉਹਨਾਂ ਕੰਪਨੀਆਂ ਵਿੱਚ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਿਤ ਲੋਕ ਕੰਮ ਕਰਦੇ ਨਜ਼ਰ ਆ ਰਹੇ ਹਨ।

# ਨੇਪਾਲ ਦੇ ਹੜ੍ਹ ਪੀੜਤਾਂ ਲਈ 'ਸਿੱਖਸ ਆਫ਼ ਅਮਰੀਕਾ' ਵੱਲੋਂ ਰਾਹਤ ਮੁਹਿੰਮ ਜਾਰੀ



ਵਾਸ਼ਿੰਗਟਨ/ਏ.ਟੀ.ਨਿਊਜ਼: ਲੰਘੇ ਦਿਨੀਂ ਨੇਪਾਲ 'ਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ 'ਸਿੱਖਸ ਆਫ਼ ਅਮਰੀਕਾ' ਵੱਲੋਂ ਵੱਡੇ ਪੱਧਰ 'ਤੇ ਰਾਹਤ ਸਮੱਗਰੀ ਵੰਡੀ ਗਈ। ਇਸ ਦੌਰਾਨ ਕੁਦਰਤੀ ਤ੍ਰਾਸਦੀ ਦੇ ਪੀੜਤਾਂ ਨੂੰ ਖਾਣ ਪੀਣ ਦੇ ਸਮਾਨ ਦੇ ਨਾਲ ਕੰਬਲ ਆਦਿ ਸਮਾਨ ਵੰਡਿਆ ਗਿਆ। ਸੰਸਥਾ ਦੇ ਇੰਡੀਆ ਟੀਮ ਦੇ ਵਾਲੰਟੀਅਰਾਂ ਨੇ ਖੁਦ ਨੇਪਾਲ ਪਹੁੰਚ ਕੇ ਹੜ੍ਹ ਪੀੜ੍ਹਤ ਪਰਿਵਾਰਾਂ ਤੱਕ ਰਾਹਤ ਸਮੱਗਰੀ ਪਹੁੰਚਾ ਰਹੇ ਹਨ ਅਤੇ ਉਨਾਂ ਦੀ ਮਦਦ ਕਰ ਰਹੇ ਹਨ। ਇਹ ਮਦਦ ਇਸ ਹੜ੍ਹ ਤ੍ਰਾਸਦੀ ਵਿੱਚ ਬਚੇ 'ਹਰੇ ਘਰ' ਦੇ ਇਲਾਕੇ ਵਿੱਚ ਕੀਤੀ ਗਈ ਜੋ ਕਿ ਨੇਪਾਲ ਦੇ ਬਾਗਮਤੀ ਸੂਬੇ ਦੇ ਨੁਵਾਕੋਟ ਜ਼ਿਲੇ ਦੇ ਡੁੰਗੇ ਬਾਜ਼ਾਰ ਵਾਲੇ ਪਾਸੇ ਪੈਂਦਾ ਹੈ। ਸਿੱਖਸ ਆਫ਼ ਅਮਰੀਕਾ ਸੰਸਥਾ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਕੁਦਰਤੀ ਆਫ਼ਤ ਦੇ ਇਸ ਮੁਸ਼ਕਿਲ ਸਮੇਂ ਵਿੱਚ ਪੀੜ੍ਹਤ ਲੋਕਾਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜ਼ੀਹ ਹੈ। ਦੱਸਣਯੋਗ ਹੈ ਕਿ 'ਸਿੱਖਸ ਆਫ਼ ਅਮਰੀਕਾ' ਪਹਿਲਾਂ ਵੀ ਵੱਖ-ਵੱਖ ਦੇਸ਼ਾਂ ਵਿੱਚ ਕੁਦਰਤੀ ਤ੍ਰਾਸਦੀਆਂ ਦੌਰਾਨ ਰਾਹਤ ਕਾਰਜਾਂ ਰਾਹੀਂ ਪੀੜਤਾਂ ਦੀ ਮਦਦ ਕਰਦੀ ਰਹੀ ਹੈ। ਸਿੱਖਸ ਆਫ ਅਮਰੀਕਾ ਸੰਸਥਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ ਅਤੇ ਵਾਈਸ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਸਰਹੱਦਾਂ ਦੀ ਕੋਈ ਪਾਬੰਦੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤਾਂ ਦੇ ਸਮੇਂ ਲੋੜਵੰਦਾਂ ਤੱਕ ਮਦਦ ਪਹੁੰਚਾਉਣਾ ਸਿੱਖ ਭਾਈਚਾਰੇ ਦੀ ਸੇਵਾ ਅਤੇ 'ਸਰਬੱਤ ਦੇ ਭਲੇ' ਦੀ ਭਾਵਨਾ ਦਾ ਹਿੱਸਾ ਹੈ। ਉਨਾਂ ਨੇ ਕਿਹਾ ਕਿ ਅਸੀਂ ਅਰਦਾਸ ਕਦੇ ਹਾਂ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਕੁਦਰਤੀ ਆਫ਼ਤ ਨਾ ਆਵੇ ਪਰ ਜੇਕਰ ਭਵਿੱਖ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅਸੀਂ ਆਪਣੀ ਸਮਰੱਥਾ ਅਨੁਸਾਰ ਰਾਹਤ ਕਾਰਜ ਜਾਰੀ ਰੱਖੇ ਜਾਣਗੇ।

## ਮੱਧਕਾਲੀ ਚੋਣਾਂ 'ਚ ਜਿਆਦਾਤਰ ਭਾਰਤੀਆਂ ਦਾ ਝੁਕਾਅ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਇੱਕ ਨਵੇਂ ਰਾਸ਼ਟਰੀ ਸਰਵੇਖਣ ਦੇ ਅਨੁਸਾਰ ਭਾਰਤੀ ਅਮਰੀਕੀ ਵੋਟਰਾਂ ਵਿੱਚ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਲਈ ਭਾਰੀ ਉਤਸ਼ਾਹ ਹੈ ਤੇ ਉਹ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ ਸਪੱਸ਼ਟ ਝੁਕਾਅ ਰਖਦੇ ਹਨ।




ਏਸ਼ੀਅਨ ਅਮਰੀਕੀ ਵੋਟਰ ਸਰਵੇਖਣ ਵਿੱਚ ਪਾਇਆ ਗਿਆ ਕਿ 92 ਪ੍ਰਤੀਸ਼ਤ ਭਾਰਤੀ ਅਮਰੀਕੀ ਰਜਿਸਟਰਡ ਵੋਟਰਾਂ ਨੇ ਨਵੰਬਰ ਵਿੱਚ ਵੋਟ ਪਾਉਣ ਦੀ ਯੋਜਨਾ ਬਣਾਈ ਹੈ। ਭਾਰਤੀ ਭਾਈਚਾਰੇ ਨੇ ਸੈਨੇਟ ਅਤੇ ਪ੍ਰਤੀਨਿੱਧ ਸਦਨ ਦੋਵਾਂ ਮੁਕਾਬਲਿਆਂ ਵਿੱਚ ਡੈਮੋਕ੍ਰੇਟਿਕ ਉਮੀਦਵਾਰਾਂ ਪ੍ਰਤੀ ਇੱਕ ਮਜ਼ਬੂਤ ਤਰਜੀਹ ਦਿਖਾਈ ਹੈ। ਬਹੁਗਿਣਤੀ ਭਾਰਤੀਆਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਵਿਰੁੱਧ ਵੋਟ ਦੇਣਗੇ ਤੇ ਸਾਫ਼ ਹੈ ਕਿ ਉਨ੍ਹਾਂ ਦੀ ਤਰਜੀਹ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ। 66% ਭਾਰਤੀ-ਅਮਰੀਕੀ ਵੋਟਰਾਂ ਨੇ ਡੈਮੋਕ੍ਰੇਟਿਕ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ ਜਦੋਂ ਕਿ 22 ਪ੍ਰਤੀਸ਼ਤ ਨੇ ਰਿਪਬਲਿਕਨਾਂ ਨੂੰ ਤਰਜੀਹ ਦਿੱਤੀ ਹੈ ਜਦ ਕਿ 7 ਪ੍ਰਤੀਸ਼ਤ ਨੇ ਹੋਰ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ। ਸਰਵੇਖਣ ਵਿੱਚ ਭਾਰਤੀ-ਅਮਰੀਕੀ ਵੋਟਰਾਂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਤੀ ਬਹੁਤ ਹੱਦ ਤੱਕ ਨਕਾਰਾਤਮਕ ਨਜ਼ਰੀਆ ਪਾਇਆ ਗਿਆ ਹੈ। 74 ਪ੍ਰਤੀਸ਼ਤ ਨੇ ਟਰੰਪ ਨੂੰ ਪ੍ਰਤੀਕੂਲ ਨਜ਼ਰ ਨਾਲ ਦੇਖਿਆ, ਜਿਸ ਵਿੱਚੋਂ 56 ਪ੍ਰਤੀਸ਼ਤ ਨੇ ਬਹੁਤ ਹੀ ਪ੍ਰਤੀਕੂਲ ਰਾਏ ਰੱਖੀ ਹੈ ਜਦ ਕਿ ਵੀਹ ਪ੍ਰਤੀਸ਼ਤ ਟਰੰਪ ਪ੍ਰਤੀ ਅਨੁਕੂਲ ਨਜ਼ਰੀਆ ਰੱਖਦੇ ਹਨ। ਸਰਵੇਖਣ ਅਨੁਸਾਰ 55 ਪ੍ਰਤੀਸ਼ਤ ਨੇ ਕਿਹਾ ਕਿ ਉਨ੍ਹਾਂ ਨੇ ਪੋਲਿੰਗ ਸਥਾਨ 'ਤੇ ਵੋਟ ਪਾਉਣ ਦੀ ਯੋਜਨਾ ਬਣਾਈ ਹੈ, ਜਦੋਂ ਕਿ 34 ਪ੍ਰਤੀਸ਼ਤ ਨੇ ਡਾਕ ਰਾਹੀਂ ਵੋਟ ਪਾਉਣ ਨੂੰ ਤਰਜੀਹ ਦਿੱਤੀ ਹੈ ਅਤੇ 8 ਪ੍ਰਤੀਸ਼ਤ ਨੇ ਬੈਲਟ ਡਰਾਪ ਸਥਾਨ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਹੈ। **(ਬਾਕੀ ਸਫ਼ਾ 27 'ਤੇ)**

## ਨਿਊਯਾਰਕ ਰਾਜ ਵਿੱਚ 2,197 ਪ੍ਰਵਾਸੀਆਂ ਨੂੰ ਕੀਤਾ ਗ੍ਰਿਫ਼ਤਾਰ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਅਤੇ ਕਸਟਮ ਇਨਫ਼ੋਰਸਮੈਂਟ (ਆਈ ਸੀ ਈ) ਏਜੰਟਾਂ ਨੇ ਜੁਲਾਈ ਦੇ ਅਖੀਰ ਤੋਂ ਅਗਸਤ ਦੇ ਅਖੀਰ ਤੱਕ ਨਿਊਯਾਰਕ ਰਾਜ ਵਿੱਚ 2,197 ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਪ੍ਰੈਸ ਕਾਨਫ਼ਰੰਸ ਵਿੱਚ, ਮੁਲਿਨ ਨੇ ਕਿਹਾ ਕਿ 'ਅਪਰੇਸ਼ਨ ਰੋਟਨ

ਐਪਲ' ਤਹਿਤ ਉਹ ਕੰਮ ਹੋਇਆ ਹੈ ਜਿਸ ਨੂੰ ਸਿਆਸਤਦਾਨ ਕਰਨ ਤੋਂ ਇਨਕਾਰ ਕਰਦੇ ਆ ਰਹੇ ਸਨ । ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨੂੰ ਨਿਊਯਾਰਕ ਸ਼ਹਿਰ ਦੇ ਮੇਅਰ ਜ਼ੋਹਰਾਨ ਮਮਦਾਨੀ ਜਾਂ ਨਿਊਯਾਰਕ ਦੇ ਗਵਰਨਰ ਕੈਥੀ ਹੋਚੁਲ ਤੋਂ ਕੋਈ ਮਦਦ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦੌਰਾਨ ਕਾਤਲਾਂ, ਬਲਾਤਕਾਰੀਆਂ, ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਹਿੰਸਕਹਮਲਾਵਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਦੌਰਾਨ ਮਮਦਾਨੀ ਨੇ ਕਿਹਾ ਹੈ ਕਿ ਇੱਕ ਪ੍ਰਵਾਸੀ ਹੋਣਾ ਗੁਨਾਹ ਨਹੀਂ ਹੈ ਪਰ ਇਥੇ ਪ੍ਰਵਾਸੀਆਂ ਨੂੰ ਅਪਰਾਧ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਪੱਸ਼ਟ ਤੌਰ 'ਤੇ ਸਮੁੱਚੇ ਅਮਰੀਕਾ ਵਿੱਚ ਪ੍ਰਵਾਸੀ ਦਹਿਸ਼ਤਜ਼ਦਾ ਹਨ ਤੇ ਉਹ ਡਰ ਕਾਰਨ ਆਪਣਾ ਘਰ ਛੱਡਣ ਲਈ ਮਜਬੂਰ ਹਨ।

## ਘਰ ਰਹਿ ਕੇ ਬੱਚਿਆਂ ਦੀ ਸੰਭਾਲ ਕਰਨ ਵਾਲੇ ਮਾਪਿਆਂ ਨੂੰ ਅਮਰੀਕੀ ਸਰਕਾਰ ਦੇਵੇਗੀ ਵਿੱਤੀ ਸਹਾਇਤਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅੱਜ-ਕੱਲ੍ਹ ਦੇ ਬਿਜ਼ੀ ਲਾਈਫਸਟਾਈਲ 'ਚ ਜਿੱਥੇ ਪਤੀ-ਪਤਨੀ ਦੋਵੇਂ ਕੰਮ ਕਰ ਰਹੇ ਹਨ, ਉੱਥੇ ਹੀ ਉਹ ਆਪਣੇ ਬੱਚਿਆਂ ਨੂੰ ਡੇ-ਕੇਅਰ 'ਚ ਛੱਡ ਕੇ ਚਲੇ ਜਾਂਦੇ ਹਨ, ਤਾਂ ਜੋ ਉਨ੍ਹਾਂ ਨੂੰ ਬੱਚਿਆਂ ਦੀ ਫਿਕਰ ਨਾ ਕਰਨੀ ਪਵੇ ਪਰ ਇਹ ਕਦਮ ਮਾਪਿਆਂ ਤੇ ਬੱਚਿਆਂ ਵਿਚਾਲੇ ਇੱਕ ਕਮਿਊਨੀਕੇਸ਼ਨ ਗੈਪ ਬਣਾ ਦਿੰਦਾ ਹੈ, ਜਿਸ ਨਾਲ ਉਹ ਦੋਵੇਂ ਇੱਕ-ਦੂਜੇ ਨਾਲ ਕੁਨੈਕਟ ਨਹੀਂ ਹੋ ਪਾਉਂਦੇ ਤੇ ਬੱਚਿਆਂ ਨੂੰ ਵੀ ਮਾਪਿਆਂ ਤੋਂ ਬਿਨਾਂ ਰਹਿਣ ਦੀ ਆਦਤ ਹੋ ਜਾਂਦੀ ਹੈ।ਇਸੇ ਦੌਰਾਨ ਇਸ ਗੈਪ ਨੂੰ ਖ਼ਤਮ ਕਰਨ ਲਈ ਟਰੰਪ ਪ੍ਰਸ਼ਾਸਨ ਅਮਰੀਕਾ 'ਚ ਇੱਕ ਨਵੀਂ ਪਾਲਿਸੀ ਲਿਆਉਣ ਦੀ ਤਿਆਰੀ ਕਰ ਰਿਹਾ ਹੈ, ਜਿਸ ਤਹਿਤ ਘਰ 'ਚ ਰਹਿ ਕੇ ਆਪਣੇ ਬੱਚਿਆਂ ਨੂੰ ਸੰਭਾਲਣ ਵਾਲੇ ਮਾਪਿਆਂ ਨੂੰ ਸਰਕਾਰ ਵੱਲੋਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਵੱਲੋਂ ਪੇਸ਼ ਕੀਤੇ ਗਏ ਇਸ ਪ੍ਰਸਤਾਵ ਦਾ ਮੁੱਖ ਮਕਸਦ ਪਹਿਲਾਂ ਵਰਗੇ ਪਰਿਵਾਰਕ ਮਾਹੌਲ ਨੂੰ ਉਤਸ਼ਾਹਿਤ ਕਰਨਾ ਅਤੇ ਦੇਸ਼ 'ਚ ਜਨਮ ਦਰ ਨੂੰ ਵਧਾਉਣਾ ਹੈ।1990 ਦੇ ਦਹਾਕੇ ਦੇ 12 ਅਰਬ ਡਾਲਰ ਵਾਲੇ 'ਚਾਈਲਡ ਕੇਅਰ ਐਂਡ ਡਿਵੈਲਪਮੈਂਟ ਫੰਡ' ਤਹਿਤ ਹੁਣ ਤੱਕ ਸਿਰਫ਼ ਕੰਮਕਾਜੀ ਜਾਂ ਪੜ੍ਹਾਈ ਕਰਨ ਵਾਲੇ ਘੱਟ ਆਮਦਨ ਵਾਲੇ ਮਾਪਿਆਂ ਨੂੰ ਹੀ ਡੇਅ-ਕੇਅਰ ਲਈ **(ਬਾਕੀ ਸਫ਼ਾ 27 'ਤੇ)**

## ਟਰੰਪ ਦੇ ਹੁਕਮਾਂ 'ਤੇ ਅਮਰੀਕਾ 'ਚ ਵੋਟਰ ਸੂਚੀਆਂ ਦੀ ਜਾਂਚ ਸ਼ੁਰੂ

### ਅਮਰੀਕਾ 'ਚ 10 ਲੱਖ ਭਾਰਤੀ ਮੂਲ ਦੇ ਵੋਟਰਾਂ ਦੇ ਨਾਂਅ ਕੱਟਣ ਦਾ ਬਣਿਆ ਖ਼ਤਰਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਵੋਟਰ ਸੂਚੀ ਦੀ ਜਾਂਚ ਦੇ ਹੁਕਮ ਦਿੱਤੇ ਗਏ ਹਨ, ਇਸ ਨਾਲ 10 ਲੱਖ ਭਾਰਤੀ ਮੂਲ ਦੇ ਵੋਟਰਾਂ ਦੇ ਨਾਂਅ ਕੱਟਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਏਜੰਸੀ 'ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ' ਨੂੰ ਵੋਟਰ ਡਾਟਾਬੇਸ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਸੌਂਪੀ ਹੈ। ਇਸ ਲਈ ਲੱਗਭਗ 125 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। ਇਸ ਕੰਮ ਲਈ ਕੰਪਿਊਟਰ ਅਤੇ ਡਿਜੀਟਲ ਟੂਲਜ਼ ਰਾਹੀਂ ਰਾਸ਼ਟਰੀ ਪੱਧਰ 'ਤੇ ਇਕ ਡਾਟਾਬੇਸ ਤਿਆਰ ਕੀਤਾ ਜਾ ਰਹਾ ਹੈ। ਵੋਟਰਾਂ ਦੀ ਜਾਣਕਾਰੀ ਨੂੰ ਕੰਪਿਊਟਰ ਰਾਹੀਂ ਇਮੀਗ੍ਰੇਸ਼ਨ ਰਿਕਾਰਡ, ਸਿਟੀਜ਼ਨਸ਼ਿਪ ਰਿਕਾਰਡ ਅਤੇ ਹੋਰ ਸਰਕਾਰੀ ਡਾਟਾ ਨਾਲ ਮਿਲਾਇਆ ਜਾ ਰਿਹਾ ਹੈ।

ਜੇ ਕਿਸੇ ਵੋਟਰ ਦੇ ਨਾਂਅ ਦੇ ਸਪੈਲਿੰਗ, ਪਤੇ ਜਾਂ ਹੋਰ ਜਾਣਕਾਰੀ ਦਾ ਸਰਕਾਰੀ ਰਿਕਾਰਡ ਨਾਲ ਸਹੀ ਮਿਲਾਨ ਨਹੀਂ ਹੁੰਦਾ ਹੈ, ਤਾਂ ਉਨ੍ਹਾਂ ਦੀ ਮੁੜ ਤੋਂ ਡੂੰਘੀ ਜਾਂਚ ਕੀਤੀ ਜਾਵੇਗੀ। ਜੇ ਉਹ ਸਹੀ ਦਸਤਾਵੇਜ਼ ਪੇਸ਼ ਨਹੀਂ ਕਰ ਪਾਉਂਦੇ ਤਾਂ ਉਨ੍ਹਾਂ ਦਾ ਵੋਟਰ ਸੂਚੀ ਤੋਂ ਨਾਂ ਹਟਾ ਦਿੱਤਾ ਜਾਵੇਗਾ।

ਅਮਰੀਕਾ ਦੇ ਨਿਊਯਾਰਕ, ਨਿਊਜਰਸੀ, ਕੈਲੀਫੋਰਨੀਆ ਅਤੇ ਟੈਕਸਾਸ ਵਰਗੇ ਸੂਬਿਆਂ ਵਿੱਚ ਭਾਰਤੀ ਮੂਲ ਦੇ ਵੋਟਰਾਂ ਦੀ ਵੱਡੀ ਗਿਣਤੀ ਹੈ। ਉੱਥੇ ਕੁੱਲ 26 ਲੱਖ ਭਾਰਤੀ ਮੂਲ ਦੇ ਵੋਟਰ ਹਨ। ਟਰੰਪ ਪ੍ਰਸ਼ਾਸਨ ਇਸ ਮੁਹਿੰਮ ਰਾਹੀਂ 'ਸੇਵ ਅਮਰੀਕਾ ਐਕਟ' ਨੂੰ ਪਾਸ ਕਰਵਾਉਣ ਲਈ ਸਿਆਸੀ ਜ਼ਮੀਨ ਤਿਆਰ ਕਰ ਰਿਹਾ ਹੈ ਅਮਰੀਕਾ ਵਿਚ ਕੋਈ ਕੇਂਦਰੀ ਚੋਣ ਕਮਿਸ਼ਨ ਨਹੀਂ ਹੁੰਦਾ। ਹਰ ਸੂਬਾ ਆਪਣੇ ਨਿਯਮ ਖੁਦ ਤੈਅ ਕਰਦਾ ਹੈ। ਇਸ ਲਈ ਇਸ ਫੈਸਲੇ ਨੂੰ ਅਦਾਲਤਾਂ ਵਿਚ ਚੁਣੌਤੀ ਮਿਲਣਾ ਤੈਅ ਹੈ। ਟੈਕਸਾਸ ਵਿਚ ਪਹਿਲਾਂ ਵੀ 24 ਹਜ਼ਾਰ ਲੋਕਾਂ ਦੇ ਨਾਂਅ ਵੋਟਰ ਸੂਚੀ ਤੋਂ ਹਟਾਏ ਜਾਣ 'ਤੇ ਫੈਡਰਲ ਕੋਰਟ ਨੇ ਰੋਕ ਲਾ ਦਿੱਤੀ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0 (Via Non-Export Configuration)

**CALL HARRY FOR A QUOTE | (925) 537-2732**

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*

# ਪੰਜਾਬ ਵਿਧਾਨ ਸਭਾ ਚੋਣਾਂ 'ਚ ਹੋਣਗੇ ਗਹਿਗੱਚ ਮੁਕਾਬਲੇ

## ਅਜੇ ਕਿਸੇ ਵੀ ਪਾਰਟੀ ਦੇ ਹੱਕ ਵਿੱਚ ਨਹੀਂ ਚੱਲੀ ਸਿਆਸੀ ਹਵਾ

## ਸਿਆਸੀ ਮਾਹਿਰਾਂ ਵੱਲੋਂ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਦੇ ਦਾਅਵੇ

ਸਾਲ 2027 ਦੀ ਸ਼ੁਰੂਆਤ 'ਚ ਫਰਵਰੀ ਮਹੀਨੇ ਦੌਰਾਨ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਦੀ ਸੰਭਾਵਨਾ ਹੈ,ਪਰ ਇਨ੍ਹਾਂ ਚੋਣਾਂ ਲਈ ਪੰਜਾਬ 'ਚ ਹੁਣੇ ਤੋਂ ਹੀ 'ਸਿਆਸੀ ਜੰਗ' ਸ਼ੁਰੂ ਹੋ ਗਈ ਹੈ ਅਤੇ ਲੋਕਤੰਤਰ ਦਾ ਇਹ ਵੱਡਾ ਮੇਲਾ ਆਪਣੇ ਸ਼ੁਰੂਆਤੀ ਦੌਰ 'ਚ ਪਹੁੰਚ ਗਿਆ ਹੈ। ਅਕਾਲੀ ਦਲ ਬਾਦਲ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਹੋਰ ਸਿਆਸੀ ਪਾਰਟੀਆਂ ਨੇ ਤਾਂ ਅਗਾਮੀ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ ਭਾਵੇਂ ਕਿ ਇਹ ਚੋਣਾਂ ਕਰਵਾਉਣ ਲਈ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਅਜੇ ਕੋਈ ਐਲਾਨ ਨਹੀਂ ਕੀਤਾ ਗਿਆ ਤੇ ਨਾ ਹੀ ਪੰਜਾਬ 'ਚ ਅਜੇ ਚੋਣ ਜ਼ਾਬਤਾ ਲਾਗੂ ਹੋਇਆ ਹੈ। ਇਸ ਦੇ ਬਾਵਜੂਦ ਪੰਜਾਬ ਸਿਆਸੀ ਪਾਰਟੀਆਂ ਦਾ ਮੁੱਖ ਕੇਂਦਰ ਬਣ ਗਿਆ ਹੈ ਅਤੇ ਇਸ ਚੋਣ ਜੰਗ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀ ਕੁੱਦ ਪਈਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ 2027 ਦੇ ਨੇੜੇ ਆਉਂਦਿਆਂ ਹੀ ਸੂਬੇ ਦਾ ਸਿਆਸੀ ਪਾਰਾ ਅਚਾਨਕ ਚੜ੍ਹ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਬੇਅਦਬੀ ਕਾਂਡ ਅਤੇ ਕਿਸਾਨੀ ਮੁੱਦਿਆਂ ਦੁਆਲੇ ਘੁੰਮਦੀ ਰਹੀ ਪੰਜਾਬ ਦੀ ਰਾਜਨੀਤੀ ਹੁਣ ਮੁੜ 'ਪੰਥਕ ਧੁਰੇ' ਵੱਲ ਮੁੜਦੀ ਦਿਖਾਈ ਦੇ ਰਹੀ ਹੈ, ਜਿਸ ਕਾਰਨ ਪੰਜਾਬ ਦੀ ਸਿਆਸਤ 'ਚ ਨਵੇਂ ਸਮੀਕਰਨ ਬਣਨ ਲੱਗ ਪਏ ਹਨ।



ਪੰਜਾਬ 'ਚ ਚੋਣ ਸਰਗਰਮੀਆਂ ਤੇਜ਼ ਹੋਣ ਦੇ ਨਾਲ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਇੱਕ ਦੂਜੇ 'ਤੇ ਇਲਜ਼ਾਮ ਲਗਾਉਣ ਦਾ ਰੁਝਾਨ ਵੀ ਸ਼ੁਰੂ ਹੋ ਗਿਆ ਹੈ। ਲੰਘੇ ਦਿਨੀਂ ਹੋਏ ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਵੀ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਆਗੂ ਆਪਸ ਵਿੱਚ ਮਿਹਣੋ ਮਿਹਣੀ ਹੁੰਦੇ ਰਹੇ। ਇਸ ਸਮੇਂ ਵੀ ਹਰ ਦਿਨ ਕੋਈ ਨਾ ਕੋਈ ਸਿਆਸੀ ਆਗੂ ਆਪਣੇ ਵਿਰੋਧੀ ਸਿਆਸੀ ਆਗੂ 'ਤੇ ਕੋਈ ਨਾ ਕੋਈ ਇਲਜ਼ਾਮ ਲਗਾਉਂਦਾ ਨਜ਼ਰ ਆ ਰਿਹਾ ਹੈ। ਵੱਡੀ ਗਿਣਤੀ ਸਿਆਸੀ ਆਗੂ ਇੱਕ ਦੂਜੇ ਨੂੰ ਠਿੱਬੀ ਲਗਾਉਣ ਲਈ ਸਰਗਰਮ ਹੋ ਗਏ ਹਨ।

ਕਈ ਸਾਲਾਂ ਬਾਅਦ ਪੰਜਾਬ ਵਿੱਚ ਇਸ ਸਮੇਂ ਅਜਿਹੀ ਸਿਆਸੀ ਸਥਿਤੀ ਬਣੀ ਹੈ ਕਿ ਚੋਣਾਂ ਨੇੜੇ ਆਉਣ ਦੇ ਬਾਵਜੂਦ ਕਿਸੇ ਵੀ ਪਾਰਟੀ ਦੇ ਹੱਕ ਵਿੱਚ ਕੋਈ ਸਿਆਸੀ ਹਵਾ ਨਹੀਂ ਬਣੀ। ਜਿਸ ਕਾਰਨ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤਣ ਦੇ ਸਾਰੇ ਦਾਅਵੇ ਅਜੇ ਹਵਾ ਹਵਾਈ ਹੀ ਹਨ। ਜਦੋਂ ਅਗਲੀਆਂ ਵਿਧਾਨ ਸਭਾ ਚੋਣਾਂ ਬਾਰੇ ਪੰਜਾਬ ਦੇ ਵੱਖ- ਵੱਖ ਵਰਗਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ ਤਾਂ ਵੱਡੀ ਗਿਣਤੀ ਲੋਕ ਕਹਿੰਦੇ ਹਨ ਕਿ ਉਹ ਸਾਰੀਆਂ ਹੀ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਇਸ ਕਰਕੇ ਇਸ ਵਾਰੀ ਉਹ ਸਿਆਸੀ ਪਾਰਟੀਆਂ ਦੀ ਥਾਂ ਉਮੀਦਵਾਰਾਂ ਨੂੰ ਵੇਖ ਕੇ ਹੀ ਵੋਟਾਂ ਪਾਉਣਗੇ। ਜਿਹੜੇ ਉਮੀਦਵਾਰ ਦੀ ਕਾਰਗੁਜ਼ਾਰੀ ਚੰਗੀ ਹੋਵੇਗੀ, ਉਸ ਨੂੰ ਵਧੇਰੇ ਵੋਟਾਂ ਪੈਣਗੀਆਂ, ਉਹ ਉਮੀਦਵਾਰ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਿਤ ਹੋਵੇ।

ਪੰਜਾਬ ਦੇ ਵੱਡੀ ਗਿਣਤੀ ਲੋਕ ਕਹਿੰਦੇ ਹਨ ਕਿ ਸਾਰੇ ਹੀ ਸਿਆਸੀ ਆਗੂਆਂ ਨੂੰ ਵੋਟਾਂ ਵੇਲੇ ਪੰਜਾਬੀਆਂ ਦੇ ਮੁੱਖ ਮਸਲੇ ਚੇਤੇ ਆ ਜਾਂਦੇ ਹਨ ਅਤੇ ਚੋਣਾਂ ਤੋਂ ਬਾਅਦ ਇਹ ਮਸਲੇ ਭੁੱਲ ਜਾਂਦੇ ਹਨ। ਜਿਹੜੀ ਵੀ ਸਿਆਸੀ ਪਾਰਟੀ ਚੋਣਾਂ ਜਿੱਤ ਜਾਂਦੀ ਹੈ, ਉਹ ਅਗਲੇ ਪੰਜ ਸਾਲਾਂ ਲਈ ਪੰਜਾਬ ਦੇ ਮਸਲਿਆਂ ਨੂੰ ਲਮਕ ਬਸਤੇ ਵਿੱਚ ਪਾ ਦਿੰਦੀ ਹੈ, ਜਿਸ ਕਾਰਨ ਪੰਜਾਬੀ ਆਪਣੇ ਆਪ ਨੂੰ ਠੱਗੇ ਜਿਹੇ ਮਹਿਸੂਸ ਕਰਦੇ ਹਨ। ਪੰਜਾਬ ਦੇ ਅਨੇਕਾਂ ਲੋਕ ਇਹ ਵੀ ਕਹਿੰਦੇ ਹਨ ਕਿ ਅਨੇਕਾਂ ਸਿਆਸੀ ਆਗੂ ਅਜਿਹੇ ਹਨ ਜੋ ਕਿ ਸਿਰਫ਼ ਚੋਣਾਂ ਵੇਲੇ ਦਿਖਾਈ ਦਿੰਦੇ ਹਨ। ਉਸ ਤੋਂ ਬਾਅਦ ਇਹ ਸਿਆਸੀ ਆਗੂ ਗਧੇ ਦੇ ਸਿੰਗ ਵਾਂਗੂੰ ਗਾਇਬ ਹੋ ਜਾਂਦੇ ਹਨ। ਇਹਨਾਂ ਸਿਆਸੀ ਆਗੂਆਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਪੰਜਾਬੀ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ, ਜਿਸ ਕਾਰਨ ਉਹ ਕਿਸੇ ਵੀ ਸਿਆਸੀ ਪਾਰਟੀ ਜਾਂ ਸਿਆਸੀ ਆਗੂ ਨੂੰ ਹੁੰਗਾਰਾ ਨਹੀਂ ਭਰ ਰਹੇ।

ਵੱਡੀ ਗਿਣਤੀ ਪੰਜਾਬੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਅਕਾਲੀ ਦਲ ਬਾਦਲ ਅਤੇ ਕਾਂਗਰਸ ਦੀ ਕਾਰਗੁਜ਼ਾਰੀ ਪਹਿਲਾਂ ਹੀ ਵੇਖੀ ਹੋਈ ਹੈ। ਹੁਣ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਵੀ ਵੇਖ ਚੁੱਕੇ ਹਨ। ਪੰਜਾਬੀਆਂ ਦਾ ਕਹਿਣਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦਾ ਮਕਸਦ ਸਿਰਫ਼ ਵੋਟਾਂ ਬਟੋਰਨਾ ਹੁੰਦਾ ਹੈ ਅਤੇ ਇਹ ਸਿਆਸੀ ਪਾਰਟੀਆਂ ਪੰਜਾਬ ਦੇ ਮਸਲੇ ਹਲ਼ ਕਰਨ ਲਈ ਸੁਹਿਰਦ ਨਹੀਂ ਬਲਕਿ ਇਹਨਾਂ ਮਸਲਿਆਂ ਨੂੰ ਲਮਕਾਅ ਕੇ ਵਾਰ ਵਾਰ ਵੋਟਾਂ ਲੈਣ ਦਾ ਯਤਨ ਕਰਦੀਆਂ ਹਨ। ਪੰਜਾਬੀ ਹੁਣ ਸਿਆਸੀ ਪਾਰਟੀਆਂ ਦੇ ਲਾਰਿਆਂ ਨੂੰ ਸਮਝ ਗਏ ਹਨ, ਜਿਸ ਕਾਰਨ ਉਹ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ ਤੁਰੇ।ਪੰਜਾਬੀਆਂ ਦਾ ਸਿਆਸੀ ਰੁਝਾਨ ਵੇਖਣ ਤੋਂ ਬਾਅਦ ਪਤਾ ਚਲ ਜਾਂਦਾ ਹੈ ਕਿ ਇਸ ਵਾਰ ਸ਼ਾਇਦ ਹੀ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਕੋਈ ਸਿਆਸੀ ਹਵਾ ਬਣੇ। ਪੰਜਾਬੀਆਂ ਵੱਲੋਂ ਇਸ ਵਾਰ ਸਿਆਸੀ ਪਾਰਟੀਆਂ ਦੀ ਥਾਂ ਉਮੀਦਵਾਰਾਂ ਦੀ ਕਾਰਗੁਜ਼ਾਰੀ ਨੂੰ ਵੇਖ ਕੇ ਵੋਟਾਂ ਪਾਉਣ ਦੀ ਵਧੇਰੇ ਸੰਭਾਵਨਾ ਨਜ਼ਰ ਆ ਰਹੀ ਹੈ। ਪੰਜਾਬੀਆਂ ਦੇ ਇਸ ਰੁਝਾਨ ਤੋਂ ਪਤਾ ਚਲ ਜਾਂਦਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਗਹਿਗੱਚ ਮੁਕਾਬਲੇ ਹੋਣਗੇ।

# ਪੰਜਾਬ ਦੀ ਰਾਜਨੀਤੀ 'ਚ ਪੰਥਕ ਸਿਆਸਤ ਦਾ ਉਭਾਰ

ਪੰਜਾਬ ਦੀ ਰਾਜਨੀਤੀ ਦੀ ਗੱਲ ਪੰਥਕ ਸਿਆਸਤ ਤੋਂ ਬਿਨਾਂ ਅਧੂਰੀ ਮੰਨੀ ਜਾਂਦੀ ਹੈ, ਕਿਉਂਕਿ ਪੰਥਕ ਜਥੇਬੰਦੀਆਂ ਪੰਜਾਬ ਦੀ ਸਿਆਸਤ 'ਤੇ ਵੱਡਾ ਪ੍ਰਭਾਵ ਪਾਉਂਦੀਆਂ ਹਨ। ਪਿਛਲੀਆਂ ਚੋਣਾਂ ਦੌਰਾਨ ਪੰਜਾਬ ਦੀ ਰਾਜਨੀਤੀ 'ਤੇ ਪੰਥਕ ਸਿਆਸਤ ਦਾ ਪਰਛਾਵਾਂ ਸਪਸ਼ਟ ਨਜ਼ਰ ਆਉਂਦਾ ਰਿਹਾ ਹੈ। ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲ਼ਾਂ ਇਸ ਸਮੇਂ ਪੰਜਾਬ ਦੀ ਪੰਥਕ ਸਿਆਸਤ ਵਿੱਚ ਵੀ ਗਰਮਾਹਟ ਆ ਗਈ ਹੈ ਅਤੇ ਇਹ ਪੰਥਕ ਸਿਆਸਤ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਲੱਗ ਪਈ ਹੈ। ਜਿਸ ਕਾਰਨ ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਸਮੀਕਰਨ ਬਣਨੇ ਸ਼ੁਰੂ ਹੋ ਗਏ ਹਨ। ਦਰਅਸਲ, ਪੰਜਾਬ ਵਿੱਚ ਪੰਥਕ ਵੋਟ ਬੈਂਕ ਹਮੇਸ਼ਾ ਹੀ ਚੋਣ ਨਤੀਜਿਆਂ ਦਾ ਰੁਖ਼ ਮੋੜਨ ਦੀ ਸਮਰੱਥਾ ਰੱਖਦਾ ਆਇਆ ਹੈ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਦੀ ਇਤਿਹਾਸਕ ਜਿੱਤ ਨੇ ਰਵਾਇਤੀ ਪਾਰਟੀਆਂ ਦੇ ਸਾਰੇ ਸਿਆਸੀ ਹਿਸਾਬ-ਕਿਤਾਬ ਉਲਟਾ ਕੇ ਰੱਖ ਦਿੱਤੇ ਸਨ। ਉਨ੍ਹਾਂ ਚੋਣਾਂ ਨੇ ਸਾਫ਼ ਜ਼ਾਹਿਰ ਕਰ ਦਿੱਤਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਪੈਣ ਕਾਰਨ ਪੰਥਕ ਵੋਟਰਾਂ ਅੰਦਰ ਜੋ ਵੱਡਾ ਖਲਾਅ ਪੈਦਾ ਹੋਇਆ ਹੈ, ਉਸ ਨੂੰ ਜਜ਼ਬਾਤੀ ਅਤੇ ਪੰਥਕ ਨਾਅਰੇ ਬੜੀ ਆਸਾਨੀ ਨਾਲ ਭਰ ਸਕਦੇ ਹਨ। ਹੁਣ ਜਦੋਂ 2027 ਦੀਆਂ ਚੋਣਾਂ ਸਿਰ 'ਤੇ ਹਨ, ਤਾਂ ਕੋਈ ਵੀ ਧਿਰ ਇਸ ਵੋਟ ਬੈਂਕ ਨੂੰ ਅੱਖੋਂ-ਪਰੋਖੇ ਕਰਨ ਦਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਪਿਛਲੇ ਦਿਨੀਂ ਪੰਜਾਬ ਦੀ ਮੁੱਖ ਪੰਥਕ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਸਿਆਸੀ ਪਾਰਟੀ ਦੀ ਤਰ੍ਹਾਂ ਦਮਦਮੀ ਟਕਸਾਲ 'ਸੇਵਕ ਜਥੇ' ਦਾ ਗਠਨ ਕੀਤਾ ਗਿਆ ਹੈ। ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਇਸ ਸੇਵਕ ਜਥੇ ਰਾਹੀਂ ਦਮਦਮੀ ਟਕਸਾਲ ਸਿੱਧੇ ਤੌਰ ਤੇ ਪੰਜਾਬ ਦੀ ਸਿਆਸਤ ਵਿੱਚ ਹਿੱਸਾ ਲਵੇਗੀ। ਦਮਦਮੀ ਟਕਸਾਲ ਵੱਲੋਂ ਕਾਇਮ ਕੀਤੇ ਗਏ ਸੇਵਕ ਜਥੇ ਦਾ ਢਾਂਚਾ ਬਿਲਕੁਲ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਵਰਗਾ ਹੈ, ਜਿਸ ਤੋਂ ਸਾਰੀ ਤਸਵੀਰ ਸਪਸ਼ਟ ਹੋ ਜਾਂਦੀ ਹੈ।









ਅਤੀਤ ਵਿੱਚ ਦਮਦਮੀ ਟਕਸਾਲ ਦਾ ਪੰਥਕ ਸਿਆਸਤ ਵਿੱਚ ਵੱਡਾ ਅਸਰ ਰਿਹਾ ਹੈ ਅਤੇ ਇਹ ਜਥੇਬੰਦੀ ਹਮੇਸ਼ਾ ਪੰਜਾਬ ਦੀ ਪੰਥਕ ਸਿਆਸਤ ਨੂੰ ਪ੍ਰਭਾਵਿਤ ਕਰਦੀ ਰਹੀ ਹੈ। ਹੁਣ ਇਸ ਜਥੇਬੰਦੀ ਵੱਲੋਂ ਸੇਵਕ ਜਥੇ ਦੇ ਗਠਨ ਨਾਲ ਇਸ ਪਾਰਟੀ ਦੀਆਂ ਸਿਆਸੀ ਸਰਗਰਮੀਆਂ ਸ਼ੁਰੂ ਕਰਨ ਦੀ ਆਹਟ ਮਿਲਦੀ ਹੈ। ਭਾਵੇਂ ਕਿ ਦਮਦਮੀ ਟਕਸਾਲ ਦੇ ਬੁਲਾਰੇ ਹਰਸ਼ਦੀਪ ਸਿੰਘ ਰੰਧਾਵਾ ਨੇ ਸਪਸ਼ਟ ਕੀਤਾ ਹੈ ਕਿ ਸੇਵਕ ਜਥਾ ਕੋਈ ਸਿਆਸੀ ਪਾਰਟੀ ਨਹੀਂ ਹੈ ਨਾ ਹੀ ਚੋਣਾਂ ਲੜਨ ਦਾ ਕੋਈ ਇਰਾਦਾ ਹੈ। ਇਸ ਦਾ ਮੁੱਖ ਮਕਸਦ ਸ਼ਰਧਾਲੂਆਂ ਨੂੰ ਸਿਆਸੀ ਤੌਰ ਤੇ ਜਾਗਰੂਕ ਕਰਨਾ, ਧਰਮ ਪ੍ਰਚਾਰ, ਨਸ਼ਾ ਛੁਡਾਊ ਮੁਹਿੰਮ ਅਤੇ ਪੰਜਾਬ ਦੇ ਮੁੱਦਿਆਂ ਤੇ ਲਗਾਤਾਰ ਕੰਮ ਕਰਨਾ ਹੈ। ਇਸ ਦੇ ਬਾਵਜੂਦ ਕਿਹਾ ਜਾ ਰਿਹਾ ਹੈ ਕਿ ਦਮਦਮੀ ਟਕਸਾਲ ਸਰਗਰਮ ਸਿਆਸਤ ਵਿੱਚ ਹਿੱਸਾ ਲੈ ਸਕਦੀ ਹੈ।

ਦਮਦਮੀ ਟਕਸਾਲ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕਰਦੀ ਰਹੀ ਹੈ ਪਰ ਜਥੇਦਾਰਾਂ ਦੀ ਨਿਯੁਕਤੀ ਨੂੰ ਲੈ ਕੇ ਅਕਾਲੀ ਦਲ ਨਾਲ ਦਮਦਮੀ ਟਕਸਾਲ ਦੀ ਸੁਰ ਨਹੀਂ ਮਿਲੀ ਅਤੇ ਇਹ ਪਾਰਟੀ ਅਕਾਲੀ ਦਲ ਤੋਂ ਦੂਰ ਹੋ ਗਈ। ਹੁਣ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਭਾਜਪਾ ਦੇ ਨੇੜੇ ਸਮਝਿਆ ਜਾ ਰਿਹਾ ਹੈ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਮੁੰਬਈ ਵਿੱਚ ਦਮਦਮੀ ਟਕਸਾਲ ਖੁੱਲੇਆਮ ਭਾਜਪਾ ਦਾ ਸਮਰਥਨ ਕਰ ਚੁੱਕੀ ਹੈ ਅਤੇ ਕੁਝ ਸਮਾਂ ਪਹਿਲ਼ਾਂ ਦਮਦਮੀ ਟਕਸਾਲ ਦੇ ਸਮਾਗਮ ਵਿੱਚ ਭਾਜਪਾ ਦੇ ਕਈ ਆਗੂ ਸ਼ਾਮਲ ਵੀ ਹੋ ਚੁੱਕੇ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਦੋਵੇਂ ਜਥੇਬੰਦੀਆਂ ਵਿਚਾਲੇ ਨੇੜਤਾ ਚੱਲ ਰਹੀ ਹੈ।

ਦਮਦਮੀ ਟਕਸਾਲ ਦਾ ਲੰਬਾ ਇਤਿਹਾਸ ਹੈ ਅਤੇ ਸਿੱਖਾਂ ਵਿੱਚ ਇਸ ਜਥੇਬੰਦੀ ਬਾਰੇ ਕਾਫ਼ੀ ਸਤਿਕਾਰ ਪਾਇਆ ਜਾਂਦਾ ਹੈ। ਇਸ ਜਥੇਬੰਦੀ ਨਾਲ ਸੰਤ ਭਿੰਡਰਾਂਵਾਲਿਆਂ ਦਾ ਸਬੰਧ ਵੀ ਰਿਹਾ ਹੈ। ਆਉਣ ਵਾਲੇ ਦਿਨਾਂ ਦੌਰਾਨ ਦਮਦਮੀ ਟਕਸਾਲ ਦੀਆਂ ਸਰਗਰਮੀਆਂ ਤੋਂ ਪਤਾ ਚਲ ਜਾਵੇਗਾ ਕਿ ਇਹ ਜਥੇਬੰਦੀ ਪੰਜਾਬ ਦੀ ਪੰਥਕ ਸਿਆਸਤ ਵਿੱਚ ਕਿੰਨੀ ਕੁ ਸਰਗਰਮ ਹੁੰਦੀ ਹੈ।

ਸ਼੍ਰੋਮਣੀ ਅਕਾਲੀ ਦਲ ਵੀ ਲੰਬਾ ਸਮਾਂ ਪੰਜਾਬ ਦੀ ਮੁੱਖ ਪੰਥਕ ਪਾਰਟੀ ਰਿਹਾ ਹੈ ਪਰ 1996 'ਚ ਮੋਗਾ ਰੈਲੀ ਦੌਰਾਨ ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਾਲੀ ਦਲ ਨੂੰ ਪੰਥਕ ਪਾਰਟੀ ਦੀ ਥਾਂ ਪੂਰੇ ਪੰਜਾਬੀਆਂ ਦੀ ਪਾਰਟੀ ਐਲਾਨ ਦਿੱਤਾ ਗਿਆ। ਉਸ ਤੋਂ ਬਾਅਦ ਅਕਾਲੀ ਦਲ ਬਾਦਲ ਵਿੱਚ ਹਿੰਦੂ ਅਤੇ ਗ਼ੈਰ ਸਿੱਖ ਆਗੂਆਂ ਨੂੰ ਵੱਡੇ ਅਹੁਦੇ ਦਿੱਤੇ ਗਏ, ਜਿਸ ਕਾਰਨ ਇਸ ਪਾਰਟੀ ਦਾ ਸਰੂਪ ਬਦਲ ਗਿਆ ਅਤੇ ਇਹ ਪਾਰਟੀ ਪੰਥਕ ਵਿਚਾਰਧਾਰਾ ਤੋਂ ਦੂਰ ਹੋ ਗਈ ਪਰ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ। ਹੁਣ ਅਕਾਲੀ ਦਲ ਬਾਦਲ ਪਿਛਲੇ ਦਸ ਸਾਲਾਂ ਤੋਂ ਪੰਜਾਬ ਦੀ ਸੱਤਾ ਤੋਂ ਦੂਰ ਹੈ, ਜਿਸ ਕਰਕੇ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇੱਕ ਵਾਰ ਫੇਰ ਅਕਾਲੀ ਦਲ ਨੂੰ ਪੰਥਕ ਪਾਰਟੀ ਬਣਾਉਣ ਦੇ ਯਤਨ ਸ਼ੁਰੂ ਕੀਤੇ ਹਨ। ਪੰਜਾਬ ਵਿੱਚ ਇਸ ਸਮੇਂ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀਆਂ ਵੀ ਸਰਗਰਮ ਹਨ, ਜੋ ਕਿ ਆਪਣੇ ਆਪ ਨੂੰ ਪੰਥਕ ਪਾਰਟੀਆਂ ਹੋਣ ਦਾ ਦਾਅਵਾ ਕਰਦੀਆਂ ਹਨ। ਇਹਨਾਂ ਦੋਵਾਂ ਪਾਰਟੀਆਂ ਦੀ ਸਰਗਰਮੀਆਂ ਅਕਾਲੀ ਦਲ ਬਾਦਲ ਦੀ ਸਫਲਤਾ ਦਾ ਰਾਹ ਰੋਕ ਸਕਦੀਆਂ ਹਨ। ਹੁਣ ਇਹਨਾਂ ਦੋਵਾਂ ਪਾਰਟੀਆਂ ਦੇ ਕਈ ਆਗੂ ਦੋਵਾਂ ਪਾਰਟੀਆਂ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲ਼ਾਂ ਸਿਆਸੀ ਗੱਠਜੋੜ ਬਣਾਉਣ ਦੇ ਯਤਨ ਕਰ ਰਹੇ ਹਨ ਤਾਂ ਕਿ ਚੋਣਾਂ ਵਿੱਚ ਇਹ ਪਾਰਟੀਆਂ ਰਲ ਮਿਲ ਕੇ ਚੰਗੀ ਕਾਰਗੁਜ਼ਾਰੀ ਦਿਖਾ ਸਕਣ।

ਪੰਥਕ ਸਿਆਸਤ ਇਸ ਸਮੇਂ ਏਨੀ ਕੁ ਮਜ਼ਬੂਤ ਹੋ ਗਈ ਹੈ ਕਿ ਇਹ ਪੰਜਾਬ ਦੀ ਸਿਆਸਤ 'ਤੇ ਵੱਡਾ ਪ੍ਰਭਾਵ ਪਾਉਣ ਦੇ ਸਮਰੱਥ ਹੋ ਗਈ ਹੈ। ਪੰਥਕ ਸਿਆਸਤ 'ਚ ਆਇਆ ਉਭਾਰ ਪੰਜਾਬ ਦੀ ਸਿਆਸਤ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ।

# ਕਾਂਸ਼ੀ ਰਾਮ ਦੇ ਮਿਸ਼ਨ ਤੋਂ ਬਾਅਦ ਮਾਇਆਵਤੀ ਦੀ ਅਗਵਾਈ ’ਚ ਬਸਪਾ ਕਿਉਂ ਰਾਜਨੀਤਕ ਹਾਸ਼ੀਏ ਤੱਕ ਪੁੱਜੀ ? ਰਾਸ਼ਟਰੀ ਦਰਜੇ ’ਤੇ ਮੰਡਰਾਇਆ ਖ਼ਤਰਾ

## ਚੰਦਰਸ਼ੇਖ਼ਰ ਦਾ ਉਭਾਰ ਤੇ ਬਸਪਾ ਦੀ ਖ਼ਾਮੋਸ਼ੀ: ਕੀ ਮਾਇਆਵਤੀ ਦਾ ਰਵਾਇਤੀ ਜਾਟਵ-ਦਲਿਤ ਵੋਟ ਬੈਂਕ ਖਿਸਕ ਚੁੱਕਾ ਹੈ ?

## ਅਕਾਲੀ ਦਲ ਨਾਲੋਂ ਵੱਖ ਹੋ ਕੇ ਬਸਪਾ ਨੂੰ ਲਾਹਾ ਮਿਲੇਗਾ ਜਾਂ ਹੋਵੇਗਾ ਵੱਡਾ ਨੁਕਸਾਨ ?



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
99142-58142

ਭਾਰਤੀ ਰਾਜਨੀਤੀ ਦੇ ਇਤਿਹਾਸ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਉਭਾਰ ਮਹਿਜ਼ ਇੱਕ ਚੋਣਵੀਂ ਪਾਰਟੀ ਦਾ ਗਠਨ ਨਹੀਂ ਸੀ, ਸਗੋਂ ਸਦੀਆਂ ਤੋਂ ਸਮਾਜਿਕ ਅਤੇ ਸਿਆਸੀ ਹਾਸ਼ੀਏ ’ਤੇ ਧੱਕੇ ਗਏ ਵਰਗਾਂ ਦਾ ਆਤਮ-ਸਨਮਾਨ ਤੇ ਸੱਤਾ ਦੀ ਹਿੱਸੇਦਾਰੀ ਦਾ ਇੱਕ ਇਨਕਲਾਬੀ ਅੰਦੋਲਨ ਸੀ। ਉੱਤਰ ਪ੍ਰਦੇਸ਼ ਵਰਗੇ ਭਾਰਤ ਦੇ ਸਭ ਤੋਂ ਵੱਡੇ ਸੂਬੇ ਵਿੱਚ ਚਾਰ ਵਾਰ ਸਰਕਾਰ ਬਣਾਉਣ ਵਾਲੀ ਅਤੇ ਕਦੇ ਦੇਸ਼ ਦੀ ਤੀਜੀ ਵੱਡੀ ਰਾਸ਼ਟਰੀ ਧਿਰ ਵਜੋਂ ਗੂੰਜਣ ਵਾਲੀ ਬਸਪਾ ਅੱਜ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਲੋਕ ਸਭਾ ਵਿੱਚ ਪਾਰਟੀ ਦੀ ਨੁਮਾਇੰਦਗੀ ਸਿਫ਼ਰ ਹੋ ਚੁੱਕੀ ਹੈ, ਉੱਤਰ ਪ੍ਰਦੇਸ਼ ਵਿਧਾਨ ਸਭਾ ਵਿੱਚ ਇਕਲੌਤੇ ਵਿਧਾਇਕ ਦੇ ਦੇਹਾਂਤ ਮਗਰੋਂ ਸਦਨ ਵਿੱਚ ਪਾਰਟੀ ਦਾ ਖਾਤਾ ਬੰਦ ਹੈ ਅਤੇ ਰਾਜ ਸਭਾ ਵਿੱਚ ਮੌਜੂਦ ਇਕਲੌਤੇ ਸੰਸਦ ਮੈਂਬਰ ਦੀ ਮਿਆਦ ਵੀ ਖ਼ਤਮ ਹੋਣ ਦੇ ਕੰਢੇ ਹੈ। ਪੂਰੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚੋਂ ਪਾਰਟੀ ਦੇ ਵਿਧਾਇਕ ਲਗਭਗ ਅਲੋਪ ਹੋ ਚੁੱਕੇ ਹਨ ਅਤੇ ਹੁਣ ਚੋਣ ਕਮਿਸ਼ਨ ਦੇ ਤੈਅ ਨਿਯਮਾਂ ਅਨੁਸਾਰ ਪਾਰਟੀ ਦੇ ਸਿਰ ’ਤੇ ਰਾਸ਼ਟਰੀ ਦਰਜਾ ਗੁਆਉਣ ਦੀ ਤਲਵਾਰ ਲਟਕ ਰਹੀ ਹੈ।

ਦੇਸ਼ ਵਿੱਚ ਸਭ ਤੋਂ ਵੱਧ ਕਰੀਬ 32 ਫ਼ੀਸਦੀ ਦਲਿਤ ਆਬਾਦੀ ਵਾਲੇ ਸੂਬੇ ਪੰਜਾਬ ਵਿੱਚ, ਜਿੱਥੇ ਬਸਪਾ ਦਾ ਜਨਮ ਮਿਸ਼ਨ ਬਾਬੂ ਕਾਂਸ਼ੀ ਰਾਮ ਦੇ ਰੂਪ ਵਿੱਚ ਹੋਇਆ ਸੀ, ਪਰ ਹੁਣ ਮਾਇਆਵਤੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲੋਂ ਗਠਜੋੜ ਤੋੜ ਕੇ ਇਕੱਲਿਆਂ ਚੋਣ ਪਿੜ ਵਿੱਚ ਉਤਰਨ ਦਾ ਫ਼ੈਸਲਾ ਲਿਆ ਗਿਆ ਹੈ। ਇਹ ਮਹਿਜ਼ ਇੱਕ ਸੀਟਾਂ ਦੀ ਵੰਡ ਦਾ ਮਸਲਾ ਨਹੀਂ, ਸਗੋਂ ਇਹ ਮਾਇਆਵਤੀ ਦੇ ਵਿਚਾਰਧਾਰਕ ਭਟਕਾਅ ਦਾ ਪ੍ਰਗਟਾਵਾ ਹੈ ਜਿਸ ਨੇ ਦਲਿਤ ਚੇਤਨਾ ਦੀ ਧੁਰੀ ਰਹੀ ਧਿਰ ਬਾਦਲ ਅਕਾਲੀ ਦਲ ਨਾਲ ਗਠਜੋੜ ਤੋੜ ਲਿਆ ਹੈ।ਇਸੇ ਗਠਜੋੜ ਕਾਰਣ ਬਸਪਾ ਨੂੰ ਰਾਜਨੀਤਿਕ ਤਾਕਤ ਮਿਲਦੀ ਰਹੀ।

### ਕਾਂਸ਼ੀ ਰਾਮ ਦੀ ਕਾਡਰ-ਅਧਾਰਿਤ ਵਿਚਾਰਧਾਰਾ ਬਨਾਮ ਮਾਇਆਵਤੀ ਦਾ ਕੇਂਦਰੀਕਰਨ

ਕਾਂਸ਼ੀ ਰਾਮ ਨੇ ਬਸਪਾ ਨੂੰ ਸਿੱਧਾ ਕਿਸੇ ਚੋਣਵੀਂ ਪਾਰਟੀ ਵਜੋਂ ਨਹੀਂ ਸੀ ਉਤਾਰਿਆ। ਉਨ੍ਹਾਂ ਨੇ 1970 ਅਤੇ 1980 ਦੇ ਦਹਾਕੇ ਦੌਰਾਨ ਪਹਿਲਾਂ ਬਾਮਸੇਫ ਰਾਹੀਂ ਪੜ੍ਹੇ-ਲਿਖੇ ਦਲਿਤ ਮੁਲਾਜ਼ਮਾਂ ਨੂੰ ਸਮਾਜਿਕ ਰਿਣ ਚੁਕਾਉਣ ਦਾ ਸਿਧਾਂਤ ਦਿੱਤਾ ਅਤੇ ਫਿਰ ਡੀ.ਐੱਸ.-4 ਰਾਹੀਂ ਨੌਜਵਾਨਾਂ ਤੇ ਔਰਤਾਂ ਨੂੰ ਸੜਕਾਂ ਦੇ ਸੰਘਰਸ਼ ਲਈ ਤਿਆਰ ਕੀਤਾ। ਕਾਂਸ਼ੀ ਰਾਮ ਦਾ ਮੰਨਣਾ ਸੀ ਕਿ ਜਦੋਂ ਤੱਕ ਸਮਾਜਿਕ ਚੇਤਨਾ ਮਜ਼ਬੂਤ ਨਹੀਂ ਹੁੰਦੀ, ਉਦੋਂ ਤੱਕ ਸਿਆਸੀ ਸੱਤਾ ਟਿਕਾਊ ਨਹੀਂ ਹੋ ਸਕਦੀ। ਉਹ ਪਿੰਡ-ਪਿੰਡ ਸਾਈਕਲ ਮਾਰਚ ਕਰਦੇ, ਕੈਂਪ ਲਗਾਉਂਦੇ ਅਤੇ ਅਜਿਹੇ ਸਥਾਨਕ ਕਾਡਰ ਤਿਆਰ ਕਰਦੇ ਸਨ ਜਿਨ੍ਹਾਂ ਦੀ ਨਿਸ਼ਠਾ ਸਮਾਜਿਕ ਇਨਕਲਾਬ ਨਾਲ ਜੁੜੀ ਹੁੰਦੀ ਸੀ। ਕਾਂਸ਼ੀ ਰਾਮ ਵੋਟ ਨੂੰ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਵਜੋਂ ਵਰਤਣ ਦੀ ਗੱਲ ਕਰਦੇ ਸਨ।

ਇਸ ਦੇ ਉਲਟ, ਮਾਇਆਵਤੀ ਦੇ ਹੱਥ ਵਾਗਡੋਰ ਆਉਣ ਤੋਂ ਬਾਅਦ ਪਾਰਟੀ ਦੀ ਸਮੁੱਚੀ ਕਾਰਜਸ਼ੈਲੀ ਵਿੱਚ ਵੱਡਾ ਉਲਟਫੇਰ ਆਇਆ। ਪਾਰਟੀ ਦਾ ਕਾਡਰ-ਅਧਾਰਿਤ ਜਮਹੂਰੀ ਢਾਂਚਾ ਹੌਲੀ-ਹੌਲੀ ਤਾਨਾਸ਼ਾਹੀ ਕਿਸਮ ਦੇ ਕੇਂਦਰੀਕਰਨ ਵਿੱਚ ਬਦਲ ਗਿਆ। ਲਖਨਊ ਦੇ ਬੰਦ ਕਮਰਿਆਂ ਅਤੇ ਦਫ਼ਤਰਾਂ ਵਿੱਚੋਂ ਫ਼ਰਮਾਨ ਜਾਰੀ ਹੋਣ ਲੱਗੇ। ਜ਼ਮੀਨੀ ਪੱਧਰ ’ਤੇ ਕੰਮ ਕਰਨ ਵਾਲੇ ਵਰਕਰਾਂ ਨਾਲ ਸੰਵਾਦ ਖ਼ਤਮ ਹੋ ਗਿਆ ਅਤੇ ਰੈਲੀਆਂ ਸਿਰਫ਼ ਪ੍ਰਦਰਸ਼ਨਕਾਰੀ ਸ਼ਕਤੀ ਤੱਕ ਸੀਮਤ ਹੋ ਗਈਆਂ। ਵਿਚਾਰਧਾਰਕ ਕੈਂਪਾਂ ਦੀ ਥਾਂ ਟਿਕਟਾਂ ਦੀ ਵੰਡ ਵਿੱਚ ਵਿੱਤੀ ਸਰੋਤਾਂ ਅਤੇ ਬਾਹਰੀ ਪ੍ਰਭਾਵਾਂ ਨੂੰ ਤਰਜੀਹ ਮਿਲਣ ਦੇ ਦੋਸ਼ ਲੱਗਣ ਲੱਗੇ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਪ੍ਰਬੰਧਕੀ ਵਿਗਾੜ ਨੇ ਪਾਰਟੀ ਦੇ ਪੁਰਾਣੇ, ਵਫ਼ਾਦਾਰ ਅਤੇ ਜ਼ਮੀਨ ਨਾਲ ਜੁੜੇ ਵਰਕਰਾਂ ਨੂੰ ਨਿਰਾਸ਼ ਕਰ ਦਿੱਤਾ, ਜਿਸ ਕਾਰਨ ਕਾਡਰ ਜਾਂ ਤਾਂ ਘਰਾਂ ਵਿੱਚ ਬੈਠ ਗਿਆ ਜਾਂ ਹੋਰਨਾਂ ਧਿਰਾਂ ਵੱਲ ਚਲਾ ਗਿਆ।

### ਅੰਦਰੂਨੀ ਲੋਕਤੰਤਰ ਦਾ ਖ਼ਾਤਮਾ ਅਤੇ ਪਰਿਵਾਰਵਾਦ ਦੇ ਘੇਰੇ ਵਿੱਚ ਘਿਰੀ ਲੀਡਰਸ਼ਿਪ

ਬਾਬੂ ਕਾਂਸ਼ੀ ਰਾਮ ਨੇ ਆਪਣੇ ਸਮੁੱਚੇ ਜੀਵਨ ਦੌਰਾਨ ਪਰਿਵਾਰਵਾਦ ਨੂੰ ਸਿਆਸਤ ਤੋਂ ਕੋਹਾਂ ਦੂਰ ਰੱਖਿਆ। ਉਨ੍ਹਾਂ ਨੇ ਆਪਣੇ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਪਾਰਟੀ ਦੇ ਵੱਡੇ ਅਹੁਦਿਆਂ ’ਤੇ ਨਹੀਂ ਬਿਠਾਇਆ, ਜਿਸ ਨਾਲ ਆਮ ਵਰਕਰ ਨੂੰ ਇਹ ਅਹਿਸਾਸ ਰਹਿੰਦਾ ਸੀ ਕਿ ਉਹ ਆਪਣੀ ਮਿਹਨਤ ਨਾਲ ਲੀਡਰਸ਼ਿਪ ਤੱਕ ਪਹੁੰਚ ਸਕਦਾ ਹੈ। ਪਰ ਪਿਛਲੇ ਡੇਢ ਦਹਾਕੇ ਦੌਰਾਨ ਬਸਪਾ ਵਿੱਚ ਦੂਜੀ ਕਤਾਰ ਦੀ ਲੀਡਰਸ਼ਿਪ ਨੂੰ ਯੋਜਨਾਬੱਧ ਤਰੀਕੇ ਨਾਲ ਖ਼ਤਮ ਕੀਤਾ ਗਿਆ। ਸਵਾਮੀ ਪ੍ਰਸਾਦ ਮੌਰਿਆ, ਨਸੀਮੁਦੀਨ ਸਿੱਦੀਕੀ, ਬਾਬੂ ਸਿੰਘ ਕੁਸ਼ਵਾਹਾ, ਬ੍ਰਿਜੇਸ਼ ਪਾਠਕ ਅਤੇ ਲਾਲਜੀ ਵਰਮਾ ਵਰਗੇ ਦਰਜਨਾਂ ਉਹ ਆਗੂ, ਜਿਨ੍ਹਾਂ ਨੇ ਪਾਰਟੀ ਨੂੰ ਖੜ੍ਹਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ, ਇੱਕ-ਇੱਕ ਕਰਕੇ ਬਾਹਰ ਕੱਢ ਦਿੱਤੇ ਗਏ। ਕੋਈ ਵੀ ਅਜਿਹਾ ਆਗੂ ਜੋ ਜਨਤਕ ਅਧਾਰ ਬਣਾਉਣ ਦੇ ਸਮਰੱਥ ਸੀ, ਉਸ ਨੂੰ ਲੀਡਰਸ਼ਿਪ ਲਈ ਖ਼ਤਰਾ ਮੰਨ ਲਿਆ ਗਿਆ।

ਦੂਜੇ ਪਾਸੇ, ਆਪਣੇ ਭਤੀਜੇ ਅਕਾਸ਼ ਆਨੰਦ ਨੂੰ ਪਾਰਟੀ ਦਾ ਉੱਤਰਾਧਿਕਾਰੀ ਐਲਾਨਣ ਅਤੇ ਫਿਰ ਅਚਾਨਕ ਅਪ੍ਰਪੱਕ ਕਹਿ ਕੇ ਪਾਸੇ ਕਰ ਦੇਣ, ਅਤੇ ਫਿਰ ਮੁੜ ਅੱਗੇ ਲਿਆਉਣ ਵਰਗੇ ਫ਼ੈਸਲਿਆਂ ਨੇ ਪਾਰਟੀ ਦੀ ਗੰਭੀਰਤਾ ਨੂੰ ਵੱਡੀ ਢਾਹ ਲਾਈ। ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਜੁੜੇ ਵਿਵਾਦਾਂ, ਅਹੁਦਿਆਂ ਤੋਂ ਹਟਾਉਣ ਅਤੇ ਮੁੜ ਬਹਾਲ ਕਰਨ ਦੇ ਦੌਰ ਨੇ ਬਸਪਾ ਦੇ ਸੰਗਠਨ ਨੂੰ ਇੱਕ ਰਾਜਨੀਤਕ ਸੰਸਥਾ ਦੀ ਬਜਾਏ ਨਿੱਜੀ ਜਗੀਰ ਵਾਂਗ ਪੇਸ਼ ਕੀਤਾ। ਬਸਪਾ ਆਗੂਆਂ ਦੇ ਵਾਰ-ਵਾਰ ਕੀਤੇ ਜਾ ਰਹੇ ਅਪਮਾਨ ਅਤੇ ਸਥਾਨਕ ਆਗੂਆਂ ਦੀ ਬੇਵੱਸੀ ਨੇ ਆਮ ਬਹੁਜਨ ਨੌਜਵਾਨ ਨੂੰ ਪਾਰਟੀ ਤੋਂ ਦੂਰ ਕਰ ਦਿੱਤਾ।



### ਮੈਦਾਨੀ ਸੰਘਰਸ਼ ਤੋਂ ਦੂਰੀ ਅਤੇ ਭਾਜਪਾ ਦੀ ‘ਬੀ-ਟੀਮ’ ਦਾ ਲੱਗਿਆ ਠੱਪਾ

ਬਸਪਾ ਦਾ ਇਤਿਹਾਸ ਸੜਕਾਂ ’ਤੇ ਉੱਤਰ ਕੇ ਧੱਕੇਸ਼ਾਹੀ ਵਿਰੁੱਧ ਲੜਨ ਦਾ ਰਿਹਾ ਹੈ। ਪਰ 2017 ਤੋਂ ਬਾਅਦ ਜਦੋਂ ਦੇਸ਼ ਅਤੇ ਖ਼ਾਸ ਕਰਕੇ ਉੱਤਰ ਪ੍ਰਦੇਸ਼ ਵਿੱਚ ਦਲਿਤਾਂ, ਪੱਛੜਿਆਂ ਅਤੇ ਘੱਟ ਗਿਣਤੀਆਂ ਨਾਲ ਜੁੜੇ ਕਈ ਗੰਭੀਰ ਮੁੱਦੇ (ਜਿਵੇਂ ਹਾਥਰਸ ਕਾਂਡ, ਸੰਵਿਧਾਨ ਬਚਾਓ ਮੋਰਚੇ, ਰਾਖਵਾਂਕਰਨ ਦੇ ਅੰਦਰ ਵਰਗੀਕਰਨ ਦਾ ਵਿਵਾਦ) ਸਾਹਮਣੇ ਆਏ, ਤਾਂ ਬਸਪਾ ਦੀ ਸਿਖਰਲੀ ਲੀਡਰਸ਼ਿਪ ਸੜਕਾਂ ’ਤੇ ਉੱਤਰਨ ਦੀ ਬਜਾਏ ਮਹਿਜ਼ ਸੋਸ਼ਲ ਮੀਡੀਆ ਬਿਆਨਬਾਜ਼ੀ ਅਤੇ ਪ੍ਰੈੱਸ ਨੋਟਾਂ ਤੱਕ ਸੀਮਤ ਰਹੀ। ਲੋਕਾਂ ਵਿੱਚ ਇਹ ਸੁਨੇਹਾ ਗਿਆ ਕਿ ਪਾਰਟੀ ਕੇਂਦਰੀ ਜਾਂਚ ਏਜੰਸੀਆਂ ਜਿਵੇਂ ਈ.ਡੀ. ਅਤੇ ਸੀ.ਬੀ.ਆਈ. ਦੇ ਦਬਾਅ ਹੇਠ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਿਰੁੱਧ ਖੁੱਲ੍ਹ ਕੇ ਬੋਲਣ ਤੋਂ ਝਿਜਕ ਰਹੀ ਹੈ।

ਵਿਰੋਧੀ ਧਿਰਾਂ ਨੇ ਬਸਪਾ ਉੱਤੇ ਭਾਜਪਾ ਦੀ ‘ਬੀ-ਟੀਮ’ ਹੋਣ ਦਾ ਸਿੱਧਾ ਠੱਪਾ ਲਗਾਇਆ, ਜਿਸ ਨੂੰ ਬਸਪਾ ਦੀ ਚੁੱਪ ਅਤੇ ਉਮੀਦਵਾਰਾਂ ਦੀ ਵੰਡ ਦੀਆਂ ਗੋਂਦਾਂ ਨੇ ਹੋਰ ਪੁਖ਼ਤਾ ਕੀਤਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਧਾਰਨਾ ਬਣ ਗਈ ਕਿ ਬਸਪਾ ਸਿਰਫ਼ ਸੈਕੂਲਰ ਵੋਟਾਂ ਵੰਡਣ ਲਈ ਚੋਣ ਮੈਦਾਨ ਵਿੱਚ ਉਤਰ ਰਹੀ ਹੈ। ਇਸੇ ਖਲਾਅ ਵਿੱਚੋਂ ਚੰਦਰਸ਼ੇਖ਼ਰ ਆਜ਼ਾਦ ‘ਰਾਵਣ’ ਵਰਗੇ ਨੌਜਵਾਨ ਆਗੂ ਉੱਭਰੇ, ਜਿਨ੍ਹਾਂ ਨੇ ਜੇਲ੍ਹਾਂ ਕੱਟ ਕੇ, ਸੜਕਾਂ ’ਤੇ ਡਾਂਗਾਂ ਖਾ ਕੇ ਆਪਣੇ ਆਪ ਨੂੰ ਦਲਿਤਾਂ ਦੇ ਹਿੱਤਾਂ ਦੇ ਅਸਲ ਪਹਿਰੇਦਾਰ ਵਜੋਂ ਸਥਾਪਿਤ ਕੀਤਾ। 2024 ਦੀਆਂ ਆਮ ਚੋਣਾਂ ਵਿੱਚ ਨਗੀਨਾ ਲੋਕ ਸਭਾ ਸੀਟ ਤੋਂ ਚੰਦਰਸ਼ੇਖ਼ਰ ਦੀ ਵੱਡੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਕਿ ਮਾਇਆਵਤੀ ਨਾਲ ਜੁੜਿਆ ਜਾਟਵ ਵੋਟ ਬੈਂਕ ਵੀ ਹੁਣ ਦਲਿਤ ਆਗੂ ਚੰਦਰ ਸ਼ੇਖਰ ਵੱਲ ਮੁੜ ਚੁੱਕਾ ਹੈ।

### ਪੰਜਾਬ ਵਿੱਚ ਅਕਾਲੀ ਦਲ ਨਾਲੋਂ ਵੱਖ ਹੋਣ ਪਿੱਛੇ ਅਸਲ ਸਿਆਸੀ ਸਮੀਕਰਨ

ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗਠਜੋੜ 2021 ਵਿੱਚ ਕਰੀਬ 25 ਸਾਲਾਂ ਬਾਅਦ ਮੁੜ ਹੋਂਦ ਵਿੱਚ ਆਇਆ ਸੀ, ਜਦੋਂ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ ’ਤੇ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜਿਆ ਸੀ। ਇਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਅਤੇ ਮਾਇਆਵਤੀ ਦੀ ਸਹਿਮਤੀ ਨਾਲ ਅਕਾਲੀ ਦਲ ਤੇ ਬਸਪਾ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੜ ਹੱਥ ਮਿਲਾਇਆ। 117 ਵਿਧਾਨ ਸਭਾ ਸੀਟਾਂ ਵਿੱਚੋਂ ਅਕਾਲੀ ਦਲ ਨੇ 97 ਅਤੇ ਬਸਪਾ ਨੇ 20 ਸੀਟਾਂ ’ਤੇ ਚੋਣ ਲੜੀ ਸੀ।

ਇਹ ਗਠਜੋੜ ਅਸਫ਼ਲ ਸਾਬਤ ਹੋਇਆ। 2022 ਵਿੱਚ ਅਕਾਲੀ ਦਲ ਨੂੰ ਸਿਰਫ਼ 3 ਅਤੇ ਬਸਪਾ ਨੂੰ ਮਹਿਜ਼ 1 ਸੀਟ (ਨਵਾਂਸ਼ਹਿਰ) ਹਾਸਲ ਹੋਈ।

ਵੋਟ ਤਬਾਦਲਾ ਨਾ ਹੋਣ ਅਤੇ ਅਕਾਲੀ ਦਲ ਵੱਲੋਂ ਭਾਜਪਾ ਨਾਲ ਮੁੜ ਗੱਠਜੋੜ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ, ਮਾਇਆਵਤੀ ਨੇ ਇਸ ਗਠਜੋੜ ਨੂੰ ਖ਼ਤਮ ਕਰਦਿਆਂ ਪੰਜਾਬ ਵਿੱਚ ਇਕੱਲਿਆਂ ਚੋਣ ਲੜਨ ਦਾ ਐਲਾਨ ਕਰ ਦਿੱਤਾ। ਹੁਣ ਮਾਇਆਵਤੀ ਵੱਲੋਂ ਅਕਾਲੀ ਦਲ ਦਾ ਸਾਥ ਛੱਡ ਕੇ ਇਕੱਲਿਆਂ ਮੈਦਾਨ ਵਿੱਚ ਉਤਰਨ ਦੇ ਐਲਾਨ ਪਿੱਛੇ ਦੋ ਵੱਡੇ ਕਾਰਨ ਕੰਮ ਕਰ ਰਹੇ ਹਨ।

ਮਾਇਆਵਤੀ ਦੀ ਪੰਜਾਬ ਲੀਡਰਸ਼ਿਪ ਨਾਲ ਹੋਈ ਉੱਚ-ਪੱਧਰੀ ਸਮੀਖਿਆ ਬੈਠਕ ਵਿੱਚ ਇਹ ਤੱਥ ਉੱਭਰ ਕੇ ਆਇਆ ਕਿ ਗਠਜੋੜ ਦੌਰਾਨ ਬਸਪਾ ਦਾ ਰਵਾਇਤੀ ਕਾਡਰ ਵੋਟ ਤਾਂ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਿਆ, ਪਰ ਅਕਾਲੀ ਦਲ ਦਾ ਪੇਂਡੂ ਤੇ ਜੱਟ-ਸਿੱਖ ਵੋਟਰ ਬਸਪਾ ਦੇ ਹਿੱਸੇ ਆਈਆਂ 20 ਸੀਟਾਂ ’ਤੇ ਬਸਪਾ ਉਮੀਦਵਾਰਾਂ ਵੱਲ ਪੂਰੀ ਤਰ੍ਹਾਂ ਤਬਦੀਲ ਨਹੀਂ ਹੋਇਆ। ਇਸੇ ਕਾਰਨ 2022 ਵਿੱਚ ਬਸਪਾ ਸਿਰਫ਼ ਇੱਕ ਨਵਾਂਸ਼ਹਿਰ ਸੀਟ ਹੀ ਜਿੱਤ ਸਕੀ ਅਤੇ ਉਸ ਦਾ ਵੋਟ ਫ਼ੀਸਦੀ ਮਹਿਜ਼ 1.77 ਫ਼ੀਸਦੀ ਉੱਤੇ ਹੀ ਰੁਕ ਗਿਆ। ਪਾਰਟੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਗਠਜੋੜਾਂ ਨੇ ਬਸਪਾ ਦੇ ਸੁਤੰਤਰ ਵੋਟ ਬੈਂਕ ਅਤੇ ਵਰਕਰਾਂ ਦੇ ਮਨੋਬਲ ਨੂੰ ਭਾਰੀ ਸੱਟ ਮਾਰੀ ਹੈ।

ਅਕਾਲੀ ਦਲ ਪਿਛਲੇ ਲੰਮੇ ਸਮੇਂ ਤੋਂ ਭਾਜਪਾ ਨਾਲ ਆਪਣਾ ਪੁਰਾਣਾ ਰਿਸ਼ਤਾ ਮੁੜ ਜੋੜਨ ਲਈ ਅੰਦਰੂਨੀ ਗੱਲਬਾਤ ਦੇ ਰਸਤੇ ਤਲਾਸ਼ ਰਿਹਾ ਸੀ। ਬਸਪਾ ਨੂੰ ਇਹ ਸਾਫ਼ ਨਜ਼ਰ ਆ ਰਿਹਾ ਸੀ ਕਿ ਅਕਾਲੀ ਦਲ ਉਸ ਨੂੰ ਮਹਿਜ਼ ਇੱਕ ਵਕਤੀ ਬਦਲ ਵਜੋਂ ਵਰਤ ਰਿਹਾ ਹੈ। ਲਿਹਾਜ਼ਾ, ਕਿਸੇ ਦੂਜੀ ਧਿਰ ਵੱਲੋਂ ਠੁਕਰਾਏ ਜਾਣ ਦੀ ਬਜਾਏ ਮਾਇਆਵਤੀ ਨੇ ਪਹਿਲ ਕਰਦਿਆਂ ਇਕੱਲਿਆਂ ਚੱਲਣ ਦਾ ਐਲਾਨ ਕਰ ਦਿੱਤਾ ਤਾਂ ਜੋ ਉੱਤਰ ਪ੍ਰਦੇਸ਼ ਵਾਂਗ ਪੰਜਾਬ ਵਿੱਚ ਵੀ ਪਾਰਟੀ ਦੇ ਆਧਾਰ ਨੂੰ ਸੁਤੰਤਰ ਤੌਰ ’ਤੇ ਪਰਖਿਆ ਜਾ ਸਕੇ।

### ਵੱਡੀ ਦਲਿਤ ਆਬਾਦੀ ਹੋਣ ਦੇ ਬਾਵਜੂਦ ਬਸਪਾ ਦਾ ਆਧਾਰ ਪੰਜਾਬ ਵਿਚ ਕਿਉਂ ਨਾ ਵਧਿਆ

ਪੰਜਾਬ ਵਿੱਚ ਭਾਰਤ ਦੀ ਸਭ ਤੋਂ ਵੱਡੀ ਦਲਿਤ ਆਬਾਦੀ (31.94 ਫ਼ੀਸਦੀ) ਹੋਣ ਦੇ ਬਾਵਜੂਦ ਬਸਪਾ ਇੱਥੇ ਕਦੇ ਵੀ ਯੂ.ਪੀ. ਵਰਗਾ ਪ੍ਰਭਾਵ ਕਿਉਂ ਨਹੀਂ ਬਣਾ ਸਕੀ ? ਇਸ ਦਾ ਕਾਰਨ ਪੰਜਾਬ ਦੇ ਦਲਿਤ ਸਮਾਜ ਦੀ ਗੁੰਝਲਦਾਰ ਸਮਾਜਿਕ ਤੇ ਧਾਰਮਿਕ ਬਣਤਰ ਹੈ। ਪੰਜਾਬ ਦਾ ਦਲਿਤ ਸਮਾਜ ਕਿਸੇ ਇੱਕ ਜਾਤੀ ਜਾਂ ਧਾਰਮਿਕ ਧੜੇ ਵਿੱਚ ਨਹੀਂ ਬੱਝਿਆ ਹੋਇਆ.

ਮਜ਼ਬੀ ਸਿੱਖ ਅਤੇ ਵਾਲਮੀਕਿ ਭਾਈਚਾਰਾ ਤਬਕਾ ਮੁੱਖ ਤੌਰ ’ਤੇ ਮਾਲਵਾ ਅਤੇ ਮਾਝਾ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਵੱਸਦਾ ਹੈ। ਇਨ੍ਹਾਂ ਵਿੱਚੋਂ ਬਹੁਤੇ ਖੇਤ ਮਜ਼ਦੂਰ ਹਨ ਅਤੇ ਇਨ੍ਹਾਂ ਦਾ ਰਵਾਇਤੀ ਸਿਆਸੀ ਝੁਕਾਅ ਲੰਮੇ ਸਮੇਂ ਤੋਂ ਕਾਂਗਰਸ ਅਤੇ ਕਮਿਊਨਿਸਟ ਧਿਰਾਂ ਵੱਲ ਰਿਹਾ ਅਤੇ ਬਾਅਦ ਵਿੱਚ ਅਕਾਲੀ ਦਲ ਤੇ ਹੁਣ ਆਮ ਆਦਮੀ ਪਾਰਟੀ ਨੇ ਇਨ੍ਹਾਂ ਵਿੱਚ ਮਜ਼ਬੂਤ ਪੈਠ ਬਣਾਈ।

ਰਵਿਦਾਸੀਆ, ਰਾਮਦਾਸੀਆ ਅਤੇ ਆਦਿ-ਧਰਮੀ ਭਾਈਚਾਰਾ ਵਰਗ ਮੁੱਖ ਤੌਰ ’ਤੇ ਦੋਆਬਾ ਖੇਤਰ ਵਿੱਚ ਕੇਂਦਰਿਤ ਹੈ। ਇਹ ਤਬਕਾ ਆਰਥਿਕ, ਵਿੱਦਿਅਕ ਅਤੇ ਵਿਦੇਸ਼ਾਂ ਵਿੱਚ ਵੱਸਣ ਕਾਰਨ ਦੂਜਿਆਂ ਨਾਲੋਂ ਵਧੇਰੇ ਸਮਰੱਥ ਅਤੇ ਜਾਗਰੂਕ ਹੈ। ਬਸਪਾ ਦਾ ਜਿੰਨਾ ਵੀ ਜਨ-ਅਧਾਰ ਰਿਹਾ ਹੈ, ਉਹ ਜ਼ਿਆਦਾਤਰ ਇਸੇ ਭਾਈਚਾਰੇ ਤੱਕ ਸੀਮਤ ਰਿਹਾ।

ਕਿਉਂਕਿ ਬਸਪਾ ਮਜ਼੍ਹਬੀ ਸਿੱਖਾਂ ਅਤੇ ਵਾਲਮੀਕਿ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਵਿੱਚ ਨਾਕਾਮ ਰਹੀ, ਇਸ ਲਈ ਉਹ ਪੂਰੇ ਦਲਿਤ ਸਮਾਜ ਦੀ ਇਕਮਾਤਰ ਨੁਮਾਇੰਦਾ ਧਿਰ ਕਦੇ ਨਹੀਂ ਬਣ ਸਕੀ। ਇਸ ਤੋਂ ਇਲਾਵਾ, ਪੰਜਾਬ ਵਿੱਚ ਡੇਰਾ ਸੱਭਿਆਚਾਰ (ਜਿਵੇਂ ਡੇਰਾ ਸੱਚਖੰਡ ਬੱਲਾਂ, ਡੇਰਾ ਰਾਧਾ ਸੁਆਮੀ, ਡੇਰਾ ਸੱਚਾ ਸੌਦਾ ਆਦਿ) ਦਾ ਦਲਿਤ ਵੋਟਰਾਂ ਦੇ ਸਿਆਸੀ ਫ਼ੈਸਲਿਆਂ ਵਿੱਚ ਬਹੁਤ ਵੱਡਾ ਪ੍ਰਭਾਵ ਹੈ। ਮੁੱਖ ਧਾਰਾ ਦੀਆਂ ਪਾਰਟੀਆਂ ਨੇ ਇਨ੍ਹਾਂ ਡੇਰਿਆਂ ਰਾਹੀਂ, ਮੁਫ਼ਤ ਭਲਾਈ ਸਕੀਮਾਂ ਰਾਹੀਂ ਅਤੇ ਦਲਿਤ ਚਿਹਰਿਆਂ ਨੂੰ ਅਹਿਮ ਮੰਤਰਾਲੇ ਦੇ ਕੇ ਬਸਪਾ ਦੀ ਜ਼ਮੀਨ ਲਗਾਤਾਰ ਖੋਹ ਲਈ।

ਚੋਣ ਵਿਸ਼ਲੇਸ਼ਕਾਂ ਅਤੇ ਸੀਨੀਅਰ ਪੱਤਰਕਾਰਾਂ ਅਨੁਸਾਰ ਅਕਾਲੀ ਦਲ ਤੇ ਬਸਪਾ ਗਠਜੋੜ ਟੁੱਟਣ ਨਾਲ ਪੰਜਾਬ ਦੇ ਚੋਣ ਪਿੜ ਵਿੱਚ ਦੋਵਾਂ ਹੀ ਧਿਰਾਂ ਨੂੰ ਨੁਕਸਾਨ ਝੱਲਣਾ ਪਵੇਗਾ, ਪਰ ਇਸ ਦਾ ਸਰੂਪ ਵੱਖੋ-ਵੱਖਰਾ ਹੋਵੇਗਾ: ਬਸਪਾ ਦਾ ਵੋਟ ਸ਼ੇਅਰ 1992 ਦੀਆਂ ਚੋਣਾਂ ਵਿੱਚ 16.32 ਫ਼ੀਸਦੀ (9 ਸੀਟਾਂ) ਸੀ, ਜੋ 1997 ਵਿੱਚ ਘੱਟ ਕੇ 7.5 ਫ਼ੀਸਦੀ, 2017 ਵਿੱਚ 1.52 ਫ਼ੀਸਦੀ ਅਤੇ 2022 ਵਿੱਚ ਮਹਿਜ਼ 1.77 ਫ਼ੀਸਦੀ ਰਹਿ ਗਿਆ। ਪੰਜਾਬ ਵਿੱਚ ਪਾਰਟੀ ਕੋਲ ਅੱਜ ਕੋਈ ਵੀ ਅਜਿਹਾ ਕੱਦਾਵਰ ਸੂਬਾਈ ਚਿਹਰਾ ਨਹੀਂ ਹੈ ਜੋ ਪੂਰੇ ਪੰਜਾਬ ਵਿੱਚ ਰੈਲੀਆਂ ਦੀ ਖਿੱਚ ਦਾ ਕੇਂਦਰ ਬਣ ਸਕੇ। ਇਕੱਲਿਆਂ ਲੜਨ ਲਈ ਜਿਸ ਪੱਧਰ ਦੇ ਵਿੱਤੀ ਸਾਧਨਾਂ, ਮੀਡੀਆ ਪ੍ਰਬੰਧਨ ਅਤੇ ਬੂਥ ਪੱਧਰੀ ਢਾਂਚੇ ਦੀ ਲੋੜ ਹੁੰਦੀ ਹੈ, ਬਸਪਾ ਕੋਲ ਉਸ ਦੀ ਭਾਰੀ ਘਾਟ ਹੈ। ਇਸ ਲਈ ਇਕੱਲਿਆਂ ਲੜ ਕੇ ਬਸਪਾ ਦਾ ਬਚਿਆ-ਖੁਚਿਆ ਵੋਟ ਬੈਂਕ ਹੋਰ ਹੇਠਾਂ ਡਿੱਗਣ ਦਾ ਖ਼ਤਰਾ ਹੈ, ਜਿਸ ਨਾਲ ਉਸ ਦਾ ਰਾਸ਼ਟਰੀ ਪਾਰਟੀ ਦਾ ਰੁਤਬਾ ਬਚਾਉਣਾ ਹੋਰ ਮੁਸ਼ਕਿਲ ਹੋ ਜਾਵੇਗਾ।

ਅਕਾਲੀ ਦਲ ਲਈ ਬਸਪਾ ਦਾ ਅੱਡ ਹੋਣਾ ਭਾਵੇਂ ਵੱਡਾ ਵੋਟ-ਸੁਨਾਮੀ ਨਹੀਂ ਲਿਆਵੇਗਾ, ਕਿਉਂਕਿ ਬਸਪਾ ਦਾ ਵੋਟ ਸ਼ੇਅਰ 2 ਫ਼ੀਸਦੀ ਤੋਂ ਘੱਟ ਹੈ, ਪਰ ਇਹ ਇੱਕ ਡੂੰਘੀ ਸਿਆਸੀ ਅਤੇ ਪ੍ਰਤੀਕਾਤਮਕ ਸੱਟ ਜ਼ਰੂਰ ਹੈ। ਭਾਜਪਾ ਦੇ ਸਾਥ ਛੱਡਣ ਮਗਰੋਂ ਅਕਾਲੀ ਦਲ ਕੋਲ ਬਸਪਾ ਹੀ ਇੱਕ ਅਜਿਹਾ ਸਹਾਰਾ ਸੀ ਜਿਸ ਰਾਹੀਂ ਉਹ ਦੋਆਬੇ ਵਿੱਚ ਹਿੰਦੂ-ਦਲਿਤ ਸਮੀਕਰਨਾਂ ਵਿੱਚ ਸੰਤੁਲਨ ਬਣਾਉਣ ਦਾ ਦਾਅਵਾ ਕਰਦਾ ਸੀ। ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਬਹੁ-ਕੋਣੇ ਮੁਕਾਬਲੇ ਵਾਲੀਆਂ ਹੋਣਗੀਆਂ ਜਿੱਥੇ ‘ਆਪ’, ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਹੋਰ ਧੜੇ ਆਹਮੋ-ਸਾਹਮਣੇ ਹੋਣਗੇ। ਅਜਿਹੇ ਫਸਵੇਂ ਮੁਕਾਬਲਿਆਂ ਵਿੱਚ ਜਿੱਤ-ਹਾਰ ਦਾ ਫ਼ਰਕ ਇੱਕ ਤੋਂ ਦੋ ਹਜ਼ਾਰ ਵੋਟਾਂ ਦਾ ਹੁੰਦਾ ਹੈ। ਦੋਆਬੇ ਦੀਆਂ 10 ਤੋਂ 15 ਵਿਧਾਨ ਸਭਾ ਸੀਟਾਂ ਉੱਤੇ ਬਸਪਾ ਵੱਲੋਂ ਇਕੱਲਿਆਂ ਲੜ ਕੇ ਕੱਟੀਆਂ ਜਾਣ ਵਾਲੀਆਂ 3,000 ਤੋਂ 5,000 ਵੋਟਾਂ ਸਿੱਧੇ ਤੌਰ ’ਤੇ ਅਕਾਲੀ ਦਲ ਦੀ ਜਿੱਤ ਦੀ ਸੰਭਾਵਨਾ ਨੂੰ ਮੂਧੇ-ਮੂੰਹ ਸੁੱਟ ਸਕਦੀਆਂ ਹਨ।

ਬਸਪਾ ਦੇ ਕਮਜ਼ੋਰ ਹੋਣ ਅਤੇ ਗਠਜੋੜ ਟੁੱਟਣ ਦਾ ਸਭ ਤੋਂ ਵੱਧ ਸਿਆਸੀ ਲਾਹਾ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਮਿਲਣ ਦੀ ਸੰਭਾਵਨਾ ਹੈ। ਦਲਿਤ ਵੋਟਰ ਜਦੋਂ ਇਹ ਮਹਿਸੂਸ ਕਰੇਗਾ ਕਿ ਬਸਪਾ ਜਿੱਤਣ ਦੀ ਸਥਿਤੀ ਵਿੱਚ ਨਹੀਂ ਹੈ, ਤਾਂ ਉਹ ਆਪਣੀ ਵੋਟ ਖ਼ਰਾਬ ਕਰਨ ਦੀ ਬਜਾਏ ਉਸ ਧਿਰ ਵੱਲ ਝੁਕੇਗਾ ਜੋ ਸੱਤਾ ਦੀ ਦਾਅਵੇਦਾਰ ਹੋਵੇ।

(ਬਾਕੀ ਸਫ਼ਾ 27 ’ਤੇ)

# ਨਸ਼ਾ ਵਿਰੋਧੀ ਆਵਾਜ਼ਾਂ ਨੂੰ ਪੁਲਿਸ ਦੇ ਡੰਡੇ ਨਾਲ ਦਬਾਉਣ ਦੀ ਦਮਨਕਾਰੀ ਨੀਤੀ ਕਿਉਂ ਅਪਣਾ ਰਹੀ ਹੈ ਸਰਕਾਰ ?

## ਸੁਨਾਮ ਕਾਂਡ: ਨਸ਼ੇ ਵਿਰੁੱਧ ਸਵਾਲ ਪੁੱਛਣ ਵਾਲੇ ਨੌਜਵਾਨ ਨਾਲ ਪੁਲਿਸ ਹਿਰਾਸਤ ’ਚ ਅਣਮਨੁੱਖੀ ਤਸ਼ੱਦਦ ਕਿਉਂ ?

## ਨਸ਼ੇ ਦੀ ਦਲਦਲ ਤੋਂ ਤੰਗ ਆ ਕੇ ਮਾਪੇ ਅਤੇ ਕਿਸਾਨ ਆਪਣੀ ਜਾਨ ਦੇਣ ਲਈ ਜਾਂ ਆਤਮਹੱਤਿਆ ਕਰਨ ਲਈ ਕਿਉਂ ਮਜਬੂਰ ਹਨ ?

ਪੰਜਾਬ ਵਿੱਚ ਅੱਜ ਵੀ ਨਸ਼ਿਆਂ ਦੀ ਮਾਰ ਜਾਰੀ ਹੈ, ਜਿਸ ਨੇ ਹਜ਼ਾਰਾਂ ਘਰਾਂ ਦੇ ਚਿਰਾਗ ਗੁਲ ਕਰ ਦਿੱਤੇ ਹਨ। ਪਰ ਇਸ ਨਾਲੋਂ ਵੀ ਵੱਧ ਚਿੰਤਾਜਨਕ ਅਤੇ ਭਿਆਨਕ ਪੱਖ ਇਹ ਹੈ ਕਿ ਜਦੋਂ ਪੰਜਾਬ ਦਾ ਆਮ ਨਾਗਰਿਕ, ਕੋਈ ਜਾਗਰੂਕ ਨੌਜਵਾਨ ਜਾਂ ਪੀੜਤ ਪਰਿਵਾਰ ਇਸ ਘਾਣ ਵਿਰੁੱਧ ਆਪਣੀ ਹੱਕੀ ਆਵਾਜ਼ ਬੁਲੰਦ ਕਰਦਾ ਹੈ, ਤਾਂ ਸੱਤਾ ਦੇ ਨਸ਼ੇ ਵਿੱਚ ਚੂਰ ਸਰਕਾਰ ਅਤੇ ਇਸਦਾ ਪੁਲਿਸ ਤੰਤਰ ਜਵਾਬ ਦੇਣ ਦੀ ਬਜਾਏ ਡੰਡੇ ਦੇ ਜ਼ੋਰ ਨਾਲ ਉਸ ਆਵਾਜ਼ ਨੂੰ ਸਦਾ ਲਈ ਖ਼ਮੋਸ਼ ਕਰਨ ’ਤੇ ਉਤਰ ਆਉਂਦਾ ਹੈ।

ਬੀਤੇ ਇੱਕ ਹਫ਼ਤੇ ਵਿਚ ਸੰਗਰੂਰ ਜ਼ਿਲ੍ਹੇ ਤੋਂ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਨਸ਼ਿਆਂ ਦੇ ਗੰਭੀਰ ਮੁੱਦੇ ਤੇ ਲੋਕਤੰਤਰ ਵਿਰੋਧੀ ਜਾ ਪੁਲਿਸ ਵਤੀਰੇ ਨੂੰ ਉਭਾਰਿਆ ਹੈ। ਇਸ ਕਾਰਣ ਲੋਕਾਂ ਵਿਚ ਸਰਕਾਰ ਵਿਰੁਧ ਰੋਸ ਜਾਗਿਆ ਹੈ। ਬੀਤੇ ਦਿਨੀਂ ਪਿੰਡ ਸ਼ੇਰੋਂ ਦਾ ਨੌਜਵਾਨ ਮੋਹਣਜੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਪ੍ਰੋਗਰਾਮ ਦੌਰਾਨ ਕਾਲਾ ਝੰਡਾ ਦਿਖਾਇਆ ਸੀ। ਬਾਅਦ ਵਿੱਚ ਪੁਲਿਸ ਉਪਰ ਹਿਰਾਸਤੀ ਤਸ਼ੱਦਦ ਦੇ ਗੰਭੀਰ ਦੋਸ਼ ਲਗੇ ਸਨ। ਦੂਜੀ ਘਟਨਾ ਦਿੜ੍ਹਬਾ ਹਲਕੇ ਦੇ ਪਿੰਡ ਤੂਰ ਬੰਜਾਰਾ ਦੇ ਗੁਲਜ਼ਾਰ ਸਿੰਘ ਨਾਲ ਸਬੰਧਤ ਹੈ, ਜਿਸ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅੱਗੇ ਨਸ਼ੇ ਦੀ ਖੁੱਲ੍ਹੀ ਵਿਕਰੀ ਬਾਰੇ ਸਵਾਲ ਪੁੱਛਿਆ ਸੀ ਅਤੇ ਕੁਝ ਘੰਟਿਆਂ ਬਾਅਦ ਜ਼ਹਿਰ ਖਾ ਕੇ ਆਪਣੀ ਜਾਨ ਦੇ ਦਿੱਤੀ ਸੀ।

ਇਹ ਦੋਵੇਂ ਘਟਨਾਵਾਂ ਹੁਣ ਇੱਕੋ ਲੜੀ ਵਿੱਚ ਜੁੜ ਗਈਆਂ ਹਨ। ਲੋਕ ਪੁੱਛ ਰਹੇ ਹਨ ਕਿ ਨਸ਼ਾ ਖਤਮ ਕਰਨ ਦੇ ਦਾਅਵੇ ਤਾਂ ਚੋਣਾਂ ਦੌਰਾਨ ਕੀਤੇ ਗਏ ਸਨ, ਫਿਰ ਆਵਾਜ਼ ਉਠਾਉਣ ਵਾਲਿਆਂ ਨਾਲ ਇਨਸਾਫ ਕਿਉਂ ਨਹੀਂ ਕੀਤਾ ਗਿਆ ?

### ਸ਼ੇਰੋਂ ਦੀ ਛੱਤ ਤੋਂ ਉੱਠੀ ਆਵਾਜ਼

2 ਸਤੰਬਰ 2026 ਨੂੰ ਸੁਨਾਮ ਹਲਕੇ ਦੇ ਪਿੰਡ ਸ਼ੇਰੋਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ‘ਲੋਕ ਮਿਲਣੀ’ ਪ੍ਰੋਗਰਾਮ ਸੀ। ਇਹ ਉਨ੍ਹਾਂ ਦਾ ਆਪਣਾ ਜ਼ਿਲ੍ਹਾ ਹੈ। ਪ੍ਰੋਗਰਾਮ ਚੱਲਦਿਆਂ ਲਗਭਗ ਸਾਢੇ ਛੇ ਵਜੇ 37 ਸਾਲਾ ਮੋਹਣਜੀਤ ਸਿੰਘ ਗੁਆਂਢੀ ਦੇ ਘਰ ਦੀ ਛੱਤ ਉੱਤੇ ਚੜ੍ਹਿਆ, ਕਾਲਾ ਝੰਡਾ ਲਹਿਰਾਇਆ ਸੀ ਅਤੇ ਨਸ਼ਿਆਂ



ਬਾਰੇ ਨਾਅਰੇ ਲਾਏ ਸਨ। ਉਸ ਦਾ ਕਹਿਣਾ ਸੀ ਕਿ ਪਿੰਡ ਵਿੱਚ ਚਿੱਟਾ ਹਾਲੇ ਵੀ ਆਸਾਨੀ ਨਾਲ ਮਿਲਦਾ ਹੈ, ਇੱਥੋਂ ਤੱਕ ਕਿ ਪ੍ਰੋਗਰਾਮ ਵਾਲੀ ਥਾਂ ਦੇ ਨੇੜੇ ਵੀ।

ਪੁਲਿਸ ਛੱਤ ਉੱਤੇ ਚੜ੍ਹੀ, ਉਸ ਨੂੰ ਹੇਠਾਂ ਉਤਾਰਿਆ ਅਤੇ ਹਿਰਾਸਤ ਵਿੱਚ ਲੈ ਲਿਆ। ਉਸ ਉੱਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਧਾਰਾਵਾਂ 126 ਅਤੇ 170 ਹੇਠ ਮਾਮਲਾ ਦਰਜ ਕੀਤਾ ਗਿਆ ਸੀ। ਅਗਲੀ ਸਵੇਰ ਉਸ ਨੂੰ ਐੱਸਡੀਐੱਮ ਅੱਗੇ ਪੇਸ਼ ਕੀਤਾ ਗਿਆ ਸੀ ਅਤੇ ਜ਼ਮਾਨਤ ਮਿਲ ਗਈ ਸੀ। ਜ਼ਮਾਨਤ ਤੋਂ ਬਾਅਦ ਉਹ ਸੰਗਰੂਰ ਸਿਵਲ ਹਸਪਤਾਲ ਪਹੁੰਚਿਆ, ਫਿਰ ਸਿਹਤ ਵਿਗੜਨ ’ਤੇ ਪਟਿਆਲਾ ਦੇ ਰਜਿੰਦਰਾ ਹਸਪਤਾਲ ਭੇਜਿਆ ਗਿਆ ਸੀ।

ਹਸਪਤਾਲ ਤੋਂ ਮੋਹਣਜੀਤ ਸਿੰਘ ਨੇ ਇਲਜ਼ਾਮ ਲਗਾਇਆ ਸੀ ਕਿ ਪਹਿਲਾਂ ਪਿੰਡ ਵਿੱਚ ਹੀ ਡੀਐੱਸਪੀ ਹਰਵਿੰਦਰ ਸਿੰਘ ਖਹਿਰਾ ਨੇ ਉਸ ਨੂੰ ਕਿਸੇ ਚੁਬਾਰੇ ਵਿੱਚ ਲਿਜਾ ਕੇ ਕੁੱਟਿਆ, ਦਾਹੜੀ-ਕੇਸ ਖਿੱਚੇ, ਫਿਰ ਥਾਣੇ ਵਿਚ ਹੋਰ ਤਸ਼ੱਦਦ ਕੀਤਾ ਗਿਆ ਸੀ। ਉਸ ਨੇ ਬਿਜਲੀ ਦੇ ਝਟਕੇ, ਲੱਤਾਂ ’ਤੇ ਜ਼ਖ਼ਮ ਅਤੇ ਕਕਾਰਾਂ ਦੀ ਬੇਅਦਬੀ ਦੇ ਇਲਜ਼ਾਮ ਵੀ ਲਾਏ ਸਨ। ਉਹ ਅੰਮ੍ਰਿਤਧਾਰੀ ਸਿੱਖ ਹੈ। ਇਸ ਕਰਕੇ ਇਹ ਮਾਮਲਾ ਸਿਰਫ਼ ਪੁਲਿਸ ਵਤੀਰੇ ਤੱਕ ਨਹੀਂ ਰਿਹਾ, ਸਗੋਂ ਧਾਰਮਿਕ ਭਾਵਨਾਵਾਂ ਨਾਲ ਵੀ ਜੁੜ ਗਿਆ ਹੈ।

ਦੂਜੇ ਪਾਸੇ ਪੁਲਿਸ ਇਨ੍ਹਾਂ ਇਲਜ਼ਾਮਾਂ ਨੂੰ ਮੰਨਣ ਲਈ ਤਿਆਰ ਨਹੀਂ। ਸੰਗਰੂਰ ਐੱਸਐੱਸਪੀ ਰਵਜੋਤ ਕੌਰ ਗਰੇਵਾਲ ਅਤੇ ਹੋਰ





ਅਧਿਕਾਰੀਆਂ ਦਾ ਕਹਿਣਾ ਹੈ ਕਿ ਮੋਹਣਜੀਤ ਸਿੰਘ ਨੂੰ ਸੁਰੱਖਿਆ ਕਾਰਨਾਂ ਕਰਕੇ ਰੋਕਿਆ ਗਿਆ ਸੀ। ਉਨ੍ਹਾਂ ਅਨੁਸਾਰ ਉਸ ਦੇ ਖਿਲਾਫ਼ ਪਹਿਲਾਂ ਤੋਂ ਕਈ ਐਫਆਈਆਰ ਹਨ, ਜਿਨ੍ਹਾਂ ਵਿੱਚ ਕੋਸ਼ਿਸ਼ ਕਤਲ ਅਤੇ ਹਥਿਆਰ ਐਕਟ ਵਰਗੀਆਂ ਧਾਰਾਵਾਂ ਵੀ ਸ਼ਾਮਲ ਹਨ। ਪੁਲਿਸ ਨੇ ਕਿਹਾ ਕਿ ਐੱਸਡੀਐੱਮ ਅੱਗੇ ਪੇਸ਼ੀ ਤੋਂ ਪਹਿਲਾਂ ਹੋਏ ਮੈਡੀਕਲ ਵਿੱਚ ਤਾਜ਼ਾ ਸੱਟਾਂ ਨਹੀਂ ਸਨ ਅਤੇ ਡੋਪ ਟੈਸਟ ਪਾਜ਼ੀਟਿਵ ਆਇਆ ਸੀ। ਪਰਿਵਾਰ ਇਸ ਟੈਸਟ ਨੂੰ ਜ਼ਬਰਨ ਕਰਵਾਏ ਜਾਣ ਦਾ ਦੋਸ਼ ਲਗਾਉਂਦਾ ਹੈ ਅਤੇ ਮੁੜ ਜਾਂਚ ਦੀ ਮੰਗ ਕਰਦਾ ਹੈ।

ਮੀਡੀਆ ਅਤੇ ਵਿਰੋਧੀ ਧਿਰ ਦੇ ਦਬਾਅ ਪੈਣ ਤੋਂ ਬਾਅਦ ਸਰਕਾਰ ਨੇ ਪ੍ਰਸ਼ਾਸਕੀ ਕਾਰਵਾਈ ਕੀਤੀ ਸੀ। ਸੁਨਾਮ ਡੀਐੱਸਪੀ ਹਰਵਿੰਦਰ ਸਿੰਘ ਖਹਿਰਾ ਨੂੰ ਬਹਾਦਰਗੜ੍ਹ ਟ੍ਰਾਂਸਫਰ ਕਰ ਦਿੱਤਾ ਗਿਆ ਸੀ। ਸੁਨਾਮ ਐੱਸਐੱਚਓ ਇੰਸਪੈਕਟਰ ਪ੍ਰਤੀਕ ਜਿੰਦਲ, ਚੀਮਾ ਥਾਣੇ ਦੇ ਐੱਸਐੱਚਓ ਸਬ-ਇੰਸਪੈਕਟਰ ਬਲਜੀਤ ਸਿੰਘ ਅਤੇ ਏਐੱਸਆਈ ਹਰਪ੍ਰੀਤ ਸਿੰਘ ਨੂੰ ਸੰਗਰੂਰ ਪੁਲਿਸ ਲਾਈਨ ਭੇਜ ਦਿੱਤਾ ਗਿਆ ਸੀ। ਵਿਭਾਗੀ ਜਾਂਚ ਚੱਲ ਰਹੀ ਹੈ। ਆਮ ਆਦਮੀ ਪਾਰਟੀ ਵੱਲੋਂ ਕਿਹਾ ਗਿਆ ਹੈ ਕਿ ਜਾਂਚ ਹੋਵੇਗੀ ਅਤੇ ਕਾਨੂੰਨੀ ਕਾਰਵਾਈ ਹੋਵੇਗੀ।

ਲੋਕਾਂ ਦਾ ਕਹਿਣਾ ਹੈ ਕਿ ਸਵਾਲ ਪੁੱਛਣ ਵਾਲੇ ਨੂੰ ਪਹਿਲਾਂ ਅਪਰਾਧੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਫਿਰ ਤਬਾਦਲੇ ਕਰਕੇ ਖਾਨਾਪੂਰਤੀ ਕੀਤੀ ਜਾਂਦੀ ਹੈ। ਇਹ ਸਭ ਡਰਾਮੇਬਾਜ਼ੀ ਚਲ ਰਹੀ ਹੈ। ਸੋਸ਼ਲ ਮੀਡੀਆ ਉਪਰ ਇਹ ਮਾਮਲਾ ਭਖਿਆ ਹੋਇਆ ਹੈ।

### ਆਪ ਸਰਕਾਰ ਦਾ ਧਾਰਮਿਕ ਅਤੇ ਸਿਆਸੀ ਵਿਰੋਧ

ਮੋਹਣਜੀਤ ਸਿੰਘ ਦੇ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਕਾਰਾਂ ਦੀ ਕਥਿਤ ਬੇਅਦਬੀ ਦਾ ਸਖ਼ਤ ਨੋਟਿਸ ਲਿਆ ਸੀ ਅਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ਼ ਬਰਖਾਸਤਗੀ ਤੇ ਮੁਕੱਦਮਾ ਦਰਜ ਕਰਨ ਦੀ ਗੱਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿੱਚ ਨਸ਼ਾ ਹਾਲੇ ਵੱਡੀ ਸਮੱਸਿਆ ਹੈ ਅਤੇ ਇਸ ਵਿਰੁਧ ਆਵਾਜ਼ ਉਠਾਉਣ ਵਾਲੇ ਸਿੱਖ ਨੌਜਵਾਨ ਨਾਲ ਇਹ ਜਾਲਮਾਨਾ ਵਤੀਰਾ ਮਨਜ਼ੂਰ ਨਹੀਂ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਸਪਤਾਲ ਪਹੁੰਚ ਕੇ ਹਾਲ ਪੁੱਛਿਆ। ਉਨ੍ਹਾਂ ਦਾ ਕਹਿਣਾ ਹੈ ਕਿ ਕਾਲਾ ਝੰਡਾ ਦਿਖਾਉਣਾ ਦੇਸ਼ਧ੍ਰੋਹ ਨਹੀਂ, ਸਗੋਂ ਲੋਕਤੰਤਰ ਦਾ ਹਿੱਸਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੀ ਹਸਪਤਾਲ ਪਹੁੰਚੇ। ਰਾਹੁਲ ਗਾਂਧੀ ਨੇ ਮੋਹਣਜੀਤ ਸਿੰਘ ਨਾਲ ਫ਼ੋਨ ’ਤੇ ਗੱਲ ਕੀਤੀ। ਭਾਜਪਾ ਆਗੂ ਤਰੁਣ ਚੁੱਘ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਚਿੱਠੀ ਲਿਖੀ। ਕਮਿਸ਼ਨ ਨੇ ਨੋਟਿਸ ਲੈ ਕੇ ਪੰਜਾਬ ਸਰਕਾਰ, ਡੀਜੀਪੀ ਅਤੇ ਸੰਗਰੂਰ ਪ੍ਰਸ਼ਾਸਨ ਤੋਂ ਦੋ ਹਫ਼ਤਿਆਂ ਵਿਚ ਰਿਪੋਰਟ ਮੰਗ ਲਈ ਹੈ। ਕਮਿਸ਼ਨ ਨੇ ਹਿਰਾਸਤ ਦਾ ਆਧਾਰ, ਥਾਣੇ ਦੀ ਸੀਸੀਟੀਵੀ ਅਤੇ ਮੈਡੀਕਲ ਰਿਕਾਰਡ ਵੀ ਤਲਬ ਕੀਤੇ ਹਨ। ਵਕੀਲਾਂ ਦੀ ਕੌਂਸਲ ਵੱਲੋਂ ਵੀ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਦੀ ਚੇਤਾਵਨੀ ਦਿੱਤੀ ਗਈ।

### ਕਿਸਾਨ ਦੀ ਖ਼ੁਦਕੁਸ਼ੀ ਅਤੇ ਪ੍ਰਸ਼ਾਸਨਿਕ ਦਬਾਅ

ਨੌਜਵਾਨਾਂ ’ਤੇ ਹੋ ਰਹੇ ਤਸ਼ੱਦਦ ਦਾ ਇਹ ਸਿਲਸਿਲਾ ਇੱਥੇ ਹੀ ਨਹੀਂ ਰੁਕਿਆ। ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਇਲਾਕੇ ਵਿੱਚ 50 ਸਾਲਾ ਕਿਸਾਨ ਗੁਲਜ਼ਾਰ ਸਿੰਘ ਵੱਲੋਂ ਆਪਣੇ ਪੁੱਤਰ ਦੀ ਨਸ਼ੇ ਦੀ ਲਤ ਤੋਂ ਤੰਗ ਆ ਕੇ ਅਤੇ ਪੁਲਿਸ-ਪ੍ਰਸ਼ਾਸਨ ਦੇ ਕਥਿਤ ਦਬਾਅ ਤੇ ਮਾਨਸਿਕ ਪ੍ਰੇਸ਼ਾਨੀ ਤੋਂ ਅੱਕ ਕੇ ਸਲਫਾਸ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਦਰਦਨਾਕ ਘਟਨਾ ਨੇ ਪੰਜਾਬ ਦੇ ਮਾੜੇ ਹਾਲਾਤਾਂ ਉੱਤੇ ਹੋਰ ਕਾਲਾ ਧੱਬਾ ਲਾ ਦਿੱਤਾ ਹੈ। ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਇਲਾਕੇ ਵਿੱਚ ਵਿੱਤ ਮੰਤਰੀ ਦੇ ਸਮਾਗਮ ਦੌਰਾਨ ਨਸ਼ਿਆਂ ਦਾ ਮੁੱਦਾ ਉਠਾਉਣ ਵਾਲੇ ਕਿਸਾਨ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਪੁਲਿਸ ਨੇ ਸਖ਼ਤ ਕਾਰਵਾਈ ਕਰਦਿਆਂ ਪਿੰਡ ਦੀ ਸਰਪੰਚ ਬਲਜਿੰਦਰ ਕੌਰ, ਉਸ ਦੇ ਪਤੀ ਬਲਜੀਤ ਸਿੰਘ, ਸੁਖਦੇਵ ਸਿੰਘ, ਵਿੱਕੀ ਸਿੰਘ ਅਤੇ ਗੰਨਾ ਸਿੰਘ ਅਤੇ ਉਸ ਦੇ ਪਤੀ ਸਮੇਤ 5 ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਇਸ ਮਾਮਲੇ ਵਿੱਚ ਮੁਲਜ਼ਮ ਬਲਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੁਲਿਸ ਵੱਲੋਂ ਬਾਕੀ ਮੁਲਜ਼ਮਾਂ ਦੀ ਭਾਲ ਜਾਰੀ ਹੈ। ਪੁਲਿਸ ਨੂੰ ਦਿੱਤੇ ਬਿਆਨ ਵਿੱਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਗੁਲਜ਼ਾਰ ਸਿੰਘ ਨੇ ਮੰਤਰੀ ਦੇ ਸਮਾਗਮ ਵਿੱਚ ਨਸ਼ਿਆਂ ਦਾ ਮਾਮਲਾ ਚੁੱਕਿਆ ਸੀ ਤਾਂ ਬਾਅਦ ਵਿੱਚ ਕੁਝ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਦੇ ਘਰ ਆ ਕੇ ਪੁੱਛਗਿੱਛ ਕੀਤੀ ਸੀ। ਇਸ ਨੂੰ ਆਪਣੀ ਹੇਠੀ ਸਮਝਦਿਆਂ ਨਾਮਜ਼ਦ ਮੁਲਜ਼ਮਾਂ ਨੇ ਗੁਲਜ਼ਾਰ ਸਿੰਘ ਨੂੰ ਜਾਤੀਸੂਚਕ ਸ਼ਬਦ ਬੋਲਦਿਆਂ ਜ਼ਲੀਲ ਕੀਤਾ ਸੀ ਅਤੇ ਪੰਚਾਇਤ ਸਾਹਮਣੇ ਮਾਫੀ ਮੰਗਣ ਲਈ ਬੁਲਾਇਆ ਸੀ। ਇਸ ਭਾਰੀ ਨਾਮੋਸ਼ੀ ਅਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਹੀ ਗੁਲਜ਼ਾਰ ਸਿੰਘ ਨੇ ਇਹ ਖ਼ੌਫ਼ਨਾਕ ਕਦਮ ਚੁੱਕਿਆ ਸੀ। ਮ੍ਰਿਤਕ ਦੇ ਭਰਾ ਬਿੱਕਰ ਸਿੰਘ ਨੇ ਦੱਸਿਆ ਕਿ ਗੁਲਜ਼ਾਰ ਸਿੰਘ ਦਾ ਵੱਡਾ ਬੇਟਾ ਨਸ਼ਿਆਂ ਦਾ ਆਦੀ ਸੀ, ਜਿਸ ਕਾਰਨ ਉਨ੍ਹਾਂ ਦੇ ਘਰ ਦੀ ਆਰਥਿਕ ਹਾਲਤ ਪਹਿਲਾਂ ਹੀ ਬਹੁਤ ਮਾੜੀ ਹੋ ਚੁੱਕੀ ਸੀ। ਇਸੇ ਘਰੇਲੂ ਦੁੱਖ ਅਤੇ ਪ੍ਰੇਸ਼ਾਨੀ ਤੋਂ ਤੰਗ ਆ ਕੇ ਉਸ ਨੇ ਸਮਾਗਮ ਵਿੱਚ ਸਵਾਲ ਪੁੱਛਿਆ ਸੀ। (ਬਾਕੀ ਸਫ਼ਾ 26 ’ਤੇ)

# ਵਿਨੀਪੈਗ ’ਚ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ ਹੋਇਆ 23ਵਾਂ ਮਹਾਨ ਨਗਰ ਕੀਰਤਨ

## ਮੈਨੀਟੋਬਾ ਦੇ ਵੱਖ-ਵੱਖ ਗਤਕਾ ਅਖਾੜਿਆਂ ਦੇ ਸਿੰਘਾਂ ਅਤੇ ਸਿੰਘਣੀਆਂ ਨੇ ਗਤਕੇ ਦੇ ਦਿਖਾਏ ਜੌਹਰ

## ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਲੋਕਾਂ ਨੇ ਸੇਵਾ ’ਚ ਲਿਆ ਹਿੱਸਾ

ਵਿਨੀਪੈਗ/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 23ਵਾਂ ਮਹਾਨ ਸਾਲਾਨਾ ਨਗਰ ਕੀਰਤਨ ਲੰਘੇ ਦਿਨੀਂ ਵਿਨੀਪੈਗ ਵਿੱਚ ਪੂਰੀ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ ਹੋਇਆ। ਗੁਰਦੁਆਰਾ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਮੈਨੀਟੋਬਾ ਦੇ ਵੱਖ-ਵੱਖ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।ਇਸ ਵਾਰ ਦਾ ਨਗਰ ਕੀਰਤਨ ਭੰਨਤੋੜ ਅਤੇ ਧਮਕੀਆਂ ਦੇ ਮਾਹੌਲ ਦਰਮਿਆਨ ਹੋਇਆ। ਵਿਨੀਪੈਗ ਪੁਲਿਸ ਮੁਤਾਬਕ ਸ਼ਹਿਰ ਦੇ ਕਈ ਟਰਾਂਜ਼ਿਟ ਬੋਰਡਾਂ ’ਤੇ ਸਵਾਸਤਿਕਾ ਸਮੇਤ ਨਫ਼ਰਤੀ ਚਿੰਨ੍ਹਾਂ ਵਾਲੀ ਗ੍ਰਾਫ਼ਿਟੀ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸ ਤੋਂ ਇਲਾਵਾ ਸਮਾਗਮ ਨੂੰ ਲੈ ਕੇ ਧਮਕੀਆਂ ਵੀ ਸਾਹਮਣੇ ਆਈਆਂ। ਪੁਲਿਸ ਨੇ ਮਾਮਲੇ ਨੂੰ ਸੰਭਾਵਿਤ ਨਫ਼ਰਤੀ ਅਪਰਾਧ ਮੰਨਦਿਆਂ ਜਾਂਚ ਮੇਜਰ ਕ੍ਰਾਈਮ ਯੂਨਿਟ ਦੇ ਹੇਟ ਕਰਾਈਮ ਕੋਆਰਡੀਨੇਟਰਾਂ ਨੂੰ ਸੌਂਪੀ ਹੈ।ਇਨ੍ਹਾਂ ਘਟਨਾਵਾਂ ਦੇ ਬਾਵਜੂਦ ਹਜ਼ਾਰਾਂ ਸਿੱਖਾਂ ਦਾ ਨਗਰ ਕੀਰਤਨ ਵਿੱਚ ਇਕੱਠੇ ਹੋਣਾ ਭਾਈਚਾਰੇ ਦੇ ਹੌਸਲੇ ਅਤੇ ਏਕਤਾ ਦਾ ਪ੍ਰਗਟਾਵਾ ਬਣਿਆ। ਲੈਜਿਸਲੇਟਿਵ ਬਿਲਡਿੰਗ ਦੇ ਪਾਰਕ ਵਿੱਚ ਸੰਗਤਾਂ ਦੀ ਵੱਡੀ ਭੀੜ ਇਕੱਠੀ ਹੋਈ, ਜੋ ਪ੍ਰਬੰਧਕਾਂ ਦੀਆਂ ਉਮੀਦਾਂ ਤੋਂ ਕਿਤੇ ਵੱਧ ਦੱਸੀ ਗਈ। ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਸ਼ੁਰੂਆਤ ਹੋਈ। ਸੁੰਦਰ ਢੰਗ ਨਾਲ ਸਜਾਈ ਪਾਲਕੀ ਵਿੱਚ ਸ੍ਰੀ



ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ ਅਤੇ ਪਿੱਛੇ ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਅੱਗੇ ਵਧ ਰਹੀਆਂ ਸਨ।

ਨਗਰ ਕੀਰਤਨ ਦੌਰਾਨ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਅਤੇ ਗੁਰੂ ਜੱਸ ਕੀਤਾ ਗਿਆ। ਢਾਡੀ ਜਥਿਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ ਗਈਆਂ।

(ਬਾਕੀ ਸਫ਼ਾ 26 ’ਤੇ)

### ਨਗਰ ਕੀਰਤਨ ਤੋਂ ਪਹਿਲਾਂ ਸਿੱਖਾਂ ਨੂੰ ਮਿਲੀ ਸੀ ਧਮਕੀ

ਨਗਰ ਕੀਰਤਨ ਤੋਂ ਪਹਿਲਾਂ ਵਿਨੀਪੈਗ ਵਿੱਚ ਇੱਕ ਰੋਡ ਕਲੋਜ਼ਰ ਨੋਟਿਸ ’ਤੇ ਕੀਤੀ ਗਈ ਨਸਲੀ ਅਤੇ ਧਮਕੀ ਭਰੀ ਲਿਖਤ ਨੇ ਸਿੱਖ ਭਾਈਚਾਰੇ ਵਿੱਚ ਚਿੰਤਾ ਪੈਦਾ ਕਰ ਦਿੱਤੀ ਸੀ। ਸੜਕ ਬੰਦ ਹੋਣ ਸਬੰਧੀ ਲਗਾਏ ਗਏ ਅਧਿਕਾਰਤ ਸਾਈਨ ’ਤੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸਿੱਖ ਭਾਈਚਾਰੇ ਨੂੰ ਭਾਰਤ ਵਾਪਸ ਜਾਣ ਲਈ ਲਿਖਿਆ ਗਿਆ। ਲਿਖਤ ਵਿੱਚ ਹਿੰਸਕ ਧਮਕੀ ਵਾਲੇ ਸ਼ਬਦ ਵੀ ਦਰਜ ਸਨ, ਪਰ ਸਿੱਖ ਸੰਗਤਾਂ ਨੇ ਇਹਨਾਂ ਧਮਕੀਆਂ ਦੀ ਪਰਵਾਹ ਨਹੀਂ ਕੀਤੀ ਅਤੇ ਉਹ ਹਜ਼ਾਰਾਂ ਦੀ ਗਿਣਤੀ ’ਚ ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ।

ਸਿੱਖ ਸੋਸਾਇਟੀ ਆਫ਼ ਮੈਨੀਟੋਬਾ ਦੀ ਅਗਵਾਈ ਹੇਠ ਹੋਇਆ ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੀ। ਨਗਰ ਕੀਰਤਨ ਮੈਮੋਰੀਅਲ ਪਾਰਕ ਤੋਂ ਸ਼ੁਰੂ ਹੋ ਕੇ ਵਾਪਸ ਇਸੇ ਥਾਂ ’ਤੇ ਆ ਕੇ ਸੰਪੂਰਨ ਹੋਇਆ। ਹਰ ਸਾਲ ਇਸ ਵਿੱਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੁੰਦੇ ਹਨ।

ਅਜਿਹੇ ਮਾਹੌਲ ਵਿੱਚ ਕਿਸੇ ਧਾਰਮਿਕ ਸਮਾਗਮ ਦੇ ਰੂਟ ਨਾਲ ਜੁੜੇ ਸਾਈਨ ’ਤੇ ਨਫ਼ਰਤੀ ਅਤੇ ਧਮਕੀ ਭਰੀ (ਬਾਕੀ ਸਫ਼ਾ 26 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਬੰਦੀ ਸਿੰਘਾਂ ਦੀ ਰਿਹਾਈ ’ਤੇ ਸਿਆਸੀ ਮਾਹਿਰਾਂ ਤੇ ਸਿੱਖ ਬੁੱਧੀਜੀਵੀਆਂ ਨੇ ਚੁੱਕੇ ਸਵਾਲ

## ਦੋਹਰੇ ਮਾਪਦੰਡਾਂ ਦੇ ਘੇਰੇ ’ਚ ਸਰਕਾਰਾਂ: ਜਦੋਂ ਸੌਦਾ ਸਾਧ ਨੂੰ ਵਾਰ-ਵਾਰ ਪੈਰੋਲ ਤਾਂ ਬੰਦੀ ਸਿੰਘਾਂ ਨਾਲ ਵਿਤਕਰਾ ਕਿਉਂ ?

ਜੇਲ੍ਹਾਂ ਵਿੱਚ ਦਹਾਕਿਆਂ ਤੋਂ ਬੰਦ ਸਿੱਖ ਕੈਦੀਆਂ, ਜਿਨ੍ਹਾਂ ਨੂੰ ਬੰਦੀ ਸਿੰਘ ਆਖਿਆ ਜਾਂਦਾ ਹੈ, ਦੀ ਰਿਹਾਈ ਅਤੇ ਪੈਰੋਲ ਦਾ ਮੁੱਦਾ ਅੱਜ ਸੂਬੇ ਦੇ ਸਿਆਸੀ ਅਖਾੜੇ ਦੇ ਕੇਂਦਰ ਵਿੱਚ ਆ ਗਿਆ ਹੈ। ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੇਅੰਤ ਸਿੰਘ ਕਤਲ ਕੇਸ ਵਿੱਚ ਉਮਰ ਕੈਦ ਕੱਟ ਰਹੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਬਿਮਾਰ ਮਾਤਾ ਨਾਲ ਮੁਲਾਕਾਤ ਲਈ 10 ਦਿਨਾਂ ਦੀ ਪੈਰੋਲ ਦੀ ਹਮਾਇਤ ਕਰਨਾ ਅਤੇ ਰਾਜਪਾਲ ਨੂੰ ਪੱਤਰ ਲਿਖਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਚੋਣਾਂ ਤੋਂ ਪਹਿਲਾਂ ਪੰਥਕ ਹਲਕਿਆਂ ਵਿੱਚ ਆਪਣੀ ਜ਼ਮੀਨ ਪੱਕੀ ਕਰਨ ਦੀ ਹੋੜ ਲੱਗ ਚੁੱਕੀ ਹੈ। ਇਸ ਇੱਕੋ ਕਦਮ ਨੇ ਪੰਜਾਬ ਦੇ ਸਮੁੱਚੇ ਸਿਆਸੀ ਤਾਣੇ-ਬਾਣੇ ਨੂੰ ਹਲੂਣ ਕੇ ਰੱਖ ਦਿੱਤਾ ਹੈ ਅਤੇ ਸਾਰੀਆਂ ਸਿਆਸੀ ਧਿਰਾਂ ਨੂੰ ਆਪਣੇ ਪੈਂਤੜੇ ਨਵੇਂ ਸਿਰਿਓਂ ਪਰਖਣ ਲਈ ਮਜਬੂਰ ਕਰ ਦਿੱਤਾ ਹੈ।

ਇਸ ਬਦਲਦੇ ਦ੍ਰਿਸ਼ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਰਣਨੀਤੀ ਸਭ ਤੋਂ ਵੱਧ ਧਿਆਨ ਖਿੱਚਦੀ ਹੈ। ਸਾਲ ਦੀ ਸ਼ੁਰੂਆਤ ਵਿੱਚ ਜਿਸ ਸਰਕਾਰ ਨੇ ਜਥੇਦਾਰ ਹਵਾਰਾ ਦੀ ਪੈਰੋਲ ਅਰਜ਼ੀ ਰੱਦ ਕਰ ਦਿੱਤੀ ਸੀ, ਉਹੀ ਸਰਕਾਰ ਅੱਜ ਮਨੁੱਖੀ ਅਧਿਕਾਰਾਂ ਅਤੇ ਕਾਨੂੰਨੀ ਬਰਾਬਰੀ ਦਾ ਤਰਕ ਦੇ ਕੇ ਉਸ ਦੇ ਹੱਕ ਵਿੱਚ ਖੜ੍ਹੀ ਨਜ਼ਰ ਆ ਰਹੀ ਹੈ। ਪੰਜਾਬ ਸਰਕਾਰ ਦੇ ਮੰਤਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ ਅਤੇ ਕਿਸੇ ਕੈਦੀ ਨੂੰ ਮਰ ਰਹੀ ਮਾਂ ਨੂੰ ਮਿਲਣ ਤੋਂ ਰੋਕਣਾ ਕੁਦਰਤੀ ਇਨਸਾਫ਼ ਦੇ ਖ਼ਿਲਾਫ਼ ਹੈ। ਪਰ ਸਿਆਸੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਕਦਮ ਸਾਫ਼ ਤੌਰ ’ਤੇ ਪੇਂਡੂ ਅਤੇ ਸਿੱਖ ਵੋਟਰਾਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਹੈ ਕਿ ‘ਆਪ’ ਪੰਥਕ ਹਿਤਾਂ ਪ੍ਰਤੀ ਸੰਵੇਦਨਸ਼ੀਲ ਹੈ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਇਹ ਹੋਂਦ ਦੀ ਲੜਾਈ ਬਣ ਚੁੱਕੀ ਹੈ। ਕਦੇ ਸਾਲ 2015 ਵਿੱਚ ਸੁਖਬੀਰ ਸਿੰਘ ਬਾਦਲ ਦੀ ਸਰਕਾਰ ਨੇ ਜਥੇਦਾਰ ਹਵਾਰਾ ਦਾ ਵਿਰੋਧ ਕੀਤਾ ਸੀ, ਪਰ ਅੱਜ ਵੋਟਾਂ ਦੇ ਸੰਕਟ ਵਿੱਚ ਘਿਰਿਆ ਅਕਾਲੀ ਦਲ ਬੰਦੀ ਸਿੰਘਾਂ ਦੇ ਹੱਕ ਵਿੱਚ ਸਭ ਤੋਂ ਮੋਹਰੀ ਹੋ ਕੇ ਨਾਅਰੇਬਾਜ਼ੀ ਕਰ ਰਿਹਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਅਕਾਲੀ ਦਲ ਦੇ ਹੱਕ ਵਿੱਚ ਜਾਰੀ ਕੀਤੀ ਚਿੱਠੀ ਨੇ ਬਾਦਲ ਦਲ ਨੂੰ ਸੰਜੀਵਨੀ ਜ਼ਰੂਰ ਦਿੱਤੀ ਹੈ, ਪਰ ਲੋਕਾਂ ਦੇ ਮਨਾਂ ਵਿੱਚ ਅਕਾਲੀ ਦਲ ਦੇ ਪਿਛਲੇ ਕਿਰਦਾਰ ਨੂੰ ਲੈ ਕੇ ਕਈ ਸਵਾਲ ਅੱਜ ਵੀ ਖੜ੍ਹੇ ਹਨ।



ਕਾਂਗਰਸ ਅਤੇ ਭਾਜਪਾ ਦਾ ਪੱਖ ਇਸ ਮੁੱਦੇ ’ਤੇ ਦੋਧਾਰੀ ਤਲਵਾਰ ’ਤੇ ਚੱਲਣ ਵਾਂਗ ਹੈ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਨਾਲ ਸਿੱਧਾ ਜੁੜਿਆ ਹੋਣ ਕਾਰਨ ਕਾਂਗਰਸ ਹਮੇਸ਼ਾ ਖਾੜਕੂਵਾਦ ਵਿਰੁੱਧ ਲੜਨ ਦੇ ਆਪਣੇ ਦਾਅਵੇ ’ਤੇ ਪਹਿਰਾ ਦਿੰਦੀ ਰਹੀ ਹੈ। ਹਾਲਾਂਕਿ, ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਰਵਨੀਤ ਸਿੰਘ ਬਿੱਟੂ ਅਤੇ ਗੁਰਕੀਰਤ ਸਿੰਘ ਕੋਟਲੀ ਨੇ ਜਨਤਕ ਤੌਰ ’ਤੇ ਇਹ ਮੰਨਿਆ ਹੈ ਕਿ ਮਾਂ-ਪੁੱਤ ਦੇ ਮਿਲਾਪ ’ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ, ਜਿਸ ਨਾਲ ਇਸ ਮੁੱਦੇ ਦੀ ਕੱਟੜਤਾ ਕੁਝ ਹੱਦ ਤੱਕ ਘਟੀ ਹੈ। ਦੂਜੇ ਪਾਸੇ, ਕੇਂਦਰ ਵਿੱਚ ਸੱਤਾ ਸੰਭਾਲ ਰਹੀ ਭਾਜਪਾ ਸਿੱਖਾਂ ਨੂੰ ਨਾਲ ਜੋੜਨ ਲਈ ਕਰਤਾਰਪੁਰ ਲਾਂਘਾ, ਵੀਰ ਬਾਲ ਦਿਵਸ ਅਤੇ 2019 ਦੇ ਰਿਹਾਈ ਨੋਟੀਫ਼ਿਕੇਸ਼ਨ ਦਾ ਜ਼ਿਕਰ ਤਾਂ ਕਰਦੀ ਹੈ, ਪਰ ਕੌਮੀ ਸੁਰੱਖਿਆ ਅਤੇ ਹਿੰਦੂ ਵੋਟ ਬੈਂਕ ਦੇ ਖੁੱਸਣ ਦੇ ਡਰੋਂ ਬੰਦੀ ਸਿੰਘਾਂ ਦੀ ਪੱਕੀ ਰਿਹਾਈ ਦੀ ਫ਼ਾਈਲ ਨੂੰ ਹਰੀ ਝੰਡੀ ਦੇਣ ਤੋਂ ਕੰਨੀ ਕਤਰਾਉਂਦੀਆ ਰਹੀ ਹੈ।

ਇਨ੍ਹਾਂ ਸਭ ਦੇ ਦਰਮਿਆਨ ‘ਵਾਰਿਸ ਪੰਜਾਬ ਦੇ’ ਨੇ ਆਪਣਾ ਵੱਖਰਾ ਸਿਆਸੀ ਪਿੜ ਮੱਲ ਲਿਆ ਹੈ। ਕੇਹਰ ਸਿੰਘ ਦੇ ਪੁੱਤਰ ਸਤਵੰਤ ਸਿੰਘ ਨੂੰ ਬੱਸੀ ਪਠਾਣਾ ਤੋਂ ਉਮੀਦਵਾਰ ਬਣਾਉਣਾ, ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਸਾਥੀਆਂ ਦਲਜੀਤ ਕਲਸੀ ਤੇ ਗੁਰਮੀਤ ਬੁੱਕਣਵਾਲਾ ਨੂੰ ਹਲਕਾ ਇੰਚਾਰਜ ਥਾਪਣਾ ਅਤੇ ਗਿਆਨੀ ਹਰਪ੍ਰੀਤ ਸਿੰਘ ਵਾਲੇ ਬਾਗੀ ਧੜੇ ਵੱਲੋਂ ਸ਼ਹੀਦ ਪਰਿਵਾਰਾਂ ਲਈ 30 ਫ਼ੀਸਦੀ ਸੀਟਾਂ ਦੀ ਮੰਗ ਕਰਨਾ ਇਹ ਦਰਸਾਉਂਦਾ ਹੈ ਕਿ ਇਸ ਵਾਰ ਚੋਣਾਂ ਵਿੱਚ ਖਾੜਕੂ ਵਿਰਾਸਤ ਦੇ ਵਾਰਸ ਖ਼ੁਦ ਸਿੱਧੇ ਤੌਰ ’ਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਲਈ ਮੈਦਾਨ ਵਿੱਚ ਨਿੱਤਰ ਆਏ ਹਨ।

ਸਿੱਖ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਿਰਾਂ ਦਾ ਤਰਕ ਇਸ ਮਾਮਲੇ ਨੂੰ ਮਹਿਜ਼ ਵੋਟ ਸਿਆਸਤ ਤੋਂ ਕਿਤੇ ਉੱਪਰ ਚੁੱਕ ਕੇ ਸੰਵਿਧਾਨ ਅਤੇ ਮਨੁੱਖੀ ਹੱਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਸਿੱਖ ਚਿੰਤਕ ਗੁਰਤੇਜ ਸਿੰਘ ਆਈਏਐਸ ਦਾ ਸਾਫ਼ ਕਹਿਣਾ ਹੈ ਕਿ ਭਾਰਤੀ ਕਾਨੂੰਨ ਤਹਿਤ ਉਮਰ ਕੈਦ ਆਮ ਤੌਰ ’ਤੇ 14 ਤੋਂ 20 ਸਾਲ ਦੀ ਹੁੰਦੀ ਹੈ, ਜਦਕਿ ਇਹ ਬੰਦੀ ਸਿੰਘ 25 ਤੋਂ 30 ਸਾਲਾਂ ਤੋਂ ਵੱਧ ਸਮਾਂ ਸਲਾਖਾਂ ਪਿੱਛੇ ਗੁਜ਼ਾਰ ਚੁੱਕੇ ਹਨ। ਜਵਾਨੀ ਵਿੱਚ ਜੇਲ੍ਹ ਗਏ ਇਹ ਲੋਕ ਅੱਜ ਬੁਢੇਪੇ ਦੀ ਦਹਿਲੀਜ਼ ਪਾਰ ਕਰ ਚੁੱਕੇ ਹਨ ਅਤੇ ਗੰਭੀਰ ਸਰੀਰਕ ਤੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ। ਪ੍ਰੋਫ਼ੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਉਦਾਹਰਨ ਸਭ ਦੇ ਸਾਹਮਣੇ ਹੈ, ਜੋ ਆਪਣੀ ਯਾਦਦਾਸ਼ਤ ਤੱਕ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਦੋਂ ਡੇਰਾ ਸੌਦਾ ਦੇ ਮੁਖੀ ਰਾਮ ਰਹੀਮ ਵਰਗੇ ਸੰਗੀਨ ਅਪਰਾਧੀ ਨੂੰ ਦਰਜਨਾਂ ਵਾਰ ਪੈਰੋਲ ਮਿਲ ਸਕਦੀ ਹੈ, ਤਾਂ ਫ਼ਿਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਮਾਂ ਦਾ ਅੰਤਿਮ ਦੀਦਾਰ ਕਰਨ ਲਈ ਕੁਝ ਦਿਨਾਂ ਦੀ ਰਾਹਤ ਦੇਣ ਵਿੱਚ ਇੰਨੀ ਬੇਰੁਖ਼ੀ ਕਿਉਂ? ਅਜਿਹਾ ਦੋਹਰਾ ਮਾਪਦੰਡ ਹੀ ਘੱਟ-ਗਿਣਤੀਆਂ ਅੰਦਰ ਬੇਗਾਨਗੀ ਅਤੇ ਬੇਭਰੋਸਗੀਤੇ ਬੇਚੈਨਗੀ ਦੀ ਭਾਵਨਾ ਨੂੰ ਜਨਮ ਦਿੰਦਾ ਹੈ।

(ਬਾਕੀ ਸਫ਼ਾ 27 ’ਤੇ)

# ਕੀ ਭਾਜਪਾ ਦਾ ਵਿਰੋਧ ਹੀ ਬਣ ਰਿਹਾ ਰਾਹੁਲ ਗਾਂਧੀ ਦੀ ਤਾਕਤ ?

## ਰਾਹੁਲ ਦੇ ਮਿਸ਼ਨ ਤੋਂ ਕਿਉਂ ਘਬਰਾਈ ਭਾਜਪਾ, ਕੀ ਕਹਿੰਦੇ ਨੇ ਮਾਹਿਰ

## ਦੇਸ਼ ਦੀ ਸਿਆਸਤ ਵਿੱਚ ਰਾਹੁਲ ਦਾ ਕੱਦ ਵਧਿਆ

ਭਾਰਤੀ ਰਾਜਨੀਤੀ ਵਿੱਚ ਇਸ ਵੇਲੇ ਰਾਹੁਲ ਗਾਂਧੀ ਦੀ ਸਰਗਰਮੀ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਰਾਹੁਲ ਦੇ ਵਿਰੋਧ ਨੂੰ ਲੈ ਕੇ ਵੱਡੀ ਚਰਚਾ ਛਿੜੀ ਹੋਈ ਹੈ। ਇੱਕ ਪਾਸੇ ਜਿੱਥੇ ਭਾਜਪਾ ਰਾਹੁਲ ਦੇ ਹਰ ਪ੍ਰੋਗਰਾਮ ਨੂੰ ਰੋਕਣ ਜਾਂ ਵਿਰੋਧ ਕਰਨ ਦੀ ਰਣਨੀਤੀ ਅਪਣਾਉਂਦੀ ਨਜ਼ਰ ਆ ਰਹੀ ਹੈ, ਉੱਥੇ ਹੀ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵਿਰੋਧ ਹੀ ਅਸਲ ਵਿੱਚ ਰਾਹੁਲ ਗਾਂਧੀ ਦਾ ਸਿਆਸੀ ਕੱਦ ਵਧਾ ਰਿਹਾ ਹੈ।

ਰਾਹੁਲ ਗਾਂਧੀ ਦੇ ਦੇਸ਼ ਭਰ ਵਿੱਚ ਚੱਲ ਰਹੇ ‘ਛਾਤਰੋਂ ਕੀ ਗੂੰਜ’ ਅਤੇ ਹੋਰ ਜਨਤਕ ਪ੍ਰੋਗਰਾਮਾਂ ਦੌਰਾਨ ਇੱਕੋ ਜਿਹਾ ਪੈਟਰਨ ਦੇਖਣ ਨੂੰ ਮਿਲ ਰਿਹਾ ਹੈ।ਬੀਤੇ ਦਿਨੀਂ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਨਹਿਰੂ ਸਟੇਡੀਅਮ ਦੀ ਮਨਜ਼ੂਰੀ ਰੱਦ ਹੋਣ ਤੋਂ ਪਹਿਲਾਂ ਦੇਹਰਾਦੂਨ, ਪ੍ਰਯਾਗਰਾਜ ਅਤੇ ਪੁਣੇ ਵਿੱਚ ਵੀ ਪ੍ਰਸ਼ਾਸਨ ਨੇ ਪਹਿਲੀ ਵਾਰ ਵਿੱਚ ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਇਜਾਜ਼ਤ ਨਹੀਂ ਦਿੱਤੀ।

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਜੇਕਰ ਰਾਹੁਲ ਦੇ ਪ੍ਰੋਗਰਾਮਾਂ ਨੂੰ ਆਸਾਨੀ ਨਾਲ ਹਰੀ ਝੰਡੀ ਦਿੱਤੀ ਗਈ ਤਾਂ ਉੱਚ ਪੱਧਰ ’ਤੇ ਭਾਜਪਾ ਹਾਈਕਮਾਂਡ ਦੀ ਨਾਰਾਜ਼ਗੀ ਝੱਲਣੀ ਪੈ ਸਕਦੀ ਹੈ।

ਜਦੋਂ ਪ੍ਰਸ਼ਾਸਨ ਰਾਹੁਲ ਗਾਂਧੀ ਦੀਆਂ ਸਰਗਮੀਆਂ ਉਪਰ ਰੋਕ ਲਗਾਉਂਦਾਹੈ, ਕਾਂਗਰਸ ਵਰਕਰ ਸੜਕਾਂ ’ਤੇ ਉਤਰਦੇ ਹਨ, ਮਾਮਲਾ ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਦੀਆਂ ਸੁਰਖੀਆਂ ਬਣਦਾ ਹੈ। ਨਤੀਜੇ ਵਜੋਂ, ਇੱਕ ਆਮ ਪ੍ਰੋਗਰਾਮ ਵੱਡੀ ਖ਼ਬਰ ਬਣ ਜਾਂਦਾ ਹੈ ਅਤੇ ਆਖ਼ਰਕਾਰ ਇਜਾਜ਼ਤ ਮਿਲਣ ’ਤੇ ਇਕੱਠ ਦੁੱਗਣਾ ਹੋ ਜਾਂਦਾ ਹੈ। ਸਿੱਧੇ ਸ਼ਬਦਾਂ ਵਿੱਚ, ਭਾਜਪਾ ਦਾ ਵਿਰੋਧ ਰਾਹੁਲ ਲਈ ਮੁਫ਼ਤ ਦੀ ਪਬਲੀਸਿਟੀ ਸਾਬਤ ਹੋ ਰਿਹਾ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਬਣਨ ਤੋਂ ਬਾਅਦ ਰਾਹੁਲ ਗਾਂਧੀ ਦਾ ਅਕਸ ਕਾਫ਼ੀ ਬਦਲਿਆ ਹੈ। ਭਾਰਤ ਜੋੜੋ ਯਾਤਰਾ ਤੋਂ ਬਾਅਦ ਰਾਹੁਲ ਦਾ ਪੁਰਾਣਾ ਅਕਸ ਪਿੱਛੇ ਛੁੱਟ ਗਿਆ ਹੈ। ਹੁਣ ਉਹ ਇੱਕ ਸੰਜੀਦਾ ਅਤੇ ਜ਼ਮੀਨੀ ਆਗੂ ਵਜੋਂ ਪੇਸ਼ ਹੋ ਰਹੇ ਹਨ।

ਸੰਵਿਧਾਨ ਦੀ ਰਾਖੀ, ਜਾਤੀ ਜਨਗਣਨਾ, ਨੌਜਵਾਨਾਂ ਦੀ ਬੇਰੁਜ਼ਗਾਰੀ, ਪੇਪਰ ਲੀਕ ਅਤੇ ਮਹਿੰਗਾਈ ਵਰਗੇ ਠੋਸ ਮੁੱਦਿਆਂ ’ਤੇ ਲਗਾਤਾਰ ਡਟੇ ਰਹਿਣਾ ਉਨ੍ਹਾਂ ਦੇ ਹੱਕ ਵਿੱਚ ਜਾ ਰਿਹਾ ਹੈ।

ਸਰਕਾਰ ਦੇ ਵੱਡੇ ਫ਼ੈਸਲਿਆਂ ’ਤੇ ਸਿੱਧਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਨ ਤੋਂ ਉਹ ਝਿਜਕ ਨਹੀਂ ਰਹੇ, ਜਿਸ ਕਾਰਨ ਪੂਰੀ ਵਿਰੋਧੀ ਧਿਰ (ਇੰਡੀਆ ਗੱਠਜੋੜ) ਦਾ ਕੁਦਰਤੀ ਚਿਹਰਾ ਰਾਹੁਲ ਹੀ ਬਣ ਰਹੇ ਹਨ।

ਰਾਹੁਲ ਗਾਂਧੀ ਦਾ ਮੌਜੂਦਾ ਮਿਸ਼ਨ ਸਿਰਫ਼ ਚੋਣਾਂ ਲੜਨਾ ਨਹੀਂ, ਸਗੋਂ ਭਾਜਪਾ ਦੇ ਮੁੱਖ ਵੋਟ ਬੈਂਕ ਵਿੱਚ ਸੰਨ੍ਹ ਲਾਉਣਾ ਹੈ। ਜਾਤੀ ਜਨਗਣਨਾ ਦੀ ਮੰਗ ਕਰਕੇ ਰਾਹੁਲ ਨੇ ਓਬੀਸੀ, ਦਲਿਤ ਅਤੇ ਆਦਿਵਾਸੀ ਭਾਈਚਾਰੇ ਵਿੱਚ ਕਾਂਗਰਸ ਦੀ ਗੁਆਚੀ ਪਕੜ ਨੂੰ ਮੁੜ ਮਜ਼ਬੂਤ ਕਰਨ ਦਾ ਟੀਚਾ ਮਿੱਥਿਆ ਹੈ।

‘ਛਾਤਰੋਂ ਕੀ ਗੂੰਜ’ ਰਾਹੀਂ ਉਹ ਵਿਦਿਆਰਥੀਆਂ ਅਤੇ ਨੌਕਰੀਆਂ ਲੱਭ ਰਹੇ ਨੌਜਵਾਨਾਂ ਦੀ ਬੇਚੈਨੀ ਨੂੰ ਸਿਆਸੀ ਲਹਿਰ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।

ਸੰਵਿਧਾਨ ਬਨਾਮ ਆਰ.ਐੱਸ.ਐੱਸ. ਦੀ ਲੜਾਈ ਦਾ ਬਿਰਤਾਂਤ ਖੜ੍ਹਾ ਕਰਨਾ, ਜਿਸ ਨਾਲ ਧਰੁਵੀਕਰਨ ਦੀ ਸਿਆਸਤ ਨੂੰ ਚੁਣੌਤੀ ਮਿਲ ਰਹੀ ਹੈ।

ਸੁਆਲ ਇਹ ਹੈ ਕਿ ਕੀ ਰਾਹੁਲ ਪੰਜਾਬ ਵਿੱਚ ਕਾਂਗਰਸ ਨੂੰ ਉਭਾਰ ਸਕਣਗੇ?

ਪੰਜਾਬ ਵਿੱਚ ਕਾਂਗਰਸ ਦੀ ਹਾਲਤ ਬਾਕੀ ਰਾਜਾਂ ਨਾਲੋਂ ਵੱਖਰੀ ਹੈ। ਇੱਥੇ ਪਾਰਟੀ ਨੂੰ ਖੜ੍ਹਾ ਕਰਨਾ ਰਾਹੁਲ ਲਈ ਦੋਧਾਰੀ ਤਲਵਾਰ ਸਾਬਤ ਹੋ ਸਕਦਾ ਹੈ। ਕਿਸਾਨ ਅੰਦੋਲਨ ਅਤੇ ਪੰਜਾਬ ਦੇ ਮੁੱਦਿਆਂ ’ਤੇ ਰਾਹੁਲ ਦਾ ਸਟੈਂਡ ਸੂਬੇ ਦੇ ਲੋਕਾਂ ਵਿੱਚ ਕਾਫ਼ੀ ਹੱਦ ਤੱਕ ਹਮਦਰਦੀ ਪੈਦਾ ਕਰਦਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਭਾਜਪਾ ਮੁਕਾਬਲੇ ਕਾਂਗਰਸ ਅਜੇ ਵੀ ਆਮ ਆਦਮੀ ਪਾਰਟੀ ਦੀ ਮੁੱਖ ਰਵਾਇਤੀ ਵਿਰੋਧੀ ਹੈ।

# ਨਾ ਅਮਰੀਕਾ ਮਿੱਤਰ, ਨਾ ਚੀਨ ਭਾਈਵਾਲ; ਆਪਣੀਆਂ ਹੀ ਨੀਤੀਆਂ ’ਚ ਉਲਝਿਆ ਭਾਰਤੀ ਉਦਯੋਗ

## ਅਮਰੀਕਾ ਨਾਲ ਮੁਨਾਫ਼ਾ, ਚੀਨ ਨਾਲ ਭਾਰੀ ਘਾਟਾ: ਦੋ ਵੱਡੀਆਂ ਆਰਥਿਕ ਤਾਕਤਾਂ ਵਿਚਾਲੇ ਕਿੱਥੇ ਖੜ੍ਹਾ ਹੈ ਭਾਰਤ ?

ਅਮਰੀਕਾ ਜਾਂ ਚੀਨ ਵਿੱਚੋਂ ਕੋਈ ਵੀ ਭਾਰਤ ਨੂੰ ਵਿਕਸਤ ਬਣਾਉਣ ਦਾ ਮਿਸ਼ਨ ਲੈ ਕੇ ਨਹੀਂ ਚੱਲ ਰਿਹਾ। ਦੋਵੇਂ ਮਹਾਂਸ਼ਕਤੀਆਂ ਭਾਰਤ ਨੂੰ ਸਿਰਫ਼ ਇੱਕ ਵਿਸ਼ਾਲ ਖ਼ਪਤਕਾਰ ਮੰਡੀ, ਸਸਤੇ ਮਨੁੱਖੀ ਵਸੀਲੇ ਅਤੇ ਆਪਣੀ ਭੂ-ਰਾਜਨੀਤਿਕ ਖੇਡ ਦੇ ਸੰਦ ਵਜੋਂ ਵੇਖਦੀਆਂ ਹਨ। ਇਸੇ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਵੱਲੋਂ ਚੀਨ ਨਾਲ ਆਰਥਿਕ ਸਬੰਧਾਂ ਨੂੰ ਆਧੁਨਿਕੀਕਰਨ ਲਈ ਜ਼ਰੂਰੀ ਦੱਸਣਾ ਇੱਕ ਵੱਡੇ ਸੰਕਟ ਅਤੇ ਨੀਤੀਗਤ ਬੇਬਸੀ ਨੂੰ ਨੰਗਾ ਕਰਦਾ ਹੈ। ਇਸ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਮੁਲਕ ਉਦਯੋਗਿਕ ਦੌੜ ਵਿੱਚ ਪਛੜ ਰਿਹਾ ਹੈ।

ਭਾਰਤ ਦੇ ਵਿਦੇਸ਼ ਵਪਾਰ ਦੀ ਤਸਵੀਰ ਬੜੀ ਅਜੀਬ ਅਤੇ ਅਸੰਤੁਲਿਤ ਹੈ। ਅਮਰੀਕਾ ਅਤੇ ਚੀਨ ਦੋਵੇਂ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਬਣਨ ਦੀ ਦੌੜ ਵਿੱਚ ਸ਼ਾਮਲ ਹਨ, ਪਰ ਦੋਵਾਂ ਨਾਲ ਵਪਾਰ ਦਾ ਸੁਭਾਅ ਬਿਲਕੁਲ ਵੱਖਰਾ ਹੈ।

ਅਮਰੀਕਾ ਨਾਲ ਵਪਾਰ ਵਿੱਚ ਭਾਰਤ ਮੁਨਾਫ਼ੇ ਵਿੱਚ ਰਹਿੰਦਾ ਹੈ। ਭਾਰਤ ਅਮਰੀਕਾ ਨੂੰ ਸਾਫ਼ਟਵੇਅਰ ਸੇਵਾਵਾਂ, ਦਵਾਈਆਂ ਅਤੇ ਹੋਰ ਵਸਤਾਂ ਵੱਡੀ ਮਾਤਰਾ ਵਿੱਚ ਵੇਚਦਾ ਹੈ ਅਤੇ ਉੱਥੋਂ ਕਮਾਈ ਕਰਦਾ ਹੈ। ਦੂਜੇ ਪਾਸੇ, ਚੀਨ ਨਾਲ ਭਾਰਤ ਦਾ ਰਿਸ਼ਤਾ ਗੰਭੀਰ ਵਪਾਰਕ ਘਾਟੇ ਵਾਲਾ ਹੈ। ਭਾਰਤ ਚੀਨ ਨੂੰ ਨਿਰਯਾਤ ਬਹੁਤ ਘੱਟ ਕਰਦਾ ਹੈ, ਪਰ ਚੀਨ ਤੋਂ ਇਲੈਕਟ੍ਰੋਨਿਕਸ ਕੰਪੋਨੈਂਟਸ, ਸੋਲਰ ਪੈਨਲ, ਉਦਯੋਗਿਕ ਮਸ਼ੀਨਰੀ ਅਤੇ ਦਵਾਈਆਂ ਦਾ ਕੱਚਾ ਮਾਲ ਅਰਬਾਂ ਡਾਲਰ ਖ਼ਰਚ ਕੇ ਮੰਗਵਾਉਂਦਾ ਹੈ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਭਾਰਤ ਅਮਰੀਕਾ ਜਾਂ ਯੂਰਪ ਨੂੰ ਜੋ ਵੀ ਮੈਨੂਫ਼ੈਕਚਰਡ ਸਾਮਾਨ ਵੇਚਦਾ ਹੈ, ਉਸ ਦੇ ਅਹਿਮ ਪੁਰਜ਼ੇ ਅਤੇ ਕੱਚਾ ਮਾਲ ਚੀਨ ਤੋਂ ਹੀ ਆਉਂਦਾਹੈ। ਭਾਵ ਚੀਨੀ ਸਪਲਾਈ ਚੇਨ ਤੋਂ ਬਿਨਾਂ ਭਾਰਤ ਦਾ ਆਪਣਾ ਉਦਯੋਗਿਕ ਨਿਰਯਾਤ ਸਾਹ ਨਹੀਂ ਲੈ ਸਕਦਾ। ਇਤਿਹਾਸ ਗਵਾਹ ਹੈ ਕਿ ਕੋਈ ਵੀ ਦੇਸ਼ ਕਿਸੇ ਦੂਜੇ ਦੇਸ਼ ਦਾ ਵਿਕਾਸ ਕਰਨ ਲਈ ਅੱਗੇ ਨਹੀਂ ਆਉਂਦਾ। ਅਮਰੀਕਾ ਭਾਰਤ ਨੂੰ ਸਿਰਫ਼ ‘ਕੁਆਡ’ ਵਰਗੇ ਮੰਚਾਂ ਰਾਹੀਂ ਏਸ਼ੀਆ ਵਿੱਚ ਚੀਨ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਇੱਕ ਢਾਲ ਵਜੋਂ ਵਰਤਣਾ ਚਾਹੁੰਦਾ ਹੈ। ਅਮਰੀਕੀ ਕੰਪਨੀਆਂ ਦੀ ਦਿਲਚਸਪੀ ਭਾਰਤ ਨੂੰ ਆਧੁਨਿਕ ਤਕਨਾਲੋਜੀ ਟਰਾਂਸਫ਼ਰ ਕਰਨ ਵਿੱਚ ਨਹੀਂ, ਸਗੋਂ ਆਪਣੇ ਹਥਿਆਰ ਵੇਚਣ ਅਤੇ ਆਪਣੀਆਂ ਆਈਟੀ ਕੰਪਨੀਆਂ ਲਈ ਸਸਤੇ ਇੰਜੀਨੀਅਰ ਹਾਸਲ ਕਰਨ ਵਿੱਚ ਹੈ। ਜਦੋਂ ਵੀ ਭਾਰਤੀ ਕਿਸਾਨਾਂ, ਦਵਾਈਆਂ ਦੇ ਪੇਟੈਂਟ ਜਾਂ ਡੇਟਾ ਦੀ ਸੁਰੱਖਿਆ ਦਾ ਮਾਮਲਾ ਆਉਂਦਾ ਹੈ, ਅਮਰੀਕਾ ਤੁਰੰਤ ਭਾਰਤ ਉੱਤੇ ਸ਼ਰਤਾਂ ਥੋਪਣ ਲੱਗ ਪੈਂਦਾ ਹੈ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਵਿਕਸਤ ਬਣਾਉਣ ਦੀ ਜ਼ਿੰਮੇਵਾਰੀ ਨਾ ਵਾਸ਼ਿੰਗਟਨ ਚੁੱਕੇਗਾ ਅਤੇ ਨਾ ਹੀ ਬੀਜਿੰਗ। ਜੇਕਰ ਦੇਸ਼ ਨੇ ਸੱਚਮੁੱਚ ਤਰੱਕੀ ਦੀ ਰਾਹ ’ਤੇ ਤੁਰਨਾ ਹੈ, ਤਾਂ ਬਾਹਰੀ ਸਹਾਰਿਆਂ ਦੀ ਭਾਲ ਛੱਡ ਕੇ ਅੰਦਰੂਨੀ ਨੀਤੀਆਂ ਨੂੰ ਠੀਕ ਕਰਨਾ ਪਵੇਗਾ। ਸਿੱਖਿਆ ਅਤੇ ਸਿਹਤ ਵਿੱਚ ਸਰਕਾਰੀ ਨਿਵੇਸ਼ ਵਧਾਉਣਾ, ਵਿਗਿਆਨਕ ਖੋਜ ਨੂੰ ਉਤਸ਼ਾਹਿਤ ਕਰਨਾ ਅਤੇ ਚੰਦ ਅਰਬਪਤੀਆਂ ਦੀ ਥਾਂ ਲੱਖਾਂ ਛੋਟੇ ਉਦਯੋਗਾਂ ਨੂੰ ਮਜ਼ਬੂਤ ਕਰਨਾ ਹੀ ਭਾਰਤ ਨੂੰ ਸੱਚੇ ਅਰਥਾਂ ਵਿੱਚ ਉਦਯੋਗਿਕ ਮਹਾਂਸ਼ਕਤੀ ਬਣਾ ਸਕਦਾ ਹੈ।

ਬੰਦੂਕਾਂ ਤੋਂ ਬੈਲਟ ਬਾਕਸ ਤੱਕ

# ਕੀ ਯੂਪੀ-ਬਿਹਾਰ ਦੇ ਰਾਹ ਤੁਰ ਪਈ ਹੈ ਪੰਜਾਬ ਦੀ ਸਿਆਸਤ ?

## ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮਾਸਟਰਮਾਈਂਡ ਗੁਰਪ੍ਰੀਤ ਸੇਖੋਂ ਨੂੰ 'ਆਪ' ਦਾ ਥਾਪੜਾ: ਸਿਆਸੀ ਹਲਕਿਆਂ ਵਿੱਚ ਮਚਿਆ ਤੂਫ਼ਾਨ

## ਪੰਜਾਬ ਦੀ ਸਿਆਸਤ ਵਿੱਚ ਬਾਹੂਬਲੀਆਂ ਦਾ ਦਬਦਬਾ: ਰੌਕੀ ਤੋਂ ਬਾਅਦ ਹੁਣ ਗੁਰਪ੍ਰੀਤ ਸੇਖੋਂ ਦੀ ਐਂਟਰੀ

ਪੰਜਾਬ ਦੀ ਰਾਜਨੀਤੀ ਵਿੱਚ ਅਪਰਾਧਿਕ ਜਗਤ ਦੇ ਪੈਰ ਪਸਾਰਨ ਦਾ ਸਿਲਸਿਲਾ ਹੁਣ ਪਰਦੇ ਦੇ ਪਿੱਛੇ ਦੀ ਖੇਡ ਨਹੀਂ ਰਿਹਾ, ਸਗੋਂ ਲੋਕਤੰਤਰ ਦੀ ਹਿੱਕ ਉੱਤੇ ਸ਼ਰੇਆਮ ਨੱਚਦਾ ਇੱਕ ਕੌੜਾ ਸੱਚ ਬਣ ਚੁੱਕਾ ਹੈ। ਦੇਸ਼ ਦੇ ਅਪਰਾਧਿਕ ਇਤਿਹਾਸ ਵਿੱਚ ਸਭ ਤੋਂ ਵੱਡੇ ਅਤੇ ਦਿਲ ਦਹਿਲਾਉਣ ਵਾਲੇ ਕਾਂਡਾਂ ਵਿੱਚੋਂ ਇੱਕ ਮੰਨੇ ਜਾਂਦੇ 2016 ਦੇ ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਅਤੇ ਪੰਜਾਬ ਪੁਲਿਸ ਦੀ 'ਮੋਸਟ ਵਾਂਟੇਡ' ਸੂਚੀ ਵਿੱਚ ਰਹਿ ਚੁੱਕੇ ਸਾਬਕਾ ਏ-ਕੈਟਾਗਰੀ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਦਾ ਸੱਤਾਧਾਰੀ ਆਮ ਆਦਮੀ ਪਾਰਟੀ ਵਿੱਚ ਰਸਮੀ ਤੌਰ 'ਤੇ ਸ਼ਾਮਲ ਹੋਣਾ ਸੂਬੇ ਦੇ ਸਿਆਸੀ ਖ਼ਮੀਰ ਦੇ ਨਿਘਾਰ ਦੀ ਸਿਖ਼ਰ ਹੈ। ਇੱਕ ਸਮਾਂ ਸੀ ਜਦੋਂ ਗੈਂਗਸਟਰਾਂ ਦੀ ਮਦਦ ਸਿਆਸੀ ਆਗੂ ਰਾਤ ਦੇ ਹਨੇਰੇ ਵਿੱਚ ਚੋਣ ਬੂਥਾਂ ਨੂੰ ਲੁੱਟਣ ਜਾਂ ਵਿਰੋਧੀਆਂ ਨੂੰ ਧਮਕਾਉਣ ਲਈ ਗੁਪਤ ਰੂਪ ਵਿੱਚ ਲੈਂਦੇ ਸਨ, ਪਰ ਅੱਜ ਉਹੀ ਬਾਹੂਬਲੀ ਦਿਨ ਦੇ ਚਾਨਣ ਵਿੱਚ ਪਾਰਟੀ ਦੇ ਚੋਲੇ ਪਾ ਕੇ ਮੰਚਾਂ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਬਿਰਾਜਮਾਨ ਹੋ ਰਹੇ ਹਨ। ਬਦਲਾਅ, ਭ੍ਰਿਸ਼ਟਾਚਾਰ ਮੁਕਤ ਰਾਜ ਅਤੇ ਨਵੇਂ ਪੰਜਾਬ ਦੇ ਆਦਰਸ਼ਵਾਦੀ ਨਾਅਰਿਆਂ ਨਾਲ ਹੋਂਦ ਵਿੱਚ ਆਈ ਸਿਆਸੀ ਧਿਰ ਵੱਲੋਂ ਅਜਿਹੇ ਅਪਰਾਧਿਕ ਪਿਛੋਕੜ ਵਾਲੇ ਚਿਹਰੇ ਨੂੰ ਗਲਵੱਕੜੀ ਪਾਉਣਾ ਇਹ ਸਿੱਧ ਕਰਦਾ ਹੈ ਕਿ ਸੱਤਾ ਦੀ ਭੁੱਖ ਅੱਗੇ ਸਿਧਾਂਤ, ਇਖ਼ਲਾਕ ਅਤੇ ਲੋਕਾਂ ਦਾ ਭਰੋਸਾ ਕੋਈ ਅਹਿਮੀਅਤ ਨਹੀਂ ਰੱਖਦੇ।

ਬੀਤੇ ਦਿਨੀਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਕਸਬਾ ਜ਼ੀਰਾ ਵਿਖੇ 6 ਸਤੰਬਰ ਨੂੰ ਹੋਏ ਇੱਕ ਵੱਡੇ ਜਨਤਕ ਇਕੱਠ ਦੌਰਾਨ ਸੂਬੇ ਦੇ ਸਿਆਸੀ ਸਮੀਕਰਨਾਂ ਵਿੱਚ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰਪ੍ਰੀਤ ਸਿੰਘ ਸੇਖੋਂ ਨੂੰ ਗਲ ਵਿੱਚ ਪਾਰਟੀ ਦਾ ਪਟਕਾ ਪਾ ਕੇ ਸਵਾਗਤ ਕੀਤਾ। ਇਸ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਸਮਰਥਕਾਂ ਦੇ ਸਾਹਮਣੇ ਸੇਖੋਂ ਨੇ ਮੁੱਖ ਮੰਤਰੀ ਨੂੰ ਆਪਣਾ ਵੱਡਾ ਭਰਾ ਗਰਦਾਨਦਿਆਂ ਭਾਵੁਕ ਲਹਿਜੇ ਵਿੱਚ ਸੰਬੋਧਨ ਕੀਤਾ। ਸੇਖੋਂ ਨੇ ਕਿਹਾ ਕਿ ਅੱਜ ਤੁਸੀਂ ਵੱਡੇ ਭਰਾ ਬਣ ਕੇ ਮੇਰੀ ਬਾਂਹ ਫੜੀ ਹੈ, ਅਸੀਂ ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਸਿਰ ਦੇ ਦਿਆਂਗੇ ਪਰ ਪਿੱਛੇ ਨਹੀਂ ਹਟਾਂਗੇ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਸਿਰਫ਼ ਵਿਧਾਨ ਸਭਾ ਹਲਕਾ ਜ਼ੀਰਾ ਹੀ ਨਹੀਂ, ਸਗੋਂ ਸਮੁੱਚੇ ਮਾਲਵਾ ਖੇਤਰ ਅਤੇ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕਰ ਦੇਣਗੇ।





ਇਸ ਦੌਰਾਨ ਗੁਰਪ੍ਰੀਤ ਸੇਖੋਂ ਨੇ ਮੰਚ ਤੋਂ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਨੂੰ ਛੂੰਹਦੇ ਕਈ ਮੁੱਦੇ ਉਠਾਏ। ਉਨ੍ਹਾਂ ਪੰਜਾਬ ਸਰਕਾਰ ਦੀ 300 ਯੂਨਿਟ ਮੁਫ਼ਤ ਬਿਜਲੀ ਅਤੇ ਔਰਤਾਂ ਲਈ ਵਿੱਤੀ ਸਕੀਮਾਂ ਦੀ ਸ਼ਲਾਘਾ ਕਰਦਿਆਂ ਹਲਕੇ ਦੇ ਕਿਸਾਨਾਂ ਲਈ ਨਹਿਰੀ ਪਾਣੀ ਦੇ ਸਿੰਚਾਈ ਪ੍ਰਬੰਧ ਮਜ਼ਬੂਤ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਸਥਾਨਕ ਸਰਕਾਰੀ ਕਾਲਜ ਵਿੱਚ ਨਵੇਂ ਡਿਗਰੀ ਅਤੇ ਰੁਜ਼ਗਾਰ ਮੁਖੀ ਕੋਰਸ ਸ਼ੁਰੂ ਕਰਨ, ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਇੱਕ ਕੌਮਾਂਤਰੀ ਪੱਧਰ ਦਾ ਕ੍ਰਿਕਟ ਸਟੇਡੀਅਮ ਬਣਾਉਣ ਦੀ ਮੰਗ ਰੱਖੀ। ਧਾਰਮਿਕ ਤੇ ਪੰਥਕ ਭਾਵਨਾਵਾਂ ਦਾ ਲਾਹਾ ਲੈਂਦਿਆਂ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਅਤੇ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਠੋਸ ਯਤਨ ਕਰਨ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਚੁੱਕਿਆ।

### ਗੁਰਪ੍ਰੀਤ ਸੇਖੋਂ ਦਾ ਖ਼ੌਫ਼ਨਾਕ ਅਤੀਤ: 47 ਪਰਚੇ ਅਤੇ ਨਾਭਾ ਜੇਲ੍ਹ ਬ੍ਰੇਕ ਕਾਂਡ

ਫ਼ਿਰੋਜ਼ਪੁਰ ਜ਼ਿਲ੍ਹੇ ਦੇ ਇਤਿਹਾਸਕ ਕਸਬੇ ਮੁੱਦਕੀ ਨਾਲ ਸਬੰਧਤ ਗੁਰਪ੍ਰੀਤ ਸਿੰਘ ਸੇਖੋਂ ਪੰਜਾਬ ਦੇ ਜੁਰਮ ਦੇ ਇਤਿਹਾਸ ਦਾ ਕੋਈ ਸਾਧਾਰਨ ਕਿਰਦਾਰ ਨਹੀਂ ਹੈ। ਮੁੱਦਕੀ ਖੇਤਰ ਥਾਣਾ ਘੱਲ-ਖੁਰਦ ਅਧੀਨ ਪੈਂਦਾ ਹੈ ਅਤੇ ਪੁਲਿਸ ਦੇ ਰਿਕਾਰਡ ਮੁਤਾਬਕ ਇੱਕ ਦੌਰ ਵਿੱਚ ਸੇਖੋਂ ਵਿਰੁੱਧ ਕੁੱਲ 47 ਅਪਰਾਧਿਕ ਮਾਮਲੇ ਦਰਜ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੇਸ ਕਤਲ, ਕਤਲ ਦੀ ਕੋਸ਼ਿਸ਼, ਡਕੈਤੀ, ਫਿਰੌਤੀ ਅਤੇ ਅਸਲਾ ਐਕਟ ਵਰਗੀਆਂ ਬੇਹੱਦ ਸੰਗੀਨ ਧਾਰਾਵਾਂ ਤਹਿਤ ਦਰਜ ਸਨ। ਪੰਜਾਬ ਦੇ ਗੈਂਗਸਟਰ ਨੈੱਟਵਰਕ ਵਿੱਚ ਸੇਖੋਂ ਦਾ ਨਾਮ ਉਸ ਵੇਲੇ ਮੂਹਰਲੀ ਕਤਾਰ ਵਿੱਚ ਆਇਆ ਸੀ ਜਦੋਂ ਉਸ ਨੇ ਗੈਂਗਸਟਰ ਸ਼ੇਰਾ ਖੁੱਬਣ ਅਤੇ ਵਿੱਕੀ ਗੌਂਡਰ ਗਰੁੱਪ ਨਾਲ ਮਿਲ ਕੇ ਕਈ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ।

### ਸੇਖੋਂ ਦਾ ਅਪਰਾਧਿਕ ਇਤਿਹਾਸ ਤੇ ਸਿਆਸੀ , ਸਮਾਜਿਕ ਗਤੀਵਿਧੀਆਂ

ਅਪਰਾਧਿਕ ਇਤਿਹਾਸ ਦੇ ਸਭ ਤੋਂ ਕਾਲੇ ਪੰਨੇ ਮੰਨੇ ਜਾਂਦੇ ਹਨ। ਪਹਿਲਾ ਮਾਮਲਾ 27 ਨਵੰਬਰ 2016 ਦਾ ਬਹੁ-ਚਰਚਿਤ ਨਾਭਾ ਜੇਲ੍ਹ ਬ੍ਰੇਕ ਕਾਂਡ ਸੀ, ਜਿਸ ਨੇ ਦੇਸ਼ ਭਰ ਦੇ ਸੁਰੱਖਿਆ ਪ੍ਰਬੰਧਾਂ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ ਸੀ। ਪੁਲਿਸ ਦੀ ਵਰਦੀ ਪਾ ਕੇ ਆਏ 15 ਦੇ ਕਰੀਬ ਹਥਿਆਰਬੰਦ ਹਮਲਾਵਰਾਂ ਨੇ ਪੰਜਾਬ ਦੀ ਅਤਿ-ਸੁਰੱਖਿਅਤ ਮੰਨੀ ਜਾਂਦੀ ਮੈਕਸੀਮਮ ਸਕਿਓਰਿਟੀ ਜੇਲ੍ਹ ਨਾਭਾ 'ਤੇ ਹਮਲਾ ਕੀਤਾ, ਗਾਰਡਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ, ਕਸ਼ਮੀਰ ਸਿੰਘ ਗਲਵੱਡੀ ਸਮੇਤ ਚਾਰ ਖ਼ਤਰਨਾਕ ਗੈਂਗਸਟਰਾਂ—ਵਿੱਕੀ ਗੌਂਡਰ, ਗੁਰਪ੍ਰੀਤ ਸੇਖੋਂ, ਕੁਲਪ੍ਰੀਤ ਸਿੰਘ ਨੀਟਾ ਦਿਓਲ ਅਤੇ ਅਮਨਦੀਪ ਢੋਟੀਆਂ ਨੂੰ ਛੁਡਵਾ ਕੇ ਫ਼ਰਾਰ ਹੋ ਗਏ ਸਨ। ਪੁਲਿਸ ਜਾਂਚ ਵਿੱਚ ਇਹ ਸਾਬਤ ਹੋਇਆ ਸੀ ਕਿ ਇਸ ਪੂਰੀ ਸਾਜ਼ਿਸ਼ ਦਾ ਅਸਲ ਮਾਸਟਰਮਾਈਂਡ ਗੁਰਪ੍ਰੀਤ ਸੇਖੋਂ ਹੀ ਸੀ। ਇਸ ਕਾਂਡ ਵਿੱਚ ਅਦਾਲਤ ਵੱਲੋਂ ਸੇਖੋਂ ਨੂੰ 10 ਸਾਲ ਦੀ ਕੈਦ ਦੀ ਸਜ਼ਾ ਵੀ ਸੁਣਾਈ ਗਈ ਸੀ। ਇਸ ਤੋਂ ਇਲਾਵਾ, ਜਲੰਧਰ ਜ਼ਿਲ੍ਹੇ ਦੇ ਗੁਰਾਇਆ ਨੇੜੇ ਹਾਈਵੇਅ 'ਤੇ ਪੁਲਿਸ ਹਿਰਾਸਤ ਵਿੱਚ ਲਿਜਾਏ ਜਾ ਰਹੇ ਗੈਂਗਸਟਰ ਸੁੱਖਾ ਕਾਹਲਵਾਂ ਦੇ ਦਿਨ-ਦਿਹਾੜੇ ਕੀਤੇ ਗਏ ਬੇਰਹਿਮ ਕਤਲ ਵਿੱਚ ਵੀ ਸੇਖੋਂ ਦੀ ਅਹਿਮ ਸ਼ਮੂਲੀਅਤ ਦਾ ਦੋਸ਼ ਲੱਗਾ ਸੀ।

ਕਾਨੂੰਨੀ ਉਲਝਣਾਂ ਅਤੇ ਸਜ਼ਾਵਾਂ ਦੇ ਬਾਵਜੂਦ ਸੇਖੋਂ ਦੇ ਵਕੀਲ ਅਰਸ਼ ਰੰਧਾਵਾ ਦਾ ਕਹਿਣਾ ਹੈ ਕਿ ਅਦਾਲਤ ਵੱਲੋਂ ਸਜ਼ਾ ਮੁਅੱਤਲ ਕੀਤੇ ਜਾਣ ਤੋਂ ਬਾਅਦ ਗੁਰਪ੍ਰੀਤ ਸਿੰਘ ਸੇਖੋਂ 22 ਨਵੰਬਰ 2023 ਨੂੰ ਜੇਲ੍ਹ ਵਿੱਚੋਂ ਬਾਹਰ ਆ ਗਏ ਸਨ। ਵਕੀਲ ਮੁਤਾਬਕ ਉਨ੍ਹਾਂ 'ਤੇ ਦਰਜ 47 ਮਾਮਲਿਆਂ ਵਿੱਚੋਂ ਜ਼ਿਆਦਾਤਰ ਕੇਸਾਂ ਦਾ ਕਾਨੂੰਨੀ ਨਿਪਟਾਰਾ ਹੋ ਚੁੱਕਾ ਹੈ ਜਾਂ ਉਹ ਅਦਾਲਤਾਂ ਵੱਲੋਂ ਬਰੀ ਕੀਤੇ ਜਾ ਚੁੱਕੇ ਹਨ। ਬਚਾਅ ਪੱਖ ਦਾ ਇਹ ਦਾਅਵਾ ਹੈ ਕਿ ਸੇਖੋਂ ਪਿਛਲੇ ਦੋ ਸਾਲਾਂ ਤੋਂ ਅਪਰਾਧ ਦੀ ਦੁਨੀਆ ਨੂੰ ਪੂਰੀ ਤਰ੍ਹਾਂ ਅਲਵਿਦਾ ਕਹਿ ਕੇ ਸਮਾਜਿਕ ਗਤੀਵਿਧੀਆਂ ਅਤੇ ਲੋਕ ਸੇਵਾ ਦੇ ਕੰਮਾਂ ਵਿੱਚ ਰੁੱਝੇ ਹੋਏ ਹਨ।

ਜੇਲ੍ਹ ਤੋਂ ਬਾਹਰ ਆਉਣ ਮਗਰੋਂ ਸੇਖੋਂ ਪਰਿਵਾਰ ਨੇ ਸਿੱਧੇ ਤੌਰ 'ਤੇ ਚੋਣ ਰਾਜਨੀਤੀ ਵਿੱਚ ਪੈਰ ਧਰਨੇ ਸ਼ੁਰੂ ਕਰ ਦਿੱਤੇ। ਪੰਜਾਬ ਵਿੱਚ ਹੋਈਆਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਗੁਰਪ੍ਰੀਤ ਸੇਖੋਂ ਨੇ ਖ਼ੁਦ ਪਰਦੇ ਪਿੱਛੇ ਰਹਿਣ ਦੀ ਬਜਾਏ ਆਪਣੀ ਪਤਨੀ ਮਨਦੀਪ ਕੌਰ ਸੇਖੋਂ ਨੂੰ ਬਜੀਦਪੁਰ ਜ਼ੋਨ ਤੋਂ ਚੋਣ ਮੈਦਾਨ ਵਿੱਚ ਉਤਾਰਿਆ, ਜਦਕਿ ਇੱਕ ਹੋਰ ਰਿਸ਼ਤੇਦਾਰ ਵੀ ਚੋਣ ਲੜਿਆ। ਇਸ ਪੂਰੀ ਚੋਣ ਮੁਹਿੰਮ ਦੀ ਕਮਾਨ ਖ਼ੁਦ ਸੇਖੋਂ ਨੇ ਸੰਭਾਲੀ ਹੋਈ ਸੀ। ਚੋਣਾਂ ਦੌਰਾਨ ਉਸ ਵੇਲੇ ਵੱਡਾ ਡਰਾਮਾ ਹੋਇਆ ਜਦੋਂ 12 ਦਸੰਬਰ 2025 ਨੂੰ ਫ਼ਿਰੋਜ਼ਪੁਰ ਪੁਲਿਸ ਨੇ ਅਮਨ-ਕਾਨੂੰਨ ਦੀ ਸਥਿਤੀ ਦਾ ਹਵਾਲਾ ਦੇ ਕੇ ਗੁਰਪ੍ਰੀਤ ਸੇਖੋਂ ਨੂੰ ਹਿਫ਼ਾਜ਼ਤੀ ਹਿਰਾਸਤ ਵਿੱਚ ਲੈ ਲਿਆ। ਇਸ ਕਾਰਵਾਈ ਦਾ ਪਰਿਵਾਰ ਨੇ ਡਟਵਾਂ ਵਿਰੋਧ ਕੀਤਾ ਅਤੇ ਸੇਖੋਂ ਦੀਆਂ ਧੀਆਂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਦੋਸ਼ ਲਾਇਆ ਕਿ ਚੋਣ ਪ੍ਰਚਾਰ ਰੋਕਣ ਲਈ ਉਨ੍ਹਾਂ ਦੇ ਪਿਤਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਆਖ਼ਰਕਾਰ ਸੇਖੋਂ ਦੀ ਮਾਤਾ ਕੁਲਬੀਰ ਕੌਰ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਬਾਅਦ ਅਦਾਲਤ ਦੇ ਸਖ਼ਤ ਦਖ਼ਲ ਨਾਲ ਪੁਲਿਸ ਨੂੰ ਉਸੇ ਦਿਨ ਦੇਰ ਸ਼ਾਮ ਸੇਖੋਂ ਨੂੰ ਰਿਹਾਅ ਕਰਨਾ ਪਿਆ ਸੀ।


### ਪੰਜਾਬ ਵਿੱਚ ਗੈਂਗਸਟਰਵਾਦ ਅਤੇ ਰਾਜਨੀਤੀ ਦਾ ਪੁਰਾਣਾ ਗੱਠਜੋੜ

ਪੰਜਾਬ ਦੀ ਧਰਤੀ 'ਤੇ ਅਪਰਾਧ ਅਤੇ ਸਿਆਸਤ ਦਾ ਇਹ ਨਾਪਾਕ ਰਿਸ਼ਤਾ ਅਚਾਨਕ ਨਹੀਂ ਪਣਪਿਆ, ਸਗੋਂ ਪਿਛਲੇ ਸਾਢੇ ਤਿੰਨ ਦਹਾਕਿਆਂ ਦੌਰਾਨ ਇਸ ਨੇ ਇੱਕ ਬਾਕਾਇਦਾ ਰਣਨੀਤਕ ਰੂਪ ਧਾਰਨ ਕੀਤਾ ਹੈ। 1980 ਅਤੇ 1990 ਦੇ ਦਹਾਕੇ ਵਿੱਚ ਪੰਜਾਬ ਅੰਦਰ ਆਧੁਨਿਕ ਗੈਂਗਸਟਰਵਾਦ ਦੀ ਨੀਂਹ ਰੱਖਣ ਵਾਲਾ ਪ੍ਰਭਜਿੰਦਰ ਸਿੰਘ ਬਰਾੜ ਉਰਫ਼ ਡਿੰਪੀ ਚੰਦਭਾਨ (ਫ਼ਰੀਦਕੋਟ) ਇਸ ਲੜੀ ਦਾ ਪਹਿਲਾ ਵੱਡਾ ਮੋਢੀ ਸੀ। ਉਸ ਨੇ ਪੰਜਾਬ ਦੇ ਉਸ ਵੇਲੇ ਦੇ ਗਰਮਖ਼ਿਆਲੀ ਆਗੂਆਂ ਅਤੇ ਅਕਾਲੀ ਧੜਿਆਂ ਨਾਲ ਗੂੜ੍ਹੀ ਸਾਂਝ ਪਾਈ ਹੋਈ ਸੀ। ਜਦੋਂ ਪੰਜਾਬ ਪੁਲਿਸ ਦਾ ਦਬਾਅ ਵਧਿਆ ਤਾਂ ਉਹ ਉੱਤਰ ਪ੍ਰਦੇਸ਼ ਚਲਾ ਗਿਆ, ਜਿੱਥੇ ਉਸ ਨੇ ਮੁਖ਼ਤਾਰ ਅੰਸਾਰੀ ਅਤੇ ਅਤੀਕ ਅਹਿਮਦ ਵਰਗੇ ਕੱਦਾਵਰ ਮਾਫ਼ੀਆ ਡੌਨਾਂ ਨਾਲ ਹੱਥ ਮਿਲਾ ਕੇ ਅਗਵਾ ਅਤੇ ਫਿਰੌਤੀ ਦਾ ਅੰਤਰਰਾਜੀ ਨੈੱਟਵਰਕ ਚਲਾਇਆ। (**ਬਾਕੀ ਸਫ਼ਾ 27 'ਤੇ**)

# 99 ਫ਼ੀਸਦੀ ਅਪਰਾਧ ਨਾਜਾਇਜ਼ ਅਸਲੇ ਨਾਲ, ਫਿਰ ਕਾਨੂੰਨੀ ਲਾਇਸੈਂਸਾਂ 'ਤੇ ਅਣ-ਐਲਾਨੀ ਪਾਬੰਦੀ ਕਿਉਂ ?

## ਪੰਜਾਬ 'ਚ ਗ਼ੈਰ-ਕਾਨੂੰਨੀ ਅਸਲੇ ਦੀ ਤਸਕਰੀ ਬੇਕਾਬੂ ਗੈਂਗਸਟਰ ਬੇਖ਼ੌਫ਼, ਆਮ ਸ਼ਹਿਰੀ ਨਿਹੱਥਾ

ਪੰਜਾਬ ਅੰਦਰ ਅਮਨ-ਕਾਨੂੰਨ ਦੀ ਸਥਿਤੀ ਅਤੇ ਲਗਾਤਾਰ ਪੈਰ ਪਸਾਰ ਰਹੇ ਗੈਂਗਸਟਰਵਾਦ ਦੇ ਮਾਹੌਲ ਵਿੱਚ ਸੂਬਾ ਸਰਕਾਰ ਵੱਲੋਂ ਅਸਲਾ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਉੱਤੇ ਜ਼ੁਬਾਨੀ ਹੁਕਮਾਂ ਰਾਹੀਂ ਲਗਾਈ ਗਈ ਅਣ-ਐਲਾਨੀ ਰੋਕ ਗੰਭੀਰ ਸੰਵਿਧਾਨਕ, ਪ੍ਰਸ਼ਾਸਨਿਕ ਅਤੇ ਜ਼ਮੀਨੀ ਸਵਾਲ ਖੜ੍ਹੇ ਕਰਦੀ ਹੈ। ਇਹ ਹੈਰਾਨੀਜਨਕ ਹੈ ਕਿ ਆਪ ਸਰਕਾਰ ਜੁਰਮ ਉੱਤੇ ਕਾਬੂ ਪਾਉਣ ਦੇ ਨਾਂ ਹੇਠ ਉਨ੍ਹਾਂ ਕਾਨੂੰਨ-ਪਸੰਦ ਨਾਗਰਿਕਾਂ ਦੇ ਹੱਥ ਬੰਨ੍ਹ ਰਹੀ ਹੈ, ਜੋ ਆਪਣੀ ਜਾਨ-ਮਾਲ ਦੀ ਰਾਖੀ ਲਈ ਜਾਇਜ਼ ਢੰਗ ਨਾਲ ਲਾਇਸੈਂਸ ਮੰਗ ਰਹੇ ਹਨ। ਜਦੋਂ ਸੂਬੇ ਦੇ ਵਪਾਰੀਆਂ, ਕਾਰੋਬਾਰੀਆਂ, ਕਿਸਾਨਾਂ ਅਤੇ ਆਮ ਸ਼ਹਿਰੀਆਂ ਨੂੰ ਫਿਰੌਤੀਆਂ ਦੀਆਂ ਧਮਕੀਆਂ ਮਿਲ ਰਹੀਆਂ ਹੋਣ, ਉਸ ਵੇਲੇ ਕਾਨੂੰਨੀ ਅਸਲੇ ਦੇ ਰਾਹ ਬੰਦ ਕਰ ਦੇਣਾ ਸਮੱਸਿਆ ਦਾ ਹੱਲ ਨਹੀਂ, ਸਗੋਂ ਆਪਣੀ ਪ੍ਰਸ਼ਾਸਨਿਕ ਨਾਕਾਮੀ ਉੱਤੇ ਪਰਦਾ ਪਾਉਣ ਦਾ ਯਤਨ ਜਾਪਦਾ ਹੈ।ਸਰਕਾਰੀ ਅੰਕੜੇ ਖ਼ੁਦ ਇਸ ਹਕੀਕਤ ਦੀ ਗਵਾਹੀ ਭਰਦੇ ਹਨ ਕਿ ਪੰਜਾਬ ਵਿੱਚ ਹਥਿਆਰਾਂ ਨਾਲ ਹੋਣ ਵਾਲੇ ਅਪਰਾਧਾਂ, ਕਤਲਾਂ ਅਤੇ ਡਕੈਤੀਆਂ ਵਿੱਚ 99 ਫ਼ੀਸਦੀ ਤੋਂ ਵੱਧ ਵਰਤੋਂ ਗ਼ੈਰ-ਕਾਨੂੰਨੀ ਅਤੇ ਨਾਜਾਇਜ਼ ਅਸਲੇ ਦੀ ਹੁੰਦੀ ਹੈ। ਪਿਛਲੇ ਤਿੰਨ ਸਾਲਾਂ ਦੌਰਾਨ ਹੀ ਪੰਜਾਬ ਪੁਲਿਸ ਵੱਲੋਂ ਜ਼ਬਤ ਕੀਤੇ ਗਏ 2300 ਤੋਂ ਵਧੇਰੇ ਨਾਜਾਇਜ਼ ਹਥਿਆਰ ਇਹ ਸਾਬਤ ਕਰਦੇ ਹਨ ਕਿ ਸਰਹੱਦ ਪਾਰੋਂ ਡਰੋਨਾਂ ਰਾਹੀਂ ਅਤੇ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਜਾਂ ਬਿਹਾਰ ਵਰਗੇ ਸੂਬਿਆਂ ਤੋਂ ਤਸਕਰੀ ਰਾਹੀਂ ਪੁੱਜ ਰਹੇ ਹਥਿਆਰ ਹੀ ਅਪਰਾਧ ਦੀ ਅਸਲ ਜੜ੍ਹ ਹਨ। ਦੂਜੇ ਪਾਸੇ, ਲਾਇਸੈਂਸੀ ਹਥਿਆਰਾਂ ਨਾਲ ਕਿਸੇ ਅਪਰਾਧਿਕ ਵਾਰਦਾਤ ਵਿੱਚ ਸ਼ਮੂਲੀਅਤ ਦਾ ਅੰਕੜਾ ਇੱਕ ਫ਼ੀਸਦੀ ਤੋਂ ਵੀ ਘੱਟ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਅਪਰਾਧ ਗ਼ੈਰ-ਕਾਨੂੰਨੀ ਹਥਿਆਰਾਂ ਨਾਲ ਹੋ ਰਹੇ ਹਨ, ਤਾਂ ਸਰਕਾਰ ਦੀ ਸਖ਼ਤੀ ਦਾ ਸ਼ਿਕਾਰ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਕਿਉਂ ਬਣ ਰਹੇ ਹਨ ?ਅਸਲਾ ਲਾਇਸੈਂਸਾਂ ਉੱਤੇ ਬਿਨਾਂ ਕਿਸੇ ਲਿਖਤੀ ਗਜ਼ਟ ਨੋਟੀਫਿਕੇਸ਼ਨ ਦੇ 'ਜ਼ੁਬਾਨੀ ਰੋਕ' ਲਗਾਉਣਾ ਕਾਨੂੰਨ ਦੇ ਰਾਜ ਦੀ ਭਾਵਨਾ ਦੇ ਵੀ ਉਲਟ ਹੈ। ਅਸਲਾ ਐਕਟ, 1959 ਤਹਿਤ ਹਰ ਯੋਗ ਨਾਗਰਿਕ ਨੂੰ ਸਵੈ-ਰੱਖਿਆ ਲਈ ਹਥਿਆਰ ਅਪਲਾਈ ਕਰਨ ਦਾ ਅਧਿਕਾਰ ਪ੍ਰਾਪਤ ਹੈ। ਜਦੋਂ ਪ੍ਰਸ਼ਾਸਨ ਦਫ਼ਤਰੀ ਪੱਧਰ 'ਤੇ ਫਾਈਲਾਂ ਨੂੰ ਬਿਨਾਂ ਵਜ੍ਹਾ ਦਬਾ ਕੇ ਬੈਠ ਜਾਂਦਾ ਹੈ, ਤਾਂ ਇਸ ਨਾਲ ਜੁਰਮ ਤਾਂ ਨਹੀਂ ਰੁਕਦਾ, ਪਰ ਭ੍ਰਿਸ਼ਟਾਚਾਰ ਦੀ ਇੱਕ ਨਵੀਂ ਮੰਡੀ ਜ਼ਰੂਰ ਖੁੱਲ੍ਹ ਜਾਂਦੀ ਹੈ। ਹਾਲ ਹੀ ਵਿੱਚ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਇਹ ਦੋਸ਼ ਖੁੱਲ੍ਹ ਕੇ ਲਾਏ ਗਏ ਹਨ ਕਿ ਇੱਕ ਲਾਇਸੈਂਸ ਜਾਰੀ ਕਰਵਾਉਣ ਲਈ ਤਿੰਨ ਤੋਂ ਪੰਜ ਲੱਖ ਰੁਪਏ ਤੱਕ ਦੀ ਰਿਸ਼ਵਤ ਮੰਗੀ ਜਾ ਰਹੀ ਹੈ। ਸਰਕਾਰੀ ਫੀਸਾਂ ਪਹਿਲਾਂ ਹੀ 50 ਤੋਂ 70 ਹਜ਼ਾਰ ਰੁਪਏ ਤੱਕ ਪਹੁੰਚ ਚੁੱਕੀਆਂ ਹਨ। ਸਿੱਟਾ ਇਹ ਨਿਕਲਦਾ ਹੈ ਕਿ ਇੱਕ ਪਾਸੇ ਆਮ ਤੇ ਇਮਾਨਦਾਰ ਸ਼ਹਿਰੀ ਆਪਣੇ ਹੱਕ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਸ਼ਾਸਨਿਕ ਕਮਜ਼ੋਰੀਆਂ ਕਾਰਨ ਜੁਰਮ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਰਹਿੰਦੇ ਹਨ।ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨੀਤੀ ਦਾ ਇੱਕ ਹੋਰ ਨਾਂਹ-ਪੱਖੀ ਪਹਿਲੂ ਇਹ ਹੈ ਕਿ ਜਦੋਂ ਕਾਨੂੰਨੀ ਰਾਹ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ ਅਤੇ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ, ਤਾਂ ਕਈ ਵਾਰ ਬੇਵੱਸ ਲੋਕ ਆਪਣੀ ਸੁਰੱਖਿਆ ਲਈ ਗ਼ੈਰ-ਕਾਨੂੰਨੀ ਸਾਧਨਾਂ ਵੱਲ ਝੁਕਣ ਲਈ ਮਜਬੂਰ ਹੋ ਜਾਂਦੇ ਹਨ। ਕਾਲੇ ਬਾਜ਼ਾਰ ਵਿੱਚੋਂ ਨਾਜਾਇਜ਼ ਅਸਲਾ ਖਰੀਦਣਾ ਕਾਨੂੰਨੀ ਹਥਿਆਰ ਦੇ ਝੰਜਟਾਂ ਨਾਲੋਂ ਸਸਤਾ ਅਤੇ ਕਾਗ਼ਜ਼ੀ ਕਾਰਵਾਈ ਤੋਂ ਮੁਕਤ ਜਾਪਦਾ ਹੈ, ਜੋ ਸਮਾਜ ਅੰਦਰ ਅਣ-ਟਰੇਸਡ ਹਥਿਆਰਾਂ ਦੀ ਗਿਣਤੀ ਹੋਰ ਵਧਾਉਂਦਾ ਹੈ।ਇਸੇ ਤਰ੍ਹਾਂ ਚੋਣਾਂ ਜਾਂ ਕਿਸੇ ਸੰਵੇਦਨਸ਼ੀਲ ਮੌਕੇ ਸਾਰੇ ਲਾਇਸੈਂਸੀ ਹਥਿਆਰਾਂ ਨੂੰ ਥਾਣਿਆਂ ਵਿੱਚ ਜਮ੍ਹਾਂ ਕਰਵਾਉਣ ਦੀ ਰਵਾਇਤ ਵੀ ਮੁੜ ਵਿਚਾਰਨ ਦੀ ਮੰਗ ਕਰਦੀ ਹੈ। ਜਲੰਧਰ ਦੇ ਬਿਜਨੈਸਮੈਨ ਕਰਨੇਸ਼ ਸਰਮਾ ਦਾ ਕਹਿਣਾ ਹੈ ਕਿ ਅਪਰਾਧੀ ਅਤੇ ਗੈਂਗਸਟਰ ਕਿਸੇ ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾਂ ਨਾਜਾਇਜ਼ ਹਥਿਆਰ ਲੈ ਕੇ ਘੁੰਮਦੇ ਰਹਿੰਦੇ ਹਨ, ਜਦਕਿ ਸ਼ਰੀਫ਼ ਨਾਗਰਿਕ ਤੋਂ ਸਵੈ-ਰੱਖਿਆ ਦਾ ਇੱਕੋ-ਇੱਕ ਕਾਨੂੰਨੀ ਸਾਧਨ ਵੀ ਖੋਹ ਲਿਆ ਜਾਂਦਾ ਹੈ।



(**ਬਾਕੀ ਸਫ਼ਾ 26 'ਤੇ**)

# ਕੈਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਸਿੱਖਾਂ ਵਿਰੁੱਧ ਨਫ਼ਰਤ ਦੀਆਂ ਅਣਸੁਖਾਵੀਆਂ ਘਟਨਾਵਾਂ ’ਤੇ ਠੱਲ੍ਹ ਪਾਉਣ: ਐਡਵੋਕੇਟ ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦੇਸ਼ਾਂ, ਖਾਸ ਕਰਕੇ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਭਾਈਚਾਰੇ ਅਤੇ ਧਾਰਮਿਕ ਸਥਾਨਾਂ ਵਿਰੁੱਧ ਵਧ ਰਹੀਆਂ ਨਫ਼ਰਤੀ ਘਟਨਾਵਾਂ ’ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ’ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖੀ ਦਾ ਮੁੱਖ ਸੰਕਲਪ ‘ਸਰਬੱਤ ਦੇ ਭਲੇ’ ’ਤੇ ਆਧਾਰਿਤ ਹੈ। ਇਸ ਵਿੱਚ ਕਿਸੇ ਪ੍ਰਤੀ ਨਫ਼ਰਤ, ਜਾਤ-ਪਾਤ ਜਾਂ ਊਚ-ਨੀਚ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਸ਼ਬਦ ਦੀ ਨੀਂਹ ਰੱਖੀ ਸੀ, ਉਦੋਂ ਵੀ ਵਿਰੋਧ ਹੋਇਆ ਸੀ, ਪਰ ਗੁਰੂ ਸਾਹਿਬਾਨ ਨੇ ਮਾਨਵਤਾ ਨੂੰ ਸੱਚ ਅਤੇ ਸਮਾਨਤਾ ਦਾ ਰਾਹ ਦਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ, ਜਿਸ ਵਿੱਚ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ। ਸਿੱਖ ਹਰ ਰੋਜ਼ ਅਰਦਾਸ ਦੇ ਅੰਤ ਵਿੱਚ ‘ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ’ ਮੰਗਦਾ ਹੈ।

ਐਡਵੋਕੇਟ ਧਾਮੀ ਨੇ ਕੈਨੇਡਾ ਦੀ ਸਰਕਾਰ ਨੂੰ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਉੱਥੇ ਪੰਜਾਬੀ ਦੂਜੀ ਵੱਡੀ ਭਾਸ਼ਾ ਵਜੋਂ ਜਾਣੀ ਜਾਂਦੀ ਹੈ। ਅੱਜ ਗਲੋਬਲਾਈਜ਼ੇਸ਼ਨ ਦੇ ਦੌਰ ਵਿੱਚ ਕੈਨੇਡਾ ਅਤੇ ਅਮਰੀਕਾ ਦੀ ਅਰਥਵਿਵਸਥਾ ਅਤੇ ਤਰੱਕੀ ਵਿੱਚ ਸਿੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਕਿਸੇ ਸਮੇਂ ਪੰਜਾਬ ਤੋਂ ਬਾਹਰ ਪੈਸੇ ਆਉਂਦੇਸਨ, ਪਰ ਅੱਜ ਪੰਜਾਬੀ ਉੱਥੇ ਵੱਡੇ ਕਾਰੋਬਾਰ ਸਥਾਪਤ ਕਰਕੇ ਉੱਥੋਂ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ।

ਉਨ੍ਹਾਂ ਕਿਹਾ ਕਿ ਧਰਮ ਦੇ ਗਿਆਨ ਤੋਂ ਸਾਕਤ ਅਤੇ ਨਫ਼ਰਤ ਫੈਲਾਉਣ ਵਾਲੇ ਕੁਝ ਅਨਸਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਯਤਨਸ਼ੀਲ ਹੋ ਕੇ ਅਜਿਹੀਆਂ ਅਣਸੁਖਾਵੀਆਂ ਘਟਨਾਵਾਂ ’ਤੇ ਠੱਲ੍ਹ ਪਾਉਣ। ਉਨ੍ਹਾਂ ਦੁਹਰਾਇਆ ਕਿ ਸਿੱਖ ਧਰਮ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਗੁਰਸ਼ਬਦ ਦੀ ਸ਼ਰਨ ਵਿੱਚ ਆਉਣ ਵਾਲੇ ਹਰ ਮਨੁੱਖ ਨੂੰ ਗਲਵਕੜੀ ਲਗਾ ਕੇ ਬਖਸ਼ ਲੈਂਦਾ ਹੈ।

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ : ਜਥੇਦਾਰ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਪੰਜਾਬ ’ਚ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਨਾਲ ਪੁਲਿਸ ਵੱਲੋਂ ਕਥਿਤ ਤੌਰ ’ਤੇ ਕੀਤੇ ਗਏ ਦੁਰਵਿਹਾਰ ਦਾ ਮਾਮਲਾ ਗੰਭੀਰ ਰੂਪ ਧਾਰਦਾ ਜਾ ਰਿਹਾ ਹੈ। ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕਿਸੇ ਵੀ ਸਿੱਖ ਦੇ ਕੇਸਾਂ ਦੀ ਬੇਅਦਬੀ, ਦਾੜ੍ਹੀ ਪੁੱਟਣ ਜਾਂ ਕਛਹਿਰਾ ਪਾੜਨ ਦੀ ਕਾਰਵਾਈ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਨੌਜਵਾਨ ਨਾਲ ਅਜਿਹਾ ਘਿਨਾਉਣਾ ਵਿਹਾਰ ਕੀਤਾ ਗਿਆ ਹੈ, ਇਸ ਲਈ ਜ਼ਿੰਮੇਵਾਰ ਡੀਐੱਸਪੀ ਤੇ ਐੱਸਐੱਚਓ ਨੂੰ ਤੁਰੰਤ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ’ਤੇ ਨਸ਼ਾ ਕਰਨ ਦਾ ਦੋਸ਼ ਹੈ ਤਾਂ ਵੀ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ, ਕਿਸੇ ਦੇ ਧਾਰਮਿਕ ਸਰੂਪ ਨਾਲ ਛੇੜਛਾੜ ਕਰਨ ਜਾਂ ਉਸ ’ਤੇ ਜ਼ੁਲਮ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਲੋਕਾਂ ਦੀ ਆਵਾਜ਼ ਨਾ ਸੁਣੀ ਤਾਂ ਪੰਜਾਬੀਆਂ ਨੂੰ ਹਰ ਥਾਂ ਕਾਲੇ ਝੰਡੇ ਦਿਖਾਉਣ ਲਈ ਮਜਬੂਰ ਨਾ ਹੋਣਾ ਪਵੇ। ਉਨ੍ਹਾਂ ਸੰਬੰਧਤ ਅਧਿਕਾਰੀਆਂ ਨੂੰ ਬਰਖਾਸਤ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਜਬਰ-ਜ਼ੁਲਮ ਸਬੰਧੀ ਮਾਮਲੇ ਦਰਜ ਕਰਨ ਦੀ ਮੰਗ ਕੀਤੀ।

# ਬੇਅਦਬੀ ਕਾਨੂੰਨ ਵਿੱਚ ਸੋਧ ਕਰੇ ਪੰਜਾਬ ਸਰਕਾਰ : ਜਥੇ. ਗੜਗੱਜ



ਮਾਛੀਵਾੜਾ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੇਅਦਬੀ ਕਾਨੂੰਨ ਸਬੰਧੀ ਸੋਧ ਲਈ ਸਰਕਾਰ ਨੂੰ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

ਇਸ ਸਬੰਧੀ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਦੋ ਸੇਵਾਮੁਕਤ ਜੱਜ ਅਤੇ ਹੋਰ ਵਿਦਵਾਨ ਸ਼ਾਮਲ ਹਨ, ਜੋ ਸਰਕਾਰ ਨੂੰ ਇਸ ਵਿੱਚ ਸੋਧ ਲਈ ਸੁਝਾਅ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਪਾਬੰਦ ਸਮੇਂ ਵਿੱਚ ਬੇਅਦਬੀ ਕਾਨੂੰਨ ’ਚ ਸੋਧ ਨਾ ਕੀਤੀ ਤਾਂ ਫਿਰ ਪੰਥ ਦੋਖੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭੱਜਣ ਨਹੀਂ ਦੇਵਾਂਗੇ। ਨੇਪਾਲ ਵਿੱਚ ਆਏ ਹੜ੍ਹ ਦੌਰਾਨ ਸੈਂਕੜੇ ਲੋਕਾਂ ਦੀ ਮੌਤ ’ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਕਦੇ ਅਹਿਸਾਨ ਨਹੀਂ ਭੁੱਲਦੀ। ਉਨ੍ਹਾਂ ਕਿਹਾ ਕਿ ਪੁਰਾਣੇ ਸਮੇਂ ਵਿੱਚ ਜਦੋਂ ਅੰਗਰੇਜ਼ਾਂ ਨੇ ਸਿੱਖ ਰਾਜ ਦੱਬਿਆ ਤਾਂ ਉਸ ਸਮੇਂ ਮਹਾਰਾਣੀ ਜਿੰਦ ਕੌਰ ਨੇਪਾਲ ਗਈ ਤਾਂ ਉਸ ਦੇਸ਼ ਨੇ ਉਨ੍ਹਾਂ ਦੀ ਮਦਦ ਕੀਤੀ, ਇਸ ਲਈ ਅੱਜ ਸ਼੍ਰੋਮਣੀ ਕਮੇਟੀ ਦਾ ਵਫ਼ਦ ਅਤੇ ਪੂਰੀ ਸਿੱਖ ਕੌਮ ਇਸ ਮੁਸੀਬਤ ਦੀ ਘੜੀ ਵਿੱਚ ਨੇਪਾਲ ਨਾਲ ਖੜ੍ਹੀ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਰਦੇਸ਼ ਹਨ ਕਿ ਸ਼੍ਰੋਮਣੀ ਕਮੇਟੀ ਵੱਧ ਤੋਂ ਵੱਧ ਪੀੜਤਾਂ ਦੀ ਮਦਦ ਕਰੇ।

# ਗੁਰਪੁਰਬ ਮੌਕੇ ਨਗਰ ਕੀਰਤਨ, ਰਾਗ ਅਤੇ ਪੜਤਾਲ ਗਾਇਨ ਸਮਾਗਮ ਕਰਵਾਉਣ ਦਾ ਐਲਾਨ

## ਸ਼੍ਰੋਮਣੀ ਕਮੇਟੀ ਵੱਲੋਂ ਗੁਰਪੁਰਬ ਸਮਾਗਮਾਂ ਸਬੰਧੀ ਸਭਾ-ਸੁਸਾਇਟੀਆਂ ਨਾਲ ਮੀਟਿੰਗ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ 12 ਸਤੰਬਰ ਅਤੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ 27 ਅਕਤੂਬਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅਧਿਕਾਰੀਆਂ ਨੇ ਅੰਮ੍ਰਿਤਸਰ ਸ਼ਹਿਰ ਦੀਆਂ ਧਾਰਮਿਕ ਸਭਾ-ਸੁਸਾਇਟੀਆਂ ਦੇ ਪ੍ਰਤੀਨਿਧਾਂ ਨਾਲ ਇੱਕਤਰਤਾ ਕਰਕੇ ਗੁਰਪੁਰਬ ਸਬੰਧੀ ਹੋਣ ਵਾਲੇ ਸਮਾਗਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਸਭਾ-ਸੁਸਾਇਟੀਆਂ ਦੇ ਵੱਖ-ਵੱਖ ਨੁਮਾਇੰਦਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਅਤੇ ਚੌਥੇ ਪਾਤਸ਼ਾਹ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਕੀਤੇ ਜਾਣ ਵਾਲੇ ਸਮਾਗਮਾਂ ਸਬੰਧੀ ਸੁਝਾਅ ਦਿੱਤੇ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਜਾਇਬ ਸਿੰਘ ਅਭਿਆਸੀ, ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ ਨੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਪੁਰਬ ਮੌਕੇ ਨਗਰ ਕੀਰਤਨ, ਰਾਗ ਅਤੇ ਪੜਤਾਲ ਗਾਇਨ ਸਮਾਗਮ ਆਯੋਜਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਰਵਾਇਤ ਅਨੁਸਾਰ ਗੁਰਪੁਰਬ ਵਾਲੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਲੌਕਿਕ ਜਲੌ ਸਜਾਏ ਜਾਣਗੇ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਹੋਣਗੇ। ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ਼ਹਿਰ ਦੇ ਵੱਖ-ਵੱਖ ਥਾਵਾਂ ’ਤੇ ਗੁਰਮਤਿ ਸਮਾਗਮਾਂ ਦੀ ਲੜੀ ਆਰੰਭ ਹੋਵੇਗੀ, ਜੋ ਗੁਰਪੁਰਬ ਤੱਕ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਸਭਾ-ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਪ੍ਰਕਾਸ਼ ਪੁਰਬ ਮੌਕੇ ਸਾਰੇ ਸ਼ਹਿਰ ਨੂੰ ਰੁਸ਼ਨਾਉਣ ਅਤੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਸੰਗਤਾਂ ਨੂੰ ਪ੍ਰੇਰਿਤ ਕੀਤਾ ਜਾਵੇ।

# ਸਿੱਖ ਸੇਵਕ ਸੁਸਾਇਟੀ ਨੇ ਲੋੜਵੰਦ ਕਿਰਤੀਆਂ ਦੀਆਂ ਅੱਖਾਂ ਦੇ ਮੁਫ਼ਤ ਇਲਾਜ ਤੇ ਅਪਰੇਸ਼ਨ ਕਰਵਾਏ





ਜਲੰਧਰ/ਏ.ਟੀ.ਨਿਊਜ਼: ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਕਿਰਤੀ ਅਤੇ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੀ ਸਿਹਤ ਸੰਭਾਲ ਲਈ ਅਹਿਮ ਉਪਰਾਲਾ ਕਰਦਿਆਂ ਅੱਖਾਂ ਦੇ ਲੋੜਵੰਦ ਮਰੀਜ਼ਾਂ ਦਾ ਭਾਟੀਆ ਹਸਪਤਾਲ ਤੋਂ ਮੁਫ਼ਤ ਇਲਾਜ ਅਤੇ ਅਪਰੇਸ਼ਨ ਕਰਵਾਇਆ ਗਿਆ।

ਇਸ ਮੌਕੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖੀ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਦੱਸਿਆ ਕਿ ਸੰਸਥਾ ਲੰਬੇ ਸਮੇਂ ਤੋਂ ਬਿਨਾਂ ਕਿਸੇ ਭੇਦਭਾਵ ਦੇ ਗ਼ਰੀਬਾਂ, ਮਜ਼ਦੂਰਾਂ ਅਤੇ ਬੇਸਹਾਰਾ ਲੋਕਾਂ ਦੀ ਭਲਾਈ ਹਿੱਤ ਨਿਰੰਤਰ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਜਿੱਥੇ ਸੁਸਾਇਟੀ ਵੱਲੋਂ ਪਹਿਲਾਂ ਵੀ ਕੁਦਰਤੀ ਆਫ਼ਤਾਂ, ਖ਼ਾਸ ਕਰਕੇ ਹੜ੍ਹਾਂ ਦੇ ਦਿਨਾਂ ਦੌਰਾਨ ਪੀੜਤ ਲੋਕਾਂ ਤੱਕ ਵੱਡੇ ਪੱਧਰ ’ਤੇ ਰਾਹਤ ਸਮੱਗਰੀ ਪਹੁੰਚਾਈ ਜਾਂਦੀ ਰਹੀ ਹੈ, ਉੱਥੇ ਹੀ ਛੱਤ ਤੋਂ ਵਾਂਝੇ ਲੋੜਵੰਦ ਪਰਿਵਾਰਾਂ ਲਈ ਪੱਕੇ ਮਕਾਨ ਉਸਾਰ ਕੇ ਦੇਣ ਦੀ ਸੇਵਾ ਵੀ ਬਾਖ਼ੂਬੀ ਨਿਭਾਈ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮਿਹਨਤ-ਮਜ਼ਦੂਰੀ ਕਰਨ ਵਾਲੇ ਕਿਰਤੀ ਵਰਗ ਦੀ ਸਿਹਤ ਸੰਭਾਲ ਕਰਨਾ ਸੰਸਥਾ ਦੀ ਮੁੱਖ ਤਰਜੀਹ ਹੈ ਤਾਂ ਜੋ ਉਹ ਆਪਣੀ ਰੋਜ਼ੀ-ਰੋਟੀ ਸਵੈ-ਮਾਣ ਨਾਲ ਕਮਾ ਸਕਣ।

ਜਥੇਦਾਰ ਖਾਲਸਾ ਨੇ ਦੱਸਿਆ ਕਿ ਚੈੱਕਅੱਪ ਦੌਰਾਨ ਸਾਹਮਣੇ ਆਏ ਮਰੀਜ਼ਾਂ ਵਿੱਚੋਂ ਸੰਤੋਖ ਸਿੰਘ ਅਤੇ ਖ਼ਜ਼ਾਨ ਸਿੰਘ ਦੀਆਂ ਅੱਖਾਂ ਵਿੱਚ ਚਿੱਟੇ ਮੋਤੀਏ ਦੀ ਸਮੱਸਿਆ ਗੰਭੀਰ ਸੀ, ਜਿਸ ਕਾਰਨ ਸੁਸਾਇਟੀ ਵੱਲੋਂ ਭਾਟੀਆ ਹਸਪਤਾਲ ਵਿਖੇ ਇਨ੍ਹਾਂ ਦੋਵਾਂ ਦੇ ਅਪਰੇਸ਼ਨ ਕਰਵਾਏ ਗਏ। ਇਸ ਤੋਂ ਇਲਾਵਾ ਮੰਡਾਲਾ ਸ਼ਨਾ ਗੁਰਦੁਆਰੇ ਦੇ ਹੈਡ - ਗ੍ਰੰਥੀ ਭਾਈ ਹਰਦੇਵ ਸਿੰਘ, ਕਾਕਾ ਸਿੰਘ ਅਤੇ ਬਲਵਿੰਦਰ ਕੌਰ ਸਮੇਤ ਹੋਰ ਕਿਰਤੀਆਂ ਦੀਆਂ ਅੱਖਾਂ ਦਾ ਮੁਕੰਮਲ ਮੁਆਇਨਾ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਟੀਆ ਹਸਪਤਾਲ ਦੇ ਪ੍ਰਮੁੱਖ ਅੱਖਾਂ ਦੇ ਮਾਹਿਰ ਡਾਕਟਰ ਐੱਮ. ਪੀ. ਭਾਟੀਆ ਨੇ ਦੱਸਿਆ ਕਿ ਦੋਵਾਂ ਮਰੀਜ਼ਾਂ ਦੇ ਚਿੱਟੇ ਮੋਤੀਏ ਦੇ ਅਪਰੇਸ਼ਨ ਪੂਰੀ ਤਰ੍ਹਾਂ ਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਅਪਰੇਸ਼ਨ ਉਪਰੰਤ ਮਰੀਜ਼ਾਂ ਨੂੰ ਅੱਖਾਂ ਦੀ ਸੰਭਾਲ, ਸਫ਼ਾਈ ਅਤੇ ਪਰਹੇਜ਼ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਾਕੀ ਮਰੀਜ਼ਾਂ ਦੀ ਲੋੜ ਅਨੁਸਾਰ ਕੁਝ ਨੂੰ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਜਿਨ੍ਹਾਂ ਨੂੰ ਨਜ਼ਰ ਦੀ ਕਮਜ਼ੋਰੀ ਸੀ, ਉਨ੍ਹਾਂ ਨੂੰ ਸੁਸਾਇਟੀ ਦੇ ਸਹਿਯੋਗ ਨਾਲ ਐਨਕਾਂ ਲਗਾ ਕੇ ਦਿੱਤੀਆਂ ਗਈਆਂ ਹਨ।

ਇਸ ਮੌਕੇ ਸਿੱਖ ਸੇਵਕ ਸੁਸਾਇਟੀ ਦੇ ਮੈਂਬਰ ਸੁਖਵਿੰਦਰ ਸਿੰਘ ਗੋਗੀ ਦਿਲੀ ਪੇਂਟ, ਹਰਦੇਵ ਸਿੰਘ ਗਰਚਾ, ਸੰਦੀਪ ਸਿੰਘ ਚਾਵਲਾ, ਗੁਰਪ੍ਰੀਤ ਸਿੰਘ ਰਾਜੂ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬੀਆਂ ਦੀ ਬਦਲਦੀ ਜੀਵਨਸ਼ੈਲੀ

ਸਰਹੱਦੀ ਸੂਬੇ ਪੰਜਾਬ ਦੇ ਵੱਡੀ ਗਿਣਤੀ ਸ਼ਹਿਰਾਂ ਅਤੇ ਪਿੰਡਾਂ ਦਾ ਮੁਹਾਂਦਰਾ ਕੁਝ ਦਹਾਕਿਆਂ ਤੋਂ ਕਾਫ਼ੀ ਬਦਲ ਗਿਆ ਹੈ, ਇਸ ਦਾ ਮੁੱਖ ਕਾਰਨ ਸ਼ਹਿਰਾਂ ਅਤੇ ਪਿੰਡਾਂ ਦੇ ਆਲ਼ੇ ਦੁਆਲ਼ੇ ਰਿਹਾਇਸ਼ੀ ਕਾਲੋਨੀਆਂ ਦਾ ਵੱਡੀ ਗਿਣਤੀ ਵਿੱਚ ਵਸਾਇਆ ਜਾਣਾ ਹੈ। ਜਿਹੜੇ ਸ਼ਹਿਰਾਂ ਅਤੇ ਪਿੰਡਾਂ ਦੇ ਆਲ਼ੇ ਦੁਆਲ਼ੇ ਕੁਝ ਦਹਾਕੇ ਪਹਿਲਾਂ ਹਰੇ- ਭਰੇ ਖੇਤ ਹੁੰਦੇ ਸਨ, ਜਿੱਥੇ ਕਿ ਮੋਰ ਪੈਲਾਂ ਪਾਉਂਦੇ ਸਨ, ਪੰਛੀ ਚਹਿਚਹਾਉਂਦੇ ਸਨ। ਬੁਲਬੁਲ ਗੀਤ ਗਾਉਂਦੀ ਸੀ, ਕੋਇਲ ਮਧੁਰ ਆਵਾਜ਼ ਵਿੱਚ ਕੂਕਦੀ ਸੀ, ਉਥੇ ਹੁਣ ਕੰਕਰੀਟ ਦੇ ਜੰਗਲ ਬਣੇ ਗਏ ਹਨ। ਖੇਤਾਂ 'ਚ ਉੱਗੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਉੱਥੇ ਕੱਚੇ ਰਸਤਿਆਂ 'ਤੇ ਬਣੀਆਂ ਪੱਕੀਆਂ ਸੜਕਾਂ ਨੂੰ ਹੀ ਆਮ ਲੋਕ ਸਰਕਾਰ ਵੱਲੋਂ ਕੀਤਾ ਗਿਆ ਵਿਕਾਸ ਸਮਝ ਰਹੇ ਹਨ, ਜਦੋਂ ਕਿ ਵਿਕਾਸ ਦੇ ਮੁੱਦੇ 'ਤੇ ਪੰਜਾਬ ਬੀਤੇ ਕੁਝ ਸਾਲਾਂ ਦੌਰਾਨ ਆਪਣੇ ਗੁਆਂਢੀ ਸੂਬਿਆਂ ਤੋਂ ਕੁਝ ਪਿੱਛੜ ਗਿਆ ਹੈ।

ਪੰਜਾਬ ਦੇ ਕਰੀਬ ਹਰ ਸ਼ਹਿਰ ਦੇ ਆਲ਼ੇ ਦੁਆਲ਼ੇ ਖੇਤਾਂ ਵਿੱਚ ਅਧਿਕਾਰਤ ਅਤੇ ਅਣਅਧਿਕਾਰਤ ਕਾਲੋਨੀਆਂ ਬਣੀਆਂ ਹੋਈਆਂ ਹਨ। ਕਈ ਕਾਲੋਨੀਆਂ ਤਾਂ ਨਿੱਕੇ ਮੋਟੇ ਸ਼ਹਿਰਾਂ ਦਾ ਹੀ ਭੁਲੇਖਾ ਪਾਉਂਦੀਆਂ ਹਨ। ਖੇਤਾਂ ਵਿੱਚ ਬਹੁਮੰਜਿਲੀ ਇਮਾਰਤਾਂ ਦੀ ਉਸਾਰੀ ਹੋਣ ਅਤੇ ਸ਼ਹਿਰ ਵੱਸਣ ਕਾਰਨ ਹੁਣ ਪੰਜਾਬ ਵਿੱਚ ਖੇਤੀ ਹੇਠ ਰਕਬਾ ਘੱਟ ਹੋ ਗਿਆ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ ਪਰ ਇਸ ਪਾਸੇ ਨਾ ਤਾਂ ਸਰਕਾਰ ਦਾ ਧਿਆਨ ਜਾ ਰਿਹਾ ਹੈ ਤੇ ਨਾ ਹੀ ਕਿਸੇ ਸਮਾਜਿਕ ਤੇ ਸਿਆਸੀ ਜਥੇਬੰਦੀ ਦਾ। ਸਰਕਾਰ ਨੂੰ ਆਪਣੇ ਕੰਮਾਂ ਤੋਂ ਹੀ ਵਿਹਲ ਨਹੀਂ ਹੈ ਅਤੇ ਸਿਆਸੀ ਲੋਕ ਸਿਰਫ਼ ਸਿਆਸੀ ਰੋਟੀਆਂ ਸੇਕਣ ਵਿੱਚ ਹੀ ਰੁੱਝੇ ਹੋਏ ਹਨ। ਕੁਝ ਮਾਹਿਰ ਕਹਿ ਰਹੇ ਹਨ ਕਿ ਖੇਤੀ ਹੇਠ ਘੱਟ ਰਿਹਾ ਰਕਬਾ ਪੰਜਾਬ ਵਿੱਚ ਅੰਨ ਸੰਕਟ ਦਾ ਕਾਰਨ ਬਣ ਸਕਦਾ ਹੈ। ਭਾਵੇਂ ਅਜੇ ਪੰਜਾਬ ਵਿੱਚ ਅੰਨ ਸੰਕਟ ਨਹੀਂ ਹੈ, ਪਰ ਜਿਸ ਤਰੀਕੇ ਨਾਲ ਪੰਜਾਬ ਵਿੱਚ ਖੇਤੀ ਹੇਠ ਰਕਬਾ ਘੱਟ ਰਿਹਾ ਹੈ, ਉਸ ਤੋਂ ਆਉਣ ਵਾਲੇ ਸਾਲਾਂ ਦੌਰਾਨ ਅੰਨ ਸੰਕਟ ਪੈਦਾ ਹੋਣ ਦਾ ਖਤਰਾ ਵੀ ਪੈਦਾ ਹੋ ਗਿਆ ਹੈ।

ਪੰਜਾਬ ਦੇ ਜਲ ਸਰੋਤ ਵਿਭਾਗ ਵੱਲੋਂ ਜਦੋਂ ਵਿਸ਼ੇਸ਼ ਮੁਹਿੰਮ ਤਹਿਤ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਗਈ ਤਾਂ ਕਰੀਬ 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ ਹਨ ਅਤੇ ਇਨ੍ਹਾਂ ਖੇਤਾਂ ਦਾ ਰਕਬਾ ਕਲੋਨੀਆਂ ਅਤੇ ਸੜਕਾਂ ਹੇਠ ਆ ਗਿਆ ਹੈ। ਨਿਯਮਾਂ ਅਨੁਸਾਰ ਜਦੋਂ ਖੇਤੀ ਹੇਠਲੇ ਰਕਬੇ ਦੀ ਗ਼ੈਰ-ਖੇਤੀ ਕੰਮਾਂ ਲਈ ਵਰਤੋਂ ਹੋਣ ਲੱਗਦੀ ਹੈ ਤਾਂ ਜਲ ਸਰੋਤ ਵਿਭਾਗ ਵੱਲੋਂ ਇਸ ਗ਼ੈਰ-ਖੇਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਕੱਟ ਦਿੱਤਾ ਜਾਂਦਾ ਹੈ ਅਤੇ ਕਟੌਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਦੂਜੇ ਕਿਸਾਨਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕਈ ਦਹਾਕਿਆਂ ਤੋਂ ਖੇਤੀ ਵਾਲੀ ਜ਼ਮੀਨ ਗ਼ੈਰ-ਖੇਤੀ ਕੰਮਾਂ ਹੇਠ ਆ ਰਹੀ ਹੈ ਪਰ ਉਸ ਦੇ ਹਿੱਸੇ ਵਾਲੇ ਨਹਿਰੀ ਪਾਣੀ ਵਿੱਚ ਕਟੌਤੀ ਨਹੀਂ ਕੀਤੀ ਜਾਂਦੀ ਸੀ।

ਜਲ ਸਰੋਤ ਵਿਭਾਗ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਸਭ ਤੋਂ ਵੱਧ ਗੁਰਦਾਸਪੁਰ ਡਿਵੀਜ਼ਨ ਵਿੱਚ 14,770 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਿਆ ਹੈ। ਦੂਜੇ ਨੰਬਰ 'ਤੇ ਜਲੰਧਰ ਡਿਵੀਜ਼ਨ ਵਿਚੋਂ 13,773 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਿਆ ਹੈ। ਇਸੇ ਤਰ੍ਹਾਂ ਸੰਗਰੂਰ ਡਿਵੀਜ਼ਨ ਵਿਚੋਂ 1,130 ਏਕੜ ਰਕਬਾ, ਦੇਵੀਗੜ੍ਹ ਡਿਵੀਜ਼ਨ ਵਿਚੋਂ 6,614 ਏਕੜ, ਬਠਿੰਡਾ ਕੈਨਾਲ ਡਿਵੀਜ਼ਨ ਵਿਚੋਂ 2,389 ਏਕੜ, ਰੋਪੜ ਕੈਨਾਲ ਡਿਵੀਜ਼ਨ 'ਚੋਂ 1,564 ਏਕੜ, ਮਜੀਠਾ ਡਿਵੀਜ਼ਨ ਵਿਚੋਂ 704 ਏਕੜ ਅਤੇ ਬਰਨਾਲਾ ਡਿਵੀਜ਼ਨ 'ਚੋਂ 987 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਿਆ ਹੈ।

ਉਪਰੋਕਤ ਵੇਰਵਿਆਂ ਤੋਂ ਇਲਾਵਾ ਪੰਜਾਬ ਦਾ ਵੱਡੀ ਗਿਣਤੀ ਇਲਾਕਾ ਅਜਿਹਾ ਵੀ ਹੈ, ਜਿਸ ਦੀ ਅਜੇ ਪਛਾਣ ਕੀਤੀ ਜਾਣੀ ਬਾਕੀ ਹੈ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਵਿੱਚ ਲਗਾਤਾਰ ਖੇਤੀ ਹੇਠਲਾ ਰਕਬਾ ਘੱਟ ਰਿਹਾ ਹੈ। ਖੇਤੀ ਹੇਠ ਰਕਬਾ ਘਟਣ ਕਾਰਨ ਸਭ ਤੋਂ ਜਿਆਦਾ ਨੁਕਸਾਨ ਪਿੰਡਾਂ ਦੇ ਲੋਕਾਂ ਨੂੰ ਹੋ ਰਿਹਾ ਹੈ, ਕਿਉਂਕਿ ਖੇਤ ਘੱਟ ਹੋਣ ਕਾਰਨ ਕਿਸਾਨਾਂ ਲਈ ਖੇਤੀ ਕਰਨ ਲਈ ਜ਼ਮੀਨ ਘਟਦੀ ਜਾ ਰਹੀ ਹੈ, ਇਸੇ ਕਾਰਨ ਕਿਸਾਨਾਂ ਦੇ ਪੁੱਤਰ ਖੇਤੀ ਕਰਨ ਦੀ ਥਾਂ ਵਿਦੇਸ਼ ਜਾ ਰਹੇ ਹਨ।

ਇਹ ਠੀਕ ਹੈ ਕਿ ਵਿਕਾਸ ਹੋਣਾ ਅਤੇ ਬਦਲਾਓ ਆਉਣਾ ਕੁਦਰਤੀ ਗੱਲਾਂ ਹਨ ਪਰ ਬੀਤੇ 25 ਸਾਲਾਂ ਦੌਰਾਨ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ। ਖੇਤਾਂ 'ਚ ਬਣੀਆਂ ਕਾਲੋਨੀਆਂ ਦੇ ਨਾਂਅ ਵੀ ਬਹੁਤ ਸੋਹਣੇ ਰੱਖੇ ਹੁੰਦੇ ਹਨ ਅਤੇ ਇਹਨਾਂ ਕਾਲੋਨੀਆਂ ਵਿੱਚ ਬਣੇ ਮਕਾਨਾਂ ਅਤੇ ਫਲੈਟਾਂ ਨੂੰ ਕਾਫ਼ੀ ਲਿਸ਼ਕਾਂ ਪੁਸ਼ਕਾ ਕੇ ਵੇਚਿਆ ਜਾਂਦਾ ਹੈ। ਸ਼ਹਿਰਾਂ ਤੇ ਪਿੰਡਾਂ ਦੁਆਲ਼ੇ ਇਹਨਾਂ ਨਵੀਆਂ ਬਣੀਆਂ ਕਾਲੋਨੀਆਂ ਨੇ ਪੂਰੀ ਤਰ੍ਹਾਂ ਘੇਰਾ ਪਾਇਆ ਹੋਇਆ ਹੈ। ਇਹ ਕਾਲੋਨੀਆਂ ਅਧਿਕਾਰਤ ਹਨ ਜਾਂ ਅਣਅਧਿਕਾਰਤ, ਇਸ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਘੱਟ ਹੀ ਹੁੰਦੀ ਹੈ। ਉਹ ਤਾਂ ਇਹਨਾਂ ਕਾਲੋਨੀਆਂ ਵਿੱਚ ਬਣੇ ਮਕਾਨਾਂ ਦੀ ਬਾਹਰੀ ਚਮਕ ਦਮਕ ਦੇਖ ਕੇ ਇਹਨਾਂ ਕਾਲੋਨੀਆਂ ਵਿੱਚ ਮਕਾਨ ਲੈਣ ਨੂੰ ਤਰਜੀਹ ਦਿੰਦੇ ਹਨ।

ਪੰਜਾਬ ਵਿੱਚ ਜਿਸ ਤਰੀਕੇ ਨਾਲ ਖੇਤੀ ਹੇਠ ਰਕਬਾ ਘੱਟ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਜੇ ਲਗਾਤਾਰ ਇਸੇ ਤਰ੍ਹਾਂ ਪੰਜਾਬ ਵਿੱਚ ਖੇਤੀ ਹੇਠ ਰਕਬਾ ਘਟਦਾ ਗਿਆ ਤਾਂ ਇਸ ਦੇ ਆਉਣ ਵਾਲੇ ਸਮੇਂ ਵਿੱਚ ਖਤਰਨਾਕ ਨਤੀਜੇ ਨਿਕਲ ਸਕਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦਾ ਸਰਬ-ਪੱਖੀ ਵਿਕਾਸ ਜ਼ਰੂਰ ਕਰੇ ਪਰ ਖੇਤੀ ਹੇਠ ਘੱਟ ਰਕਬੇ ਨੂੰ ਵੀ ਵਧਾਉਣ ਦੇ ਉਪਰਾਲੇ ਕਰੇ।

# ਪੰਜਾਬ ਦੀ ਬਦਲਦੀ ਸਿਆਸੀ ਦਿਸ਼ਾ ਅਤੇ ਦਸ਼ਾ

**ਅਰਮਿੰਦਰ ਸਿੰਘ ਮਾਨ**

ਹਰ ਸਮਾਜ ਆਪਣੀ ਰਾਜਨੀਤੀ ਦੇ ਸੁਭਾਅ ਨਾਲ ਪਛਾਣਿਆ ਜਾਂਦਾ ਹੈ। ਕਿਤੇ ਰਾਜਨੀਤੀ ਵਿਕਾਸ ਦਾ ਸਾਧਨ ਬਣਦੀ ਹੈ, ਕਿਤੇ ਸੱਤਾ ਦਾ ਸੰਘਰਸ਼ ਅਤੇ ਕਿਤੇ ਸਮਾਜ ਦੀਆਂ ਆਸਾਂ-ਨਿਰਾਸ਼ਾਵਾਂ ਦਾ ਦਰਪਣ। ਪੰਜਾਬ ਦੀ ਰਾਜਨੀਤੀ ਵਿੱਚ ਇਹ ਤਿੰਨੇ ਪੱਖ ਇਕੱਠੇ ਨਜ਼ਰ ਆਉਂਦੇ ਹਨ। ਇਹ ਉਹ ਧਰਤੀ ਹੈ ਜਿਸ ਨੇ ਹਰੀ ਕ੍ਰਾਂਤੀ ਰਾਹੀਂ ਦੇਸ਼ ਦੀ ਖ਼ੁਰਾਕ ਸੁਰੱਖਿਆ ਮਜ਼ਬੂਤ ਕੀਤੀ, ਉਦਯੋਗ ਅਤੇ ਪ੍ਰਵਾਸ ਰਾਹੀਂ ਆਪਣੀ ਵਿਲੱਖਣ ਪਛਾਣ ਬਣਾਈ ਅਤੇ ਕਈ ਸੰਕਟਾਂ ਦਾ ਸਾਹਮਣਾ ਕਰਕੇ ਹਰ ਵਾਰ ਨਵੇਂ ਹੌਸਲੇ ਨਾਲ ਉੱਠ ਖੜ੍ਹੀ ਹੋਈ, ਪਰ ਅੱਜ ਦਾ ਪੰਜਾਬ ਇੱਕ ਅਜਿਹੇ ਦੌਰ ਵਿੱਚ ਖੜ੍ਹਾ ਹੈ ਜਿੱਥੇ ਚੁਣੌਤੀਆਂ ਵੀ ਨਵੀਆਂ ਹਨ ਅਤੇ ਉਮੀਦਾਂ ਵੀ।

ਪੰਜਾਬ ਦੀ ਰਾਜਨੀਤੀ ਨੂੰ ਸਮਝਣਾ ਸਿਰਫ਼ ਚੋਣ ਨਤੀਜਿਆਂ ਜਾਂ ਸਰਕਾਰਾਂ ਦੇ ਬਦਲਣ ਨੂੰ ਸਮਝਣਾ ਨਹੀਂ ਹੈ। ਇਹ ਇਤਿਹਾਸ, ਧਰਮ, ਖੇਤੀਬਾੜੀ, ਸੰਘੀ ਢਾਂਚੇ, ਭਾਸ਼ਾ, ਸਰਹੱਦੀ ਸੁਰੱਖਿਆ, ਪ੍ਰਵਾਸ, ਸਮਾਜਿਕ ਬਣਤਰ ਅਤੇ ਆਰਥਿਕ ਚੁਣੌਤੀਆਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਇਸੇ ਕਰਕੇ ਪੰਜਾਬ ਵਿੱਚ ਹੋਣ ਵਾਲਾ ਹਰ ਵੱਡਾ ਰਾਜਨੀਤਕ ਬਦਲਾਅ ਸਿਰਫ਼ ਸੂਬੇ ਦੀ ਸੱਤਾ ਦਾ ਸਵਾਲ ਨਹੀਂ ਹੁੰਦਾ, ਸਗੋਂ ਇਹ ਭਾਰਤੀ ਸੰਘੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਾਲ 1966 ਨੂੰ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇੱਕ ਨਵੇਂ ਪ੍ਰਸ਼ਾਸਨਿਕ ਅਤੇ ਰਾਜਨੀਤਕ ਦੌਰ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਰਾਜਨੀਤੀ ਦੇ ਦੋ ਪ੍ਰਮੁੱਖ ਕੇਂਦਰ ਰਹੇ। 1970 ਅਤੇ 1980 ਦੇ ਦਹਾਕਿਆਂ ਵਿੱਚ ਪੰਥਕ ਅਤੇ ਸੰਘੀ ਅਧਿਕਾਰਾਂ ਨਾਲ ਜੁੜੇ ਮੁੱਦਿਆਂ ਦਾ ਡੂੰਘਾ ਪ੍ਰਭਾਵ ਰਿਹਾ। ਇਸ ਦੌਰ ਦੀ ਉਥਲ-ਪੁਥਲ ਨੇ ਪੰਜਾਬ ਦੇ ਸਮਾਜ, ਪ੍ਰਸ਼ਾਸਨ ਅਤੇ ਆਰਥਿਕਤਾ ਨੂੰ ਵੀ ਪ੍ਰਭਾਵਿਤ ਕੀਤਾ। 1990 ਦੇ ਦਹਾਕੇ ਤੋਂ ਬਾਅਦ ਜਦੋਂ ਆਮ ਹਾਲਾਤ ਮੁੜ ਬਣੇ ਤਾਂ ਉਮੀਦ ਸੀ ਕਿ ਰਾਜਨੀਤੀ ਦਾ ਕੇਂਦਰ ਵਿਕਾਸ, ਉਦਯੋਗ, ਸਿੱਖਿਆ ਅਤੇ ਰੁਜ਼ਗਾਰ ਬਣੇਗਾ। ਇਸੇ ਦੌਰ ਵਿੱਚ ਭਾਰਤ ਦੀ ਆਰਥਿਕਤਾ ਵੀ ਬਦਲੀ। 1991 ਤੋਂ ਬਾਅਦ ਆਰਥਿਕ ਉਦਾਰੀਕਰਨ ਦੀ ਪ੍ਰਕਿਰਿਆ ਨਾਲ ਸਰਕਾਰੀ ਨਿਯੰਤਰਣਾਂ ਵਿੱਚ ਕਮੀ ਆਈ, ਨਿੱਜੀ ਨਿਵੇਸ਼ ਨੂੰ ਉਤਸ਼ਾਹ ਮਿਲਿਆ ਅਤੇ ਸੇਵਾ ਖੇਤਰ ਦਾ ਵਿਸਤਾਰ ਹੋਇਆ। ਕਈ ਰਾਜਾਂ ਨੇ ਇਨ੍ਹਾਂ ਨਵੀਆਂ ਆਰਥਿਕ ਸੰਭਾਵਨਾਵਾਂ ਦਾ ਲਾਭ ਚੁੱਕਿਆ। ਪੰਜਾਬ ਨੇ ਵੀ ਕੁਝ ਖੇਤਰਾਂ ਵਿੱਚ ਤਰੱਕੀ ਕੀਤੀ, ਪਰ ਉਸ ਦੀ ਆਰਥਿਕਤਾ ਵੱਡੇ ਪੱਧਰ 'ਤੇ ਖੇਤੀ ਕੇਂਦਰਿਤ ਰਹੀ। ਨਤੀਜੇ ਵਜੋਂ ਉਦਯੋਗਿਕ ਵਿਭਿੰਨਤਾ, ਉੱਚ ਮੁੱਲ ਵਾਲੇ ਰੁਜ਼ਗਾਰ ਅਤੇ ਤਕਨਾਲੋਜੀ ਆਧਾਰਿਤ ਵਿਕਾਸ ਦੀ ਰਫ਼ਤਾਰ ਉਮੀਦ ਅਨੁਸਾਰ ਨਹੀਂ ਰਹੀ।

ਸਮੇਂ ਦੇ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਵੀ ਵੱਡੇ ਬਦਲਾਅ ਆਏ। ਕਦੇ ਦੋ-ਧਿਰਾ ਮੁਕਾਬਲਾ ਰਿਹਾ, ਕਦੇ ਗੱਠਜੋੜਾਂ ਨੇ ਰੂਪ ਬਦਲਿਆ ਅਤੇ ਕਦੇ ਲੋਕਾਂ ਨੇ ਨਵੇਂ ਵਿਕਲਪਾਂ ਨੂੰ ਮੌਕਾ ਦਿੱਤਾ। ਪੰਜਾਬ ਦੇ ਵੋਟਰ ਨੇ ਵਾਰ-ਵਾਰ ਇਹ




ਦਰਸਾਇਆ ਹੈ ਕਿ ਉਹ ਕਿਸੇ ਇੱਕ ਰਾਜਨੀਤਕ ਦਲ ਨੂੰ ਸਥਾਈ ਤੌਰ 'ਤੇ ਸੱਤਾ ਦਾ ਹੱਕਦਾਰ ਨਹੀਂ ਮੰਨਦਾ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਉਮੀਦਾਂ ਪੂਰੀਆਂ ਨਹੀਂ ਹੋ ਰਹੀਆਂ ਤਾਂ ਉਹ ਬਦਲਾਅ ਦਾ ਰਾਹ ਚੁਣਦੇ ਹਨ।

ਇਸੇ ਪਿਛੋਕੜ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਇੱਕ ਮਹੱਤਵਪੂਰਨ ਰਾਜਨੀਤਕ ਮੋੜ ਸਨ। ਆਮ ਆਦਮੀ ਪਾਰਟੀ ਨੇ 117 ਵਿੱਚੋਂ 92 ਸੀਟਾਂ ਜਿੱਤ ਕੇ ਸਰਕਾਰ ਬਣਾਈ। ਇਹ ਸਿਰਫ਼ ਸਰਕਾਰ ਬਦਲਣ ਵਾਲਾ ਨਤੀਜਾ ਨਹੀਂ ਸੀ, ਸਗੋਂ ਇਸ ਨੇ ਪੰਜਾਬ ਦੀ ਰਾਜਨੀਤੀ ਦੇ ਤਾਕਤ-ਸੰਤੁਲਨ ਨੂੰ ਵੀ ਬਦਲ ਦਿੱਤਾ। ਭ੍ਰਿਸ਼ਟਾਚਾਰ ਵਿਰੋਧੀ ਅਕਸ, ਸਿੱਖਿਆ ਅਤੇ ਸਿਹਤ ਵਿੱਚ ਸੁਧਾਰ ਦੇ ਦਾਅਵੇ, ਲੋਕ-ਭਲਾਈ ਦੀਆਂ ਯੋਜਨਾਵਾਂ ਅਤੇ ਪ੍ਰਸ਼ਾਸਨਿਕ ਪਾਰਦਰਸ਼ਤਾ ਦੇ ਵਾਅਦਿਆਂ ਨੇ ਵੱਡੇ ਵਰਗ ਨੂੰ ਪ੍ਰਭਾਵਿਤ ਕੀਤਾ, ਪਰ ਕਿਸੇ ਵੀ ਸਰਕਾਰ ਲਈ ਅਸਲ ਇਮਤਿਹਾਨ ਚੋਣ ਜਿੱਤਣਾ ਨਹੀਂ, ਸਗੋਂ ਵੋਟਰਾਂ ਦੇ ਸਮਰਥਨ ਨੂੰ ਨਤੀਜਿਆਂ ਵਿੱਚ ਬਦਲਣਾ ਹੁੰਦਾ ਹੈ।

ਪੰਜਾਬ ਵਰਗੇ ਵਿੱਤੀ ਦਬਾਅ ਵਾਲੇ ਰਾਜ ਵਿੱਚ ਇਹ ਚੁਣੌਤੀ ਹੋਰ ਗੰਭੀਰ ਹੈ। ਸਰਕਾਰ ਨੂੰ ਰੁਜ਼ਗਾਰ, ਨਸ਼ਿਆਂ, ਉਦਯੋਗਿਕ ਨਿਵੇਸ਼, ਕਾਨੂੰਨ-ਵਿਵਸਥਾ, ਖੇਤੀਬਾੜੀ, ਸਿੱਖਿਆ, ਸਿਹਤ ਅਤੇ ਵਿੱਤੀ ਅਨੁਸ਼ਾਸਨ ਵਰਗੇ ਕਈ ਮੋਰਚਿਆਂ 'ਤੇ ਇੱਕੋ ਸਮੇਂ ਕੰਮ ਕਰਨਾ ਪੈਂਦਾ ਹੈ। ਇਸ ਲਈ 2027 ਵਿੱਚ ਸੱਤਾਧਾਰੀ ਪਾਰਟੀ ਲਈ ਸਭ ਤੋਂ ਵੱਡੀ ਕਸੌਟੀ ਇਹ ਹੋਵੇਗੀ ਕਿ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿੰਨਾ ਦਿਖਾਈ ਦੇਣ ਵਾਲਾ ਬਦਲਾਅ ਮਹਿਸੂਸ ਹੋਇਆ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਸਭ ਤੋਂ ਪੁਰਾਣੀਆਂ ਅਤੇ ਇਤਿਹਾਸਕ ਰਾਜਨੀਤਕ ਪਾਰਟੀਆਂ ਵਿੱਚੋਂ ਇੱਕ ਹੈ। ਪੰਜਾਬੀ ਸੂਬਾ ਅੰਦੋਲਨ, ਸੰਘੀ ਅਧਿਕਾਰਾਂ, ਖੇਤੀਬਾੜੀ ਅਤੇ ਪੰਥਕ ਰਾਜਨੀਤੀ ਨਾਲ ਇਸ ਦੀ ਲੰਬੀ ਵਿਰਾਸਤ ਜੁੜੀ ਹੋਈ ਹੈ, ਪਰ ਵਿਰਾਸਤ ਆਪਣੇ ਆਪ ਵਿੱਚ ਭਵਿੱਖ ਦੀ ਗਾਰੰਟੀ ਨਹੀਂ ਹੁੰਦੀ। ਪਾਰਟੀ ਨੂੰ ਆਪਣੇ ਰਵਾਇਤੀ ਸਮਰਥਨ ਆਧਾਰ ਵਿੱਚ ਕਮੀ ਅਤੇ ਭਰੋਸੇ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਇਸ ਦੀ ਵੱਡੀ ਚੁਣੌਤੀ ਆਪਣੀ ਇਤਿਹਾਸਕ ਪਛਾਣ ਨੂੰ ਨਵੀਂ ਪੀੜ੍ਹੀ ਦੀਆਂ ਉਮੀਦਾਂ ਨਾਲ ਜੋੜ ਕੇ ਭਰੋਸਾ ਮੁੜ ਕਾਇਮ ਕਰਨਾ ਹੈ।

ਕਾਂਗਰਸ ਅਜੇ ਵੀ ਪੰਜਾਬ ਦੀ ਇੱਕ ਮਹੱਤਵਪੂਰਨ ਰਾਜਨੀਤਕ ਤਾਕਤ ਹੈ। ਇਸ ਕੋਲ ਤਜਰਬੇਕਾਰ ਆਗੂ, ਰਵਾਇਤੀ ਵੋਟਰ ਅਤੇ ਕਈ ਖੇਤਰਾਂ ਵਿੱਚ ਸੰਗਠਨਾਤਮਕ ਆਧਾਰ ਮੌਜੂਦ ਹੈ, ਪਰ ਅੰਦਰੂਨੀ ਖਿੱਚੋਤਾਣ ਅਤੇ ਲੀਡਰਸ਼ਿਪ ਦਾ ਸਵਾਲ ਇਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਜੇਕਰ ਪਾਰਟੀ ਆਪਣੇ ਸੰਗਠਨ ਨੂੰ ਮਜ਼ਬੂਤ ਕਰਦੀ ਹੈ, ਅੰਦਰੂਨੀ ਮਤਭੇਦਾਂ ਨੂੰ ਸੰਭਾਲਦੀ ਹੈ ਅਤੇ ਸਰਕਾਰ ਦੀ ਆਲੋਚਨਾ ਦੇ ਨਾਲ ਇੱਕ ਸਪੱਸ਼ਟ ਨੀਤੀਗਤ ਵਿਕਲਪ ਪੇਸ਼ ਕਰਦੀ ਹੈ ਤਾਂ ਉਹ ਮੁੜ ਮਜ਼ਬੂਤ ਚੁਣੌਤੀ ਬਣ ਸਕਦੀ ਹੈ।

ਭਾਜਪਾ ਲੰਬੇ ਸਮੇਂ ਤੱਕ ਅਕਾਲੀ ਦਲ ਦੀ ਸਾਥੀ ਰਹੀ। ਗਠਜੋੜ ਟੁੱਟਣ ਤੋਂ ਬਾਅਦ ਪਾਰਟੀ ਨੇ ਆਪਣੇ ਬਲਬੂਤੇ ਸੰਗਠਨ ਖੜ੍ਹਾ ਕਰਨ ਦੀ ਕੋਸ਼ਿਸ਼ ਤੇਜ਼ ਕੀਤੀ ਹੈ, ਪਰ ਪੰਜਾਬ ਵਿੱਚ ਇਸ ਲਈ ਸਭ ਤੋਂ ਵੱਡੀ ਚੁਣੌਤੀ ਵਿਆਪਕ ਸਮਾਜਿਕ ਅਤੇ ਖੇਤਰੀ ਸਵੀਕਾਰਤਾ ਹਾਸਲ ਕਰਨਾ ਹੈ। ਖੇਤੀਬਾੜੀ, ਕੇਂਦਰ-ਰਾਜ ਸਬੰਧ, ਧਾਰਮਿਕ-ਸੱਭਿਆਚਾਰਕ ਮੁੱਦੇ ਅਤੇ ਪੰਜਾਬ ਦੇ ਸਥਾਨਕ ਹਿੱਤਾਂ 'ਤੇ ਉਸ ਦੀ ਸਥਿਤੀ ਭਵਿੱਖ ਵਿੱਚ ਉਸ ਦੇ ਪ੍ਰਭਾਵ ਨੂੰ ਨਿਰਧਾਰਤ ਕਰੇਗੀ।

ਪੰਜਾਬ ਦੀ ਮੌਜੂਦਾ ਰਾਜਨੀਤੀ ਵਿੱਚ ਇੱਕ ਹੋਰ ਮਹੱਤਵਪੂਰਨ ਬਦਲਾਅ ਨਵੀਆਂ ਪੰਥਕ ਧਿਰਾਂ ਦਾ ਉਭਾਰ ਹੈ। ਖ਼ਾਸ ਤੌਰ 'ਤੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਵਾਰਿਸ ਪੰਜਾਬ ਦੇ ਦੀ ਸਿਆਸੀ ਸਰਗਰਮੀ ਅਤੇ ਇਸ ਨਾਲ ਜੁੜੇ ਪੰਥਕ ਰਾਜਨੀਤਕ ਉਭਾਰ ਨੇ ਪੰਜਾਬ ਦੀ ਪੰਥਕ ਸਿਆਸਤ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। ਇਸ ਦੇ ਨਾਲ ਹੀ ਅਕਾਲੀ ਦਲ (ਪੁਨਰ ਸੁਰਜੀਤ) ਵਰਗੀਆਂ ਧਿਰਾਂ ਵੀ ਰਵਾਇਤੀ ਅਕਾਲੀ ਸਿਆਸਤ ਦੇ ਪੁਨਰ-ਨਿਰਮਾਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਪੰਥਕ ਧਿਰਾਂ ਵਿੱਚ ਏਕਤਾ ਦੀ ਕਮੀ ਇੱਕ ਵੱਡੀ ਚੁਣੌਤੀ ਹੈ। ਇਨ੍ਹਾਂ ਧਿਰਾਂ ਦਾ ਪ੍ਰਭਾਵ ਸਿਰਫ਼ ਇਸ ਗੱਲ ਨਾਲ ਨਹੀਂ ਮਾਪਿਆ ਜਾਵੇਗਾ ਕਿ ਉਹ ਕਿੰਨੀਆਂ ਸੀਟਾਂ ਜਿੱਤਦੀਆਂ ਹਨ, ਸਗੋਂ ਇਸ ਗੱਲ ਨਾਲ ਵੀ ਕਿ ਉਹ ਰਵਾਇਤੀ ਪੰਥਕ ਵੋਟ ਨੂੰ ਕਿੰਨਾ ਮੁੜ ਸੰਗਠਿਤ ਕਰ ਸਕਦੀਆਂ ਹਨ। ਜੇ ਇਹ ਧਿਰਾਂ ਵੱਖ-ਵੱਖ ਚੋਣ ਲੜਦੀਆਂ ਹਨ ਤਾਂ 2027 ਵਿੱਚ ਕਈ ਹਲਕਿਆਂ ਵਿੱਚ ਬਹੁ-ਕੋਣੀ ਮੁਕਾਬਲੇ ਬਣ ਸਕਦੇ ਹਨ।

ਪੰਜਾਬ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਅਕਸਰ ਇਸ ਸਵਾਲ ਤੱਕ ਸੀਮਤ ਰਹਿ ਜਾਂਦਾ ਹੈ ਕਿ ਕਿਹੜੀ ਪਾਰਟੀ ਜਿੱਤੀ, ਕਿਹੜੀ ਹਾਰੀ ਅਤੇ ਕਿਹੜੇ ਨੇਤਾ ਦਾ ਪ੍ਰਭਾਵ ਵਧਿਆ ਜਾਂ ਘਟਿਆ, ਪਰ ਪੰਜਾਬ ਨੂੰ ਇੱਕ ਰਾਜਨੀਤਕ-ਆਰਥਿਕ ਇਕਾਈ ਵਜੋਂ ਵੇਖਣ 'ਤੇ ਸਪੱਸ਼ਟ ਹੁੰਦਾ ਹੈ ਕਿ ਅਸਲ ਸੰਕਟ ਸਿਰਫ਼ ਸੱਤਾ ਪਰਿਵਰਤਨ ਦਾ ਨਹੀਂ, ਸਗੋਂ ਸ਼ਾਸਨ ਮਾਡਲ ਦਾ ਵੀ ਹੈ।

ਪਿਛਲੇ ਤਿੰਨ ਦਹਾਕਿਆਂ ਵਿੱਚ ਕਈ ਸਰਕਾਰਾਂ ਆਈਆਂ ਅਤੇ ਵੱਖ-ਵੱਖ ਪਾਰਟੀਆਂ ਨੂੰ ਲੋਕਾਂ ਨੇ ਭਾਰੀ ਬਹੁਮਤ ਦਿੱਤਾ। ਫਿਰ ਵੀ ਕਰਜ਼ਾ ਵਧਿਆ, ਖੇਤੀ ਸੰਕਟ ਡੂੰਘਾ ਹੋਇਆ, ਉਦਯੋਗ ਉਮੀਦਾਂ ਅਨੁਸਾਰ ਨਹੀਂ ਵਧੇ, ਨੌਜਵਾਨਾਂ ਦਾ ਪਰਵਾਸ ਜਾਰੀ ਰਿਹਾ ਅਤੇ ਨਸ਼ਾ ਵਾਰ-ਵਾਰ ਰਾਜਨੀਤਕ ਬਹਿਸ ਦਾ ਕੇਂਦਰ ਬਣਿਆ। ਇਹ ਦਰਸਾਉਂਦਾਹੈ ਕਿ ਸਮੱਸਿਆ ਸਿਰਫ਼ ਕਿਸੇ ਇੱਕ ਸਰਕਾਰ ਦੀ ਕਾਰਗੁਜ਼ਾਰੀ ਵਿੱਚ ਨਹੀਂ, ਸਗੋਂ ਉਸ ਢਾਂਚੇ ਵਿੱਚ ਵੀ ਹੈ ਜਿਸ ਅੰਦਰ ਰਾਜਨੀਤੀ ਕੰਮ ਕਰ ਰਹੀ ਹੈ।

ਪੰਜਾਬ ਦਾ ਅਸਲ ਸੰਕਟ ਕਿਸੇ ਇੱਕ ਪਾਰਟੀ ਦੀ ਸੱਤਾ ਨਹੀਂ, ਸਗੋਂ ਲੰਬੀ ਮਿਆਦ ਵਾਲੀ ਨੀਤੀ ਦੀ ਕਮੀ ਹੈ। ਚੋਣਾਂ ਦੌਰਾਨ ਬੇਰੁਜ਼ਗਾਰੀ, ਨਸ਼ਾ, ਖੇਤੀ ਸੰਕਟ, ਪਰਵਾਸ, ਕਰਜ਼ਾ, ਉਦਯੋਗ ਅਤੇ ਸਿੱਖਿਆ ਹਰ ਪਾਰਟੀ ਦੇ ਏਜੰਡੇ ਦਾ ਹਿੱਸਾ ਬਣਦੇ ਹਨ, ਪਰ ਚੋਣਾਂ ਤੋਂ ਬਾਅਦ ਬਹਿਸ ਅਕਸਰ ਦੋਸ਼-ਪ੍ਰਤੀਦੋਸ਼ ਅਤੇ ਤੁਰੰਤ ਰਾਜਨੀਤਕ ਲਾਭ ਤੱਕ ਸੀਮਤ ਰਹਿ ਜਾਂਦੀ ਹੈ। ਇਸ ਨਾਲ ਰਾਜਨੀਤੀ ਦਾ ਕੇਂਦਰ 'ਨੀਤੀ' ਤੋਂ ਹਟ ਕੇ 'ਨੈਰੇਟਿਵ' ਯਾਨੀ ਬਿਰਤਾਂਤ ਬਣ ਜਾਂਦਾ ਹੈ।

ਪੰਜਾਬ ਦੀ ਆਰਥਿਕਤਾ ਇਸ ਸਿਆਸੀ ਬਹਿਸ ਦਾ ਕੇਂਦਰੀ ਵਿਸ਼ਾ ਹੋਣੀ ਚਾਹੀਦੀ ਹੈ। ਸਰਕਾਰੀ ਆਮਦਨ ਅਤੇ ਖ਼ਰਚ ਵਿਚਲਾ ਫ਼ਰਕ, ਕਰਜ਼ਾ, ਸਬਸਿਡੀਆਂ, ਖੇਤੀਬਾੜੀ 'ਤੇ ਨਿਰਭਰਤਾ ਅਤੇ ਉਦਯੋਗਿਕ ਨਿਵੇਸ਼ ਦੀ ਕਮੀ ਲੰਬੇ ਸਮੇਂ ਦੇ ਸਵਾਲ ਹਨ। ਪੰਜਾਬ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਕਰਨ ਲਈ ਇਹ ਸਪੱਸ਼ਟ ਕਰਨਾ ਪਵੇਗਾ ਕਿ ਆਮਦਨ ਕਿਵੇਂ ਵਧੇਗੀ, ਨਿਵੇਸ਼ ਕਿਵੇਂ ਆਵੇਗਾ, ਉਦਯੋਗ ਕਿਵੇਂ ਖੜ੍ਹੇ ਹੋਣਗੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਕਿਵੇਂ ਪੈਦਾ ਹੋਵੇਗਾ। ਸਿਰਫ਼ ਲੋਕ-ਲੁਭਾਉਣੇ ਐਲਾਨ ਲੰਬੇ ਸਮੇਂ ਦਾ ਆਰਥਿਕ ਹੱਲ ਨਹੀਂ ਬਣ ਸਕਦੇ।

ਨਸ਼ੇ ਦਾ ਮੁੱਦਾ ਵੀ ਸਿਰਫ਼ ਚੋਣ ਨਾਅਰਿਆਂ ਨਾਲ ਹੱਲ ਨਹੀਂ ਹੋ ਸਕਦਾ। ਇਹ ਕਾਨੂੰਨ-ਵਿਵਸਥਾ ਦੇ ਨਾਲ ਜਨ ਸਿਹਤ, ਸਿੱਖਿਆ, ਪਰਿਵਾਰ, ਰੁਜ਼ਗਾਰ ਅਤੇ ਪੁਨਰਵਾਸ ਨਾਲ ਜੁੜਿਆ ਹੋਇਆ ਹੈ। ਨਸ਼ੇ ਦੇ ਵਪਾਰ ਵਿਰੁੱਧ ਸਖ਼ਤੀ ਦੇ ਨਾਲ ਨੌਜਵਾਨਾਂ ਲਈ ਸਿੱਖਿਆ, ਹੁਨਰ ਅਤੇ ਰੁਜ਼ਗਾਰ ਦੇ ਮੌਕੇ ਵਧਾਉਣੇ ਵੀ ਜ਼ਰੂਰੀ ਹਨ।

ਇਸੇ ਤਰ੍ਹਾਂ ਪੰਜਾਬ ਦੀ ਖੇਤੀਬਾੜੀ ਨੂੰ ਸਿਰਫ਼ ਐੱਮ.ਐੱਸ.ਪੀ. ਅਤੇ ਫ਼ਸਲਾਂ ਦੀ ਖ਼ਰੀਦ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਫ਼ਸਲੀ ਵਿਭਿੰਨਤਾ, ਪ੍ਰੋਸੈਸਿੰਗ ਉਦਯੋਗ, ਕੋਲਡ-ਚੇਨ, ਨਿਰਯਾਤ, ਖੇਤੀਬਾੜੀ ਖੋਜ ਅਤੇ ਪਾਣੀ ਦੀ ਸੰਭਾਲ ਨੂੰ ਇੱਕ ਵੱਡੀ ਖੇਤੀ ਨੀਤੀ ਦਾ ਹਿੱਸਾ ਬਣਾਉਣਾ ਪਵੇਗਾ। ਜੇ ਪਾਣੀ ਅਤੇ ਮਿੱਟੀ ਦੀ ਸੰਭਾਲ ਨੂੰ ਅਣਡਿੱਠਾ ਕੀਤਾ ਗਿਆ ਤਾਂ ਕਿਸਾਨੀ ਸੰਕਟ ਭਵਿੱਖ ਵਿੱਚ ਹੋਰ ਗੰਭੀਰ ਹੋ ਸਕਦਾ ਹੈ। ਪੰਜਾਬ ਵਿੱਚ ਚੋਣ ਵਿਹਾਰ ਸਿਰਫ਼ ਵਿਕਾਸ ਨਾਲ ਤੈਅ ਨਹੀਂ ਹੁੰਦਾ। ਧਾਰਮਿਕ ਭਾਵਨਾਵਾਂ, ਪੰਥਕ ਮੁੱਦੇ, ਜਾਤੀ ਸਮੀਕਰਨ, ਡੇਰਿਆਂ ਦਾ ਪ੍ਰਭਾਵ, ਖੇਤਰੀ ਸੰਤੁਲਨ ਅਤੇ ਸਥਾਨਕ ਸਮਾਜਿਕ ਬਣਤਰ ਵੀ ਵੋਟਿੰਗ ਨੂੰ ਪ੍ਰਭਾਵਿਤ ਕਰਦੇ ਹਨ। ਇਹ ਲੋਕਤੰਤਰ ਦਾ ਹਿੱਸਾ ਹਨ, ਪਰ ਜਦੋਂ ਪਛਾਣ ਦੀ ਰਾਜਨੀਤੀ ਨੀਤੀ-ਆਧਾਰਿਤ ਬਹਿਸ ਦੀ ਥਾਂ ਲੈ ਲੈਂਦੀ ਹੈ ਤਾਂ ਸ਼ਾਸਨ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ।

ਕੇਂਦਰ-ਰਾਜ ਸਬੰਧ ਵੀ ਪੰਜਾਬ ਦੀ ਰਾਜਨੀਤੀ ਦਾ ਮਹੱਤਵਪੂਰਨ ਪੱਖ ਹਨ। ਚੰਡੀਗੜ੍ਹ, ਦਰਿਆਈ ਪਾਣੀਆਂ, ਖੇਤੀਬਾੜੀ ਨੀਤੀ, ਸਰਹੱਦੀ ਸੁਰੱਖਿਆ ਅਤੇ ਵਿੱਤੀ ਹਿੱਸੇਦਾਰੀ ਵਰਗੇ ਮੁੱਦੇ ਸਮੇਂ-ਸਮੇਂ 'ਤੇ ਉੱਭਰਦੇ ਰਹੇ ਹਨ।

(ਬਾਕੀ ਸਫ਼ਾ 27 'ਤੇ)

# ਬੰਦੀ ਸਿੰਘਾਂ ਦੀ ਰਿਹਾਈ ਜਲਦੀ ਕਰੇ ਮੋਦੀ ਸਰਕਾਰ



ਗਿਆਨੀ ਕੇਵਲ ਸਿੰਘ

ਭਾਰਤ ਅੰਦਰ ਕੇਵਲ ਸਿੱਖ ਭਾਈਚਾਰਾ ਇੱਕ ਐਸਾ ਭਾਈਚਾਰਾ ਹੈ ਜੋ 1947 ਤੋਂ ਹੀ ਭਾਰਤੀ ਨਵੇਂ ਹਾਕਮਾਂ ਵੱਲੋਂ ਆਪਣੇ ਸੰਵਿਧਾਨਕ ਹੱਕ ਲੈਣ ਲਈ ਨਿਰੰਤਰ ਘੋਲ ਕਰਦਾ ਆ ਰਿਹਾ ਹੈ। ਜੇਕਰ ਸਾਰੇ ਦੇਸ਼ ਵਾਸੀਆਂ ਦੀ ਗੱਲ ਕਰੀਏ ਤਾਂ ਬਹੁ ਗਿਣਤੀ ਉਹ ਮੇਰੇ ਦੇਸ਼ ਵਾਸੀ ਹਨ ਜੋ ਸਿੱਖ ਭਾਈਚਾਰੇ ਬਾਰੇ ਇਤਿਹਾਸ ਦੇ ਪੱਖ ਤੋਂ ਅਤੇ ਦੇਸ਼ ਹਿੱਤਾਂ ਦੇ ਰਾਖੇ ਵਾਲੇ ਪੱਖ ਤੋਂ ਵਾਕਿਫ਼ ਹੀ ਨਹੀਂ ਹਨ ਕਿਉਂਕਿ ਸਿੱਖ ਆਬਾਦੀ ਪੰਜਾਬ ਵਿੱਚ ਵਧੇਰੇ ਕਰਕੇ ਕੇਂਦਰਿਤ ਹੈ। ਬਾਕੀ ਭਾਰਤ ਅੰਦਰ ਭਾਵੇਂ ਸਿੱਖ ਲੱਖਾਂ ਹਜ਼ਾਰਾਂ ਦੀ ਗਿਣਤੀ ਵਿਚ ਵੱਖ ਵੱਖ ਸੂਬਿਆਂ ਵਿੱਚ ਵੱਸਦੇ ਹਨ ਆਪਣੇ ਆਪਣੇ ਕਾਰੋਬਾਰ ਕਰਦੇ ਹਨ।ਆਪਣੀ ਭਾਈਚਾਰਕ ਸਾਂਝ ਸਭ ਥਾਂ ਇਨਸਾਨੀਅਤ ਦੇ ਨਾਤੇ ਬਹੁਤ ਸਤਿਕਾਰ ਭਰੀ ਸਥਾਪਤ ਕਰਕੇ ਰੱਖਦੇ ਹਨ। ਸਮਾਜਿਕ ਰਾਜਨੀਤਕ ਤੇ ਧਾਰਮਿਕ ਗਤੀਵਿਧੀਆਂ ਵਿਚ ਸਿੱਖਾਂ ਦੀ ਪਹਿਲ ਕਦਮੀ ਦੀ ਆਪਣੀ ਪਹਿਚਾਣ ਦੇਸ਼ ਵਿਆਪੀ ਹੈ।

ਕਿਉਂਕਿ ਸਿੱਖ ਆਬਾਦੀ ਭਾਰਤ ਦੀ ਆਬਾਦੀ ਦਾ ਬੜੀ ਮੁਸ਼ਕਲ ਨਾਲ ੨ ਫੀਸਦੀ ਹੀ ਹਿੱਸਾ ਹੋ ਸਕਦੀ ਹੈ। ਸ਼ੁਰੂ ਤੋਂ ਇਹ ਗਿਣਤੀ ਇਸ ਰੂਪ ਵਿੱਚ ਹੀ ਹੈ। ਭਾਰਤ ਦੇ ਵਾਸੀਆਂ ਨੂੰ ਜੋ ਗੱਲ ਬਿਲਕੁਲ ਨਹੀਂ ਪਤਾ ਹੋਵੇਗੀ ਜੇਕਰ ਥੋੜ੍ਹੀ ਬਹੁਤ ਹੋਵੇਗੀ ਤਾਂ ਥੋੜ੍ਹੇ ਲੋਕਾਂ ਤੱਕ ਹੀ ਹੋ ਸਕਦੀ ਹੈ।

ਸਿੱਖ ਭਾਈਚਾਰਾ ਉਹ ਭਾਈਚਾਰਾ ਹੈ ਜੋ 1947 ਦੀ ਦੇਸ਼ ਆਜ਼ਾਦੀ ਦੀ ਲੜਾਈ ਦਾ ਜਿੱਥੇ ਸਭ ਤੋਂ ਵੱਧ ਹਿੱਸੇਦਾਰ ਹੈ ਜੇਲ੍ਹਾਂ ਕੱਟਣ, ਸ਼ਹੀਦ ਹੋਣ, ਜ਼ਮੀਨ ਜਾਇਦਾਦ ਕੁਰਕ ਕਰਵਾਉਣ ਵਿੱਚ। ਓਥੇ ਇਹ ਭਾਈਚਾਰਾ ਦੇਸ਼ ਦੀ ਵੰਡ ਦਾ ਤੀਜੀ ਹਿੱਸੇਦਾਰੀ ਦਾ ਮਾਲਕ ਵੀ ਸੀ। ਇਹ ਤੀਜੀ ਧਿਰ ਸੀ ਜੋ ਅੰਗ੍ਰੇਜ਼ੀ ਹੁਕਮਰਾਨਾਂ ਨਾਲ ਗੱਲ ਬਾਤ ਵਿੱਚ ਭਾਈਵਾਲ ਹੈ। ਇਸ ਹਕੀਕਤ ਨੂੰ ਅੰਗਰੇਜ਼ਾਂ ਨੇ ਸਵੀਕਾਰ ਕੀਤਾ ਸੀ ਅਤੇ ਭਾਰਤੀ ਆਜ਼ਾਦੀ ਘੁਲਾਟੀਏ ਵੀ ਇਸ ਸੱਚ ਤੋਂ ਬਹੁਤ ਚੰਗੀ ਤਰ੍ਹਾਂ ਵਾਕਫ ਸਨ।

ਕਿਉਂਕਿ ਅੰਗ੍ਰੇਜ਼ਾਂ ਨੇ ਭਾਰਤੀ ਸੂਬਿਆਂ ਤਥਾ ਇਲਾਕਿਆਂ ’ਤੇ ਕਬਜ਼ਾ ਕੀਤਾ ਆਪਣੀਆਂ ਕੁਟਲ ਚਾਲਬਾਜ਼ੀਆਂ ਨਾਲ ਪਰ ਸਿੱਖ ਆਪਣੇ ਰਾਜਭਾਗ ਦੇ ਵਾਰਸ ਸਨ। ਅੰਗਰੇਜ਼ ਨਾਲ ਰਾਜ ਦੀਆਂ ਸਰਹੱਦੀ ਸੰਧੀਆਂ ਦੇ ਪ੍ਰਤੱਖ ਸਬੂਤ ਹਨ। ਭਾਰਤੀ ਖਿੱਤੇ ਦੇ ਦੂਜੇ ਹਿੱਸਿਆਂ ’ਤੇ ਅੰਗਰੇਜ਼ਾਂ ਨੇ ਪੰਜਾਬ ਨਾਲੋਂ ਸੌ ਸਾਲ ਵੱਧ ਰਾਜ ਕੀਤਾ ਤੇ ਗੁਲਾਮ ਰੱਖਿਆ। ਜਦੋਂ ਪੰਜਾਬ ਅੰਦਰਲੇ ਸਿੱਖ ਰਾਜ ਨੂੰ ਅੰਗਰੇਜ਼ਾਂ ਨੇ ਬਹੁਤ ਹੀ ਘਟੀਆ ਕਪਟ ਭਰੀਆਂ ਚਾਲਾਂ ਨਾਲ ਹਥਿਆਇਆ ਸੀ। ਸਿੱਖਾਂ ਨੇ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਨੂੰ ਕਦੇ ਵੀ ਮਾਨਸਿਕ ਤੌਰ ਤੇ ਨਹੀਂ ਸਵੀਕਾਰਿਆ। ਬਲਕਿ ਆਪਣੇ ਰਾਜ ਹੱਕ ਲੈਣ ਲਈ ਨਿਰੰਤਰ ਯਤਨਸ਼ੀਲ ਰਹੇ। ਜਾਂ ਹੋਰ ਢੰਗ ਅਪਣਾ ਕੇ ਆਪਣੇ ਹੱਕਾਂ ਲਈ ਕੰਮ ਕਰਨਾ ਜਾਰੀ ਰੱਖਿਆ। ਧਾਰਮਿਕ ਅਸਥਾਨਾਂ ’ਤੇ ਪ੍ਰਬੰਧ ਲੈਣ ਵੱਲ ਧਿਆਨ ਦੇ ਕੇ ਅੰਗਰੇਜ਼ੀ ਰਾਜ ਦੇ ਖਾਸ ਪਿੱਠੂਆਂ ਨੂੰ ਬਾਹਰ ਕੱਢਣ ਲਈ ਕੁਰਬਾਨੀਆਂ ਦਾ ਇਤਿਹਾਸ ਰਚਿਆ। ਜਿੱਥੇ ਅੰਗਰੇਜ਼ੀ ਰਾਜ ਨੂੰ ਝੁਕਣ ਲਈ ਮਜ਼ਬੂਰ ਕੀਤਾ।

ਆਜ਼ਾਦੀ ਦੀ ਕੀਮਤ ਸਭ ਤੋਂ ਵੱਧ ਸਿੱਖਾਂ ਨੇ ਤਾਰੀ ਹੈ। ਦੇਸ਼ ਲਈ ਮੁਹੱਬਤ ਵੀ ਸਿੱਖਾਂ ਸਭ ਤੋਂ ਵਧੇਰੇ ਪ੍ਰਗਟਾਉਣ ਵਿੱਚ ਨਾਮਣਾ ਖੱਟਿਆ ਹੈ।

ਕਿਉਂਕਿ ਸਿੱਖਾਂ ਨਵੇਂ ਇਤਿਹਾਸ ਵਿੱਚ ਜੋ ਰੁਤਬਾ ਦੇ ਕੇ ਇਨ੍ਹਾਂ ਬਾਰੇ ਬਹੁਤ ਸਪੱਸ਼ਟ ਤੇ ਮਹੱਤਵਪੂਰਨ ਕੁਰਬਾਨੀ ਨੂੰ ਦੇਸ਼ ਵਾਸੀਆਂ ਦੇ ਸਾਹਮਣੇ ਰੱਖਣ ਦੀ ਜ਼ਿੰਮੇਵਾਰੀ ਭਾਰਤੀ ਹਾਕਮਾਂ ਦੀ ਸੀ ਉਹ ਨਹੀਂ ਨਿਭਾਈ ਗਈ। ਭਾਰਤੀ ਵਿੱਦਿਆ ਸਮੱਗਰੀ ਅੰਦਰ ਸਿੱਖ ਭਾਈਚਾਰੇ ਦੀ ਦੇਸ਼ ਪ੍ਰਸਤੀ ਦੀ ਗਾਥਾ ਨੂੰ ਉਜਾਗਰ ਨਹੀਂ ਕੀਤਾ ਗਿਆ। ਇਸ ਲਈ ਸਿੱਖ ਭਾਈਚਾਰੇ ਨੂੰ ਭਾਰਤੀ ਆਬਾਦੀ ਦਾ ਵੱਡਾ ਹਿੱਸਾ ਇਸ ਦੇ ਇਤਿਹਾਸ ਗੌਰਵ ਦੇ ਪੱਖੋਂ ਨਹੀਂ ਜਾਣਦਾ। ਹਾਂ ਜੇਕਰ ਜਾਣਕਾਰੀ ਹੈ ਤਾਂ ਉਹ ਬਹੁਤ ਅਧੂਰੀ ਹੈ। ਇਨ੍ਹਾਂ ਦੀ ਛਵੀ ਨੂੰ ਵਧੇਰੇ ਕਰਕੇ ਦੇਸ਼ ਅੰਦਰ ਦੇਸ਼ ਧ੍ਰੋਹੀਆਂ ਦੇ ਤੌਰ ਤੇ ਲੰਮਾ ਸਮਾਂ ਮਿਲ ਕੇ ਪ੍ਰਚਾਰਿਆ ਪ੍ਰਸਾਰਿਆ ਗਿਆ ਹੈ। ਹਊਆ ਬਣਾ ਕੇ ਅਤਿ ਦੀ ਨਫ਼ਰਤ ਭਰਕੇ ਵੋਟਤੰਤਰ ਦਾ ਰਾਜਸੀ ਹਿੱਤਾਂ ਲਈ ਭੁਗਤਾਨ ਕਰਵਾਇਆ ਜਾਂਦਾ ਰਿਹਾ ਹੈ।

ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਸਵਾਏ ਸਿੱਖਾਂ ਦੇ ਇੱਕ ਖ਼ਾਸ ਚੇਤੰਨ ਭਾਈਚਾਰੇ ਤੋਂ ਬਗੈਰ ਨਾ ਪੰਜਾਬ ਵਾਸੀਆਂ ਨੇ ਕਦੀ ਨੇਕ ਨੀਤੀ ਨਾਲ ਜਾਨਣ ਸਮਝਣ ਦੀ ਕੋਸ਼ਿਸ਼ ਕੀਤੀ ਹੈ ਨ ਹੀ ਹਕੀਕਤ ਦੇ ਆਰ ਪਾਰ ਜਾ ਕੇ ਸੱਚ ਨਾਲ ਖੜ੍ਹੇ ਹੋਣ ਵਾਲੇ ਫਰਜ਼ ਨੂੰ ਪਛਾਣਿਆ ਹੈ। ਇਹੀ ਕਾਰਨ ਹੈ ਸਿੱਖ ਮੁੱਦੇ, ਮੁੱਦੇ ਹੀ ਨਹੀਂ ਸਮਝੇ ਜਾਂਦੇ। ਹਾਲਾਂਕਿ ਸਿੱਖ ਮੁੱਦਿਆਂ ਵਿਚ ਸਿੱਖ ਭਾਈਚਾਰੇ ਦਾ ਜਾਤੀ ਸਵਾਰਥ ਕਦੇ ਸ਼ਾਮਲ ਨਹੀਂ ਰਿਹਾ। ਕਿਉਂਕਿ ਜਿਹੜੇ ਗੁਰੂ ਗਿਆਨ ਸੋਚ ਦੇ ਪਹਿਰੇਦਾਰ ਵਜੋਂ ਸਿੱਖ ਸਮਾਜ ਸੰਸਾਰ ਵਿੱਚ ਵਿਚਰਦਾ ਹੈ ਉਸ ਦਾ ਸਪਸ਼ਟ ਐਲਾਨ ਹੈ ‘ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।’

ਐਸੇ ਸੱਚੇ ਸੁੱਚੇ ਗਿਆਨ ਪ੍ਰਭਾਵ ਦੇ ਵਾਰਸ ਹਨ ਸਿੱਖ।

ਪੰਜਾਬ ਦਾ ਖਿੱਤਾ ਇਨ੍ਹਾਂ ਦੀ ਰੂਹ ਹੈ ਜਿੰਦ ਜਾਨ ਹੈ ਇਹ ਇਸ ਖਿੱਤੇ ਨੂੰ ਜਨਮ ਸਿੱਧ ਅਧਿਕਾਰ ਹੇਠ ਵੇਖਦੇ ਹਨ ਅਤੇ ਮਾਣ ਕਰਦੇ ਹਨ ਪੰਜਾਬ ਦੀ ਇਸ ਪਵਿੱਤਰ ਧਰਤੀ ’ਤੇ। ਇਹੀ ਇਨ੍ਹਾਂ ਦੀ ਪਕੜ ਹੈ ਸੁਹਿਰਦਤਾ ਹੈ ਇਸ ਧਰਤੀ ਪ੍ਰਤੀ ਇਸ ਦੇ ਮਾਣ ਸਨਮਾਨ ਲਈ ਕੰਮ ਕਰਨਾ ਰੂਹ ਦਾ ਜਨੂੰਨ ਹੈ ਨ ਕਿ ਕੋਈ ਜਾਤੀ ਸਿੱਧੀ ਲਈ ਲੜੀ ਜਾਣ ਵਾਲੀ ਸਵਾਰਥੀ ਲੜਾਈ ਹੈ।

‘ਬੰਦੀ ਸਿੰਘ ਕੌਣ ਹਨ’ ਪੰਜਾਬ ਵਾਸੀਆਂ ਨੂੰ ਹੁਣ ਪੂਰੀ ਤਰ੍ਹਾਂ ਯਾਦ ਨਹੀਂ ਹੋਵੇਗਾ। ਕੀ ਇਹ ਕੋਈ ਧਾੜਵੀ ਨੇ, ਕਾਤਲ ਨੇ, ਲੁੱਟਾਂ ਖੋਹਾਂ ਕਰਨ ਵਾਲਿਆਂ ਦੇ ਕਿਸੇ ਗ੍ਰੋਹ ਦੇ ਕਰਿੰਦੇ ਨੇ ? ਨਹੀਂ। ਨਹੀਂ ॥ ਨਹੀਂ॥। ਇਹ ਪੰਜਾਬ ਲਈ ਪੰਜਾਬ ਦੀ ਸ਼ਾਨ ਲਈ ਆਪਣੇ ਮਜ਼ਬੀ ਹੱਕ ਹਕੂਕ ਲਈ ਸ਼ਾਂਤਮਈ ਸੰਘਰਸ਼ ਕਰਨ ਵਾਲਿਆਂ ਦੀ ਅੰਸ਼ ਬੰਸ ਹਨ। ਇਨਾਂ ਦੇ ਪੁਰਖਿਆਂ ਨੇ 1947 ਤੋਂ ਪੰਜਾਬ ਅਤੇ ਪੰਥ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ ਆਪਣੇ ਉਸ ਦੇਸ਼ ਅੰਦਰ ਜਿਸ ਦੀ ਆਜ਼ਾਦੀ ਦੀਆਂ ਨੀਂਹਾਂ ਵਿੱਚ ਸਿਰ ਚੁਣਵਾਏ ਹਨ। ਗੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਫਾਂਸੀਆਂ ਦੇ ਰੱਸੇ ਚੁੰਮਣ ਦੀ ਦਲੇਰੀ ਕੀਤੀ ਹੈ। ਦੁੱਖ ਹੁੰਦਾ ਹੈ ਜਦੋਂ 1947 ਤੋਂ ਮਗਰੋਂ ਦਾ ਇਤਿਹਾਸ ਪੜ੍ਹਦੇ ਸੁਣਦੇ ਤੇ ਅੱਖੀਂ ਹੋ ਰਹੇ ਸਿੱਖਾਂ ਨਾਲ ਹਕੂਮਤੀ ਵਿਹਾਰ ਨੂੰ ਵੇਖ ਰਹੇ ਹਾਂ ਭਾਰਤ ਦੀ ਹਕੂਮਤ ਵੱਲੋਂ ਹੱਕੀ ਮੰਗਾਂ ਨ ਸਮੇਂ ਸਿਰ ਸੁਣੀਆਂ ਪੜ੍ਹੀਆਂ ਨਾ ਹੀ ਮੰਨੀਆਂ। ਸੰਘਰਸ਼ ਕਰਨ ਲਈ ਮਜ਼ਬੂਰ ਕੀਤਾ। ਗੱਲ ਬਾਤ ਰਾਹੀਂ ਸਾਰੇ ਮਸਲੇ ਹੱਲ ਹੁੰਦੇ ਹਨ ਇਹ ਸੰਸਾਰ ਪ੍ਰਸਿੱਧ ਅਸੂਲ ਹੈ। ਸੰਘਰਸ਼ ਕਿਸੇ ਵੀ ਪ੍ਰਕਾਰ ਦਾ ਕਿਉਂ ਨ ਹੋਵੇ ਨਤੀਜੇ ਬੈਠ ਕੇ ਕੀਤੀ ਗੱਲ ਬਾਤ ਰਾਹੀਂ ਹੀ ਨਿੱਕਲਦੇ ਹਨ। ਮਗਰ ਇਥੇ ਸਿੱਖਾਂ ਬਾਰੇ ਭਾਰਤੀ ਹਾਕਮਾਂ ਦੇ ਤੌਰ ਤਰੀਕੇ ਹੀ ਵੱਖਰੇ ਰਹੇ। ਜਾਣ ਬੁੱਝ ਕੇ ਮਾਹੌਲ ਵਿੱਚ ਜ਼ਹਿਰ ਭਰਿਆ ਸਿੱਖਾਂ ਬਾਰੇ ਗ਼ਲਤ ਪ੍ਰਚਾਰ ਕੀਤਾ ਜਾਣ ਬੁੱਝ ਕੇ ਦਰਬਾਰ ਸਾਹਿਬ ਅਤੇ ਹੋਰ ਗੁਰ ਅਸਥਾਨਾਂ ’ਤੇ ਭਾਰਤੀ ਫ਼ੌਜ ਨੂੰ ਸਿੱਖਾਂ ਨੂੰ ਸਬਕ ਸਿਖਾਉਣ ਦੀ ਕਪਟੀ ਨੀਤੀ ਨਾਲ ਚਾੜ੍ਹਿਆ। ਇਹ ਸੰਸਾਰ ਦੇ ਅੰਦਰ ਆਪਣੇ ਹੀ ਵਤਨ ਦੀ ਹਕੂਮਤ ਦਾ ਦੇਸ਼ ਦੇ ਮਹਾਨ ਸੇਵਕ ਸਿਖ ਭਾਈਚਾਰੇ ਨੂੰ ਜਾਣ ਬੁੱਝ ਕੇ ਦੇਸ਼ ਦੀ ਫ਼ੌਜ ਭੇਜ ਕੇ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ ਸੀ।

ਉਸ ਦੇ ਰੋਸ ਵਜੋਂ ਆਪਣੇ ਧਾਰਮਿਕ ਅਸਥਾਨਾਂ ਦੀ ਹਕੂਮਤ ਵਲੋਂ ਕੀਤੀ ਗਈ ਅਪਮਾਨਜਨਕ ਕਾਰਵਾਈ ਦਾ ਵਿਰੋਧ ਸਿੱਖ ਗੱਭਰੂਆਂ ਨੇ ਕੀਤਾ। ਉਨ੍ਹਾਂ ਨੂੰ ਫੜ ਕੇ ਭੈੜੇ ਭੈੜੇ ਕਨੂੰਨ ਵੱਖਰੇ ਬਣਾ ਕੇ ਜੇਲ੍ਹਾਂ ਵਿੱਚ ਤਾੜਿਆ ਹੋਇਆ ਹੈ ਇਹ ਹੱਕਾਂ ਦੀ ਲੜਾਈ ਲੜਨ ਵਾਲੇ ਸਿਆਸੀ ਕੈਦੀ ਹਨ। ਜ਼ਰਾਇਮ ਪੇਸ਼ਾ ਨਹੀਂ ਹਨ। ਨ ਇਨ੍ਹਾਂ ਵਿਚੋਂ ਕਿਸੇ ਦਾ ਜਾਤੀ ਸਵਾਰਥ ਭਰਿਆ ਕੋਈ ਹਿੱਤ ਹੈ। ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲ ਰਿਹਾਅ ਕੀਤੇ ਜਾ ਚੁੱਕੇ ਹਨ ਹੋਰ ਕਈ ਸੰਘਰਸ਼ ਨਾਲ ਜੁੜਿਆਂ ਨੂੰ ਛੱਡਿਆ ਜਾ ਚੁੱਕਾ ਹੈ। ਮਗਰ ਇਹ ਸਿੱਖ ਕੈਦੀ ਦਹਾਕਿਆਂ ਤੋਂ ਬੰਦੀ ਖ਼ਾਨੇ ਵਿਚ ਤਸ਼ੱਦਦ ਦਾ ਸ਼ਿਕਾਰ ਬਣਾ ਕੇ ਰੱਖੇ ਹਨ। 2019 ਵਿੱਚ ਧੰਨ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਮੌਕੇ ਰਿਹਾਈ ਦਾ ਐਲਾਨ ਵੀ ਕੀਤਾ ਸੀ ਮਗਰ ਅਮਲ ਹੀ ਨਹੀਂ। ਅੱਜ ਆਵਾਜ਼ ਬੁਲੰਦ ਕਰਨ ’ਤੇ ਫਿਰ ਤਸ਼ੱਦਦ ਹੋ ਰਿਹਾ ਹੈ। ਕਈ ਵਾਰ ਗਵਰਨਰ, ਰਾਸ਼ਟਰਪਤੀ ਆਦਿ ਦੇਸ਼ ਦੇ ਸਤਿਕਾਰਤ ਅਹੁਦਿਆਂ ਵਾਲਿਆਂ ਨੂੰ ਮੰਗ ਪੱਤਰ ਸੌਂਪਿਆ ਜਾ ਚੁੱਕਿਆ ਹੈ।

ਸਿਆਸੀ ਤੌਰ ਤੇ ਮੰਗ ਨੂੰ ਨਿਰੰਤਰ ਭਾਰਤ ਸਰਕਾਰ ਦੇ ਸਾਹਮਣੇ ਰੱਖਣ ਦਾ ਯਤਨ ਹੁੰਦਾ ਆ ਰਿਹਾ ਹੈ। ਜਿੱਦੀ ਵਤੀਰਾ ਅਖ਼ਤਿਆਰ ਕਰਕੇ ਇਸ ਦੇ ਹੱਲ ਤੋਂ ਜਾਣ ਬੁੱਝ ਕੇ ਹਕੂਮਤ ਪਾਸਾ ਵੱਟਦੀ ਰਹੀ ਹੈ ਅੱਜ ਵੀ ਐਸਾ ਹੀ ਹੈ। ਜੋ ਸਿੱਖ ਹਲਕਿਆਂ ਅੰਦਰ ਰੋਸ ਪੈਦਾ ਕਰਦਾ ਹੈ ਨਵੀਆਂ ਪੀੜ੍ਹੀਆਂ ਲਈ ਇਹ ਹਕੂਮਤੀ ਵਿਹਾਰ ਉਦਾਸੀ ਦੇ ਰਿਹਾ ਹੈ।

21 ਅਗਸਤ 2026 ਪੰਜਾਬ ਬੰਦ ਲਈ ਆਵਾਜ਼ ਦਿੱਤੀ ਗਈ ਸੀ ਕਿਉਂਕਿ ਪਿਛਲੇ ਦਿਨੀਂ ਗਵਰਨਰ ਨੂੰ ਰੋਸ ਪੱਤਰ ਦੇਣ ਜਾਣ ਵਾਲਿਆਂ ਤੇ ਬੇਹਿਸਾਬ ਪੁਲਸੀਆ ਜ਼ੁਲਮ ਢਾਹਿਆ ਗਿਆ ਸੀ। ਅੱਜ ਪੰਜਾਬ ਵਿੱਚ ਕਿੰਨਾ ਸਮਰਥਨ ਮਿਲਿਆ ਇਹ ਗੱਲ ਵੱਡੇ ਅਰਥ ਨਹੀਂ ਰੱਖਦੀ ਵੱਡੇ ਅਰਥ ਹਨ ਕਿ ਭਾਰਤੀ ਹਕੂਮਤ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕਰਦੀ ?

ਹੁਣ ਤੇ ਇਸ ਤੋਂ ਅਗਲੀ ਜ਼ਾਲਮੀ ਕਾਰਵਾਈ ਕਰਦਿਆਂ ਨਵੇਂ ਸਿੰਘਾਂ ਨੂੰ ਫੜ ਕੇ ਪੰਜਾਬ ਤੋਂ ਕਾਲੇ ਕਾਨੂੰਨ ਹੇਠ ਸਾਲਾਂ ਤੋਂ ਬੰਦ ਕਰਨ ਦਾ ਧੱਕਾ ਹੋ ਰਿਹਾ ਹੈ। ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਇਸ ਧੱਕੇ ਲਈ ਦੋਸ਼ੀ ਹਨ। ਭਾਈ ਅੰਮ੍ਰਿਤਪਾਲ ਸਿੰਘ ਜੀ ਨੂੰ ਜਿਸ ਇਲਾਕੇ ਦੇ ਲੋਕਾਂ ਨੇ ਲੋਕ ਸਭਾ ਦਾ ਨੁਮਾਇੰਦਾ ਚੁਣਿਆ ਹੋਇਆ ਹੈ ਉਹ ਵੀ ਜੇਲ੍ਹ ਵਿਚ ਬੰਦ ਹੈ।

ਸਰਕਾਰ ਨੂੰ ਸਿੱਖ ਕੈਦੀ ਜੋ ਪਹਿਲਾਂ ਤੋਂ ਕੈਦ ਹਨ ਜਾਂ ਹੁਣ ਇਸ ਤਰ੍ਹਾਂ ਫੜ ਕੇ ਬੰਦੀ ਬਣਾਏ ਹਨ ਬਿਨਾਂ ਦੇਰ ਰਿਹਾ ਕਰਨੇ ਚਾਹੀਦੇ ਹਨ।

*ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ।

# ਸਰਕਾਰੀ ਸਕੂਲਾਂ ਦੀ ਹਾਲਤ ’ਚ ਹੋਵੇ ਸੁਧਾਰ

ਹਰਵਿੰਦਰ ਸਿੰਘ
ਲੋਕ ਪ੍ਰਸ਼ਾਸਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਸਿੱਖਿਆ ਮਨੁੱਖੀ ਸਵੈ-ਮਾਣ ਅਤੇ ਰਾਸ਼ਟਰ ਨਿਰਮਾਣ ਦੀ ਬੁਨਿਆਦ ਹੈ। ਇਹ ਸਿਰਫ਼ ਰੁਜ਼ਗਾਰ ਦਾ ਸਾਧਨ ਨਹੀਂ, ਸਗੋਂ ਜਮਹੂਰੀ ਭਾਗੀਦਾਰੀ ਨਾਲ ਭਰਪੂਰ ਜੀਵਨ ਲਈ ਲਾਜ਼ਮੀ ਸ਼ਰਤ ਹੈ। ਮਿਆਰੀ ਸਿੱਖਿਆ ਤੋਂ ਬਗ਼ੈਰ ਵਿਅਕਤੀ ਆਲੋਚਨਾਤਮਕ ਸੋਚ ਅਤੇ ਆਪਣੀ ਅੰਦਰੂਨੀ ਸਮਰੱਥਾ ਤੋਂ ਵਾਂਝਾ ਰਹਿ ਜਾਂਦਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਹਰੇਕ ਬੱਚੇ ਨੂੰ ਬਰਾਬਰ ਅਤੇ ਮਿਆਰੀ ਸਿੱਖਿਆ ਦੇਣਾ ਰਾਜ ਦੀ ਮੁੱਢਲੀ ਜ਼ਿੰਮੇਵਾਰੀ ਹੈ। ਫਿਰ ਵੀ, ਸਪੱਸ਼ਟ ਵਿਰੋਧਾਭਾਸ ਹੈ ਕਿਉਂਕਿ ਸਰਕਾਰਾਂ ਸਿੱਖਿਆ ਨੂੰ ਕੌਮੀ ਤਰੱਕੀ ਦੀ ਨੀਂਹ ਦੱਸਦੀਆਂ ਹਨ, ਪਰ ਅਮਲੀ ਕਾਰਵਾਈਆਂ ਢਾਂਚਾਗਤ ਅਣਗਹਿਲੀ ਤੇ ਫੰਡਾਂ ਦੀ ਘਾਟ ਨੂੰ ਦਰਸਾਉਂਦੀਆਂਹਨ। ਰਾਸ਼ਟਰੀ ਸਿੱਖਿਆ ਨੀਤੀ 2020 ਦੇ ਬਾਵਜੂਦ ਜਨਤਕ ਸਿੱਖਿਆ ਦਾ ਢਾਂਚਾ ਬੁਨਿਆਦੀ ਘਾਟਾਂ ਤੋਂ ਪੀੜਤ ਹੈ। ਨੀਤੀਗਤ ਇਰਾਦੇ ਅਤੇ ਜ਼ਮੀਨੀ ਅਮਲ ਵਿਚਕਾਰ ਵਧਦਾ ਪਾੜਾ ਸਰਬ-ਵਿਆਪਕ ਸਿੱਖਿਆ ਦੇ ਸੰਵਿਧਾਨਕ ਦ੍ਰਿਸ਼ਟੀਕੋਣ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।

ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸਮਵਰਤੀ ਸੂਚੀ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਸਿੱਖਿਆ ਦੀ ਜ਼ਿੰਮੇਵਾਰੀ ਸਾਂਝੀ ਕਰਦੀਆਂ ਹਨ। ਸਿਧਾਂਤਕ ਤੌਰ ’ਤੇ ਇਹ ਸਹਿਕਾਰੀ ਸੰਘਵਾਦ ਲਈ ਹੈ, ਪਰ ਅਸਲ ਵਿੱਚ ਇਸ ਨੇ ਪ੍ਰਸ਼ਾਸਨਿਕ ਖਿੱਚੋਤਾਣ ਪੈਦਾ ਕੀਤੀ ਹੈ। ਦੋਵੇਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਸਿਆਸੀ ਖੱਟੀ ਤਾਂ ਖੱਟਣਾ ਚਾਹੁੰਦੀਆਂ ਹਨ, ਪਰ ਅਸਫ਼ਲਤਾਵਾਂ ਵੇਲੇ ਜ਼ਿੰਮੇਵਾਰੀ ਇੱਕ-ਦੂਜੇ ’ਤੇ ਸੁੱਟ ਦਿੰਦੀਆਂ ਹਨ। ਨੀਤੀ ਆਯੋਗ ਦੀ ਰਿਪੋਰਟ ‘ਸਕੂਲ ਐਜੂਕੇਸ਼ਨ ਸਿਸਟਮ ਇਨ ਇੰਡੀਆ: ਟੈਂਪੋਰਲ ਅਨੈਲੇਸਿਸ ਐਂਡ ਪਾਲਿਸੀ ਰੋਡਮੈਪ ਫਾਰ ਕੁਆਲਿਟੀ ਐਨਹਾਂਸਮੈਂਟ’ ਦੱਸਦੀ ਹੈ ਕਿ ਜਨਤਕ ਨੀਤੀ ਜ਼ਮੀਨੀ ਸੰਸਥਾਨ ਨਿਰਮਾਣ ਦੀ ਬਜਾਏ ਸਮਾਗਮ ਆਧਾਰਿਤ ਪ੍ਰਚਾਰ ਵੱਲ ਖਿਸਕ ਗਈ ਹੈ।

‘ਪਰੀਖਿਆ ਪੇ ਚਰਚਾ’ ਵਰਗੀਆਂ ਵੱਡੀਆਂ ਪਹਿਲਕਦਮੀਆਂ ਪ੍ਰਚਾਰ ਦਾ ਰਿਕਾਰਡ ਬਣਾਉਂਦੀਆਂ ਹਨ, ਪਰ ਮੁੱਢਲੀਆਂ ਕਲਾਸਾਂ ਦੇ ਢਾਂਚਾਗਤ ਖੋਰੇ ਨੂੰ ਠੀਕ ਕਰਨ ਲਈ ਬਹੁਤ ਘੱਟ ਕੰਮ ਕਰਦੀਆਂ ਹਨ। ਬੁਨਿਆਦੀ ਢਾਂਚੇ, ਸਵੱਛਤਾ ਅਤੇ ਸਥਾਈ ਅਧਿਆਪਕਾਂ ਦੀ ਭਰਤੀ ਦੀ ਬਜਾਏ ਸਿਆਸੀ ਪੂੰਜੀ ਜਨਤਕ ਧਾਰਨਾ ਦੇ ਪ੍ਰਬੰਧਨ ਵੱਲ ਲਾਈ ਜਾਂਦੀ ਹੈ। ਇਸ ਦਾ ਸਭ ਤੋਂ ਭਿਆਨਕ ਪ੍ਰਗਟਾਵਾ ‘ਸਕੂਲ ਤਰਕਸੰਗਤੀਕਰਨ’ ਅਤੇ ‘ਸਕੂਲ ਕੰਪਲੈਕਸ’ ਦੀ ਨੀਤੀ ਹੇਠ ਸਰਕਾਰੀ ਸਕੂਲਾਂ ਦੀ ਗਿਣਤੀ ਵਿੱਚ ਆਈ ਵੱਡੀ ਘਾਟ ਹੈ। ਯੂਨੀਫਾਈਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ (ਯੂ ਡੀ ਆਈ ਐੱਸ ਈ+) ਦੇ ਅੰਕੜਿਆਂ ਅਨੁਸਾਰ, 2014-15 ਵਿੱਚ ਭਾਰਤ ਵਿੱਚ 11.07 ਲੱਖ ਸਰਕਾਰੀ ਸਕੂਲ ਸਨ, ਜੋ ਹੁਣ ਘਟ ਕੇ 10.17 ਲੱਖ ਰਹਿ ਗਏ ਹਨ। ਇਹ ਦੇਸ਼ ਭਰ ਵਿੱਚ 89,000 ਤੋਂ 94,000 ਤੋਂ ਵੱਧ ਸਰਕਾਰੀ ਸਕੂਲਾਂ ਦੇ ਬੰਦ ਹੋਣ ਜਾਂ ਏਕੀਕਰਨ




ਨੂੰ ਦਰਸਾਉਂਦਾ ਹੈ। 2005 ਵਿੱਚ ਸਰਕਾਰੀ ਸਕੂਲ ਕੁੱਲ ਸਕੂਲਾਂ ਦਾ 71 ਪ੍ਰਤੀਸ਼ਤ ਸਨ, ਜੋ ਹੁਣ ਘਟ ਕੇ 49.24 ਪ੍ਰਤੀਸ਼ਤ ਰਹਿ ਗਏ ਹਨ, ਜਦਕਿ ਨਿੱਜੀ ਗੈਰ-ਸਹਾਇਤਾ ਪ੍ਰਾਪਤ ਸਕੂਲ 2.88 ਲੱਖ ਤੋਂ ਵਧ ਕੇ 3.31 ਲੱਖ ਹੋ ਗਏ ਹਨ। ਉੱਤਰ ਪ੍ਰਦੇਸ਼ ਵਿੱਚ ਵੱਡੀ ਪੱਧਰ ’ਤੇ ਸਕੂਲਾਂ ਦੇ ਏਕੀਕਰਨ ਦਾ ਗ਼ਰੀਬ ਪੇਂਡੂ ਖੇਤਰਾਂ ’ਤੇ ਸਭ ਤੋਂ ਵੱਧ ਅਸਰ ਪਿਆ ਹੈ।

ਮੱਧ ਪ੍ਰਦੇਸ਼ ਵਿੱਚ ਸਰਕਾਰੀ ਸਕੂਲ ਨੈੱਟਵਰਕ ਇੱਕ ਹੀ ਸਾਲ ਵਿੱਚ 1.22 ਲੱਖ ਤੋਂ ਘਟ ਕੇ 99,411 ਰਹਿ ਗਿਆ ਜਿਸ ਨਾਲ 22,600 ਤੋਂ ਵੱਧ ਸਰਕਾਰੀ ਸਕੂਲ ਬੰਦ ਜਾਂ ਹੋਰ ਸਕੂਲਾਂ ਵਿੱਚ ਰਲ਼ਾ ਦਿੱਤੇ ਗਏ। ਜੰਮੂ ਕਸ਼ਮੀਰ ਵਿੱਚ 4,300 ਤੋਂ ਵੱਧ ਸਕੂਲ ਬੰਦ ਹੋਏ ਅਤੇ 13,000 ਤੋਂ ਵੱਧ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਜੀ ਡੀ ਪੀ ਵਧਣ ਦੇ ਬਾਵਜੂਦ ਸਿੱਖਿਆ ’ਤੇ ਜਨਤਕ ਖਰਚ ਵਿੱਚ ਗਿਰਾਵਟ ਆਈ ਹੈ। ਕੁੱਲ ਬਜਟ ਵਿੱਚ ਸਿੱਖਿਆ ਖਰਚਾ ਲਗਾਤਾਰ ਘਟ ਕੇ 2.5 ਤੋਂ 3 ਪ੍ਰਤੀਸ਼ਤ ਦੇ ਵਿਚਕਾਰ ਆ ਗਿਆ ਹੈ, ਜੋ 1966 ਦੇ ਕੋਠਾਰੀ ਕਮਿਸ਼ਨ ਦੁਆਰਾ ਪੇਸ਼ ਕੀਤੇ ਜੀ ਡੀ ਪੀ ਦੇ 6 ਪ੍ਰਤੀਸ਼ਤ ਦੇ ਮਾਪਦੰਡ ਤੋਂ ਬਹੁਤ ਹੇਠਾਂ ਹੈ। ਇਹ ਸਥਿਤੀ ਇੱਕ ਅਜਿਹਾ ਚੱਕਰ ਪੈਦਾ ਕਰਦੀ ਹੈ ਜਿੱਥੇ ਘਟਦੀ ਫੰਡਿੰਗ ਨਾਲ ਬੁਨਿਆਦੀ ਢਾਂਚਾ ਖ਼ਰਾਬ ਹੁੰਦਾ ਹੈ, ਵਿਦਿਆਰਥੀਆਂ ਦਾ ਦਾਖ਼ਲਾ ਘਟਦਾ ਹੈ ਅਤੇ ਪ੍ਰਸ਼ਾਸਨ ਇਸੇ ਨੂੰ ਸਕੂਲ ਬੰਦ ਕਰਨ ਦੇ ਬਹਾਨੇ ਵਜੋਂ ਵਰਤਦਾ ਹੈ। ਦੇਸ਼ ਵਿੱਚ 2.26 ਕਰੋੜ ਤੋਂ ਵੱਧ ਬੱਚੇ ਰਸਮੀ ਸਕੂਲ ਸਿਸਟਮ ਤੋਂ ਬਾਹਰ ਹਨ। ਮੱਧ ਪ੍ਰਦੇਸ਼ ਦੇ ਇੱਕ ਸਰਵੇਖਣ ਅਨੁਸਾਰ 7.37 ਲੱਖ ਤੋਂ ਵੱਧ ਬੱਚੇ ਸਕੂਲ ਸਿਸਟਮ ਤੋਂ ਬਾਹਰ ਹਨ, ਜਿਨ੍ਹਾਂ ਵਿੱਚੋਂ 29,000 ‘ਡਰੌਪ ਬਾਕਸ’ ਸ਼੍ਰੇਣੀ ਵਿੱਚ ਹਨ, ਭਾਵ ਉਹ ਆਪਣੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਸਕੂਲ ਨਹੀਂ ਗਏ, ਨਾਲ ਹੀ 1.23 ਲੱਖ ਪੜ੍ਹਾਈ-ਛੱਡਣ ਵਾਲੇ ਹਨ ਅਤੇ 1.55 ਲੱਖ ਮੌਸਮੀ ਪਰਵਾਸ ਕਾਰਨ ਵਿਸਥਾਪਿਤ ਹਨ। ਇਸ ਏਕੀਕਰਨ ਦੇ ਮੁੱਖ ਪੀੜਤ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਪੇਂਡੂ ਖੇਤਰਾਂ ਦੀਆਂ ਨੌਜਵਾਨ ਕੁੜੀਆਂ ਹਨ।

ਛੋਟੀਆਂ ਮੁੱਢਲੀਆਂ ਸੰਸਥਾਵਾਂ ਨੂੰ ਮਿਲਾਉਣ ਦੀ ਵਿਵਸਥਿਤ ਨੀਤੀ ਸਿੱਧੇ ਤੌਰ ’ਤੇ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ (ਆਰ ਟੀ ਈ) ਐਕਟ, 2009 ਦੇ ਬੁਨਿਆਦੀ ਹੁਕਮ ਨੂੰ ਕਮਜ਼ੋਰ ਕਰਦੀ ਹੈ। ਆਰ ਟੀ ਈ ਐਕਟ ਅਨੁਸਾਰ 6 ਤੋਂ 14 ਸਾਲ ਦੇ ਹਰ ਬੱਚੇ ਨੂੰ ਮੁੱਢਲੀਆਂ ਜਮਾਤਾਂ ਲਈ 1 ਕਿਲੋਮੀਟਰ ਅਤੇ ਉੱਚ ਮੁੱਢਲੀਆਂ ਜਮਾਤਾਂ ਲਈ 3 ਕਿਲੋਮੀਟਰ ਦੇ ਅੰਦਰ ਸਕੂਲ ਦਾ ਕਾਨੂੰਨੀ ਅਧਿਕਾਰ ਹੈ। ਸਕੂਲ ਤਰਕਸੰਗਤੀਕਰਨ ਇਸ ਸੁਰੱਖਿਆ ਨੂੰ ਖ਼ਤਮ ਕਰਦਾ ਹੈ। ਜਦੋਂ 15 ਜਾਂ 20 ਵਿਦਿਆਰਥੀਆਂ ਵਾਲਾ ਇੱਕ ਪਿੰਡ ਦਾ ਮੁੱਢਲਾ ਸਕੂਲ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਕਈ ਪਿੰਡ ਦੂਰ ਸਥਿਤ ਇੱਕ ਏਕੀਕ੍ਰਿਤ ਸਕੂਲ ਕੰਪਲੈਕਸ ਵਿੱਚ ਮਿਲਾ ਦਿੱਤਾ ਜਾਂਦਾ ਹੈ, ਤਾਂ ਦੂਰੀ ਦਾ ਮਸਲਾ ਤੁਰੰਤ ਵਧ ਜਾਂਦਾ ਹੈ, ਜਿਸ ਨਾਲ ਬੱਚਿਆਂ ਨੂੰ ਅਸੁਰੱਖਿਅਤ ਪੇਂਡੂ ਸੜਕਾਂ, ਹਾਈਵੇਅ ਚੌਰਾਹਿਆਂ ਜਾਂ ਕੱਚੇ ਰਸਤਿਆਂ ’ਤੇ 3 ਤੋਂ 5 ਕਿਲੋਮੀਟਰ ਪੈਦਲ ਸਫ਼ਰ ਕਰਨਾ ਪੈਂਦਾ ਹੈ। ਹਾਲ ਦੇ ਸਾਲਾਂ ਵਿੱਚ, ਵਿਦਿਅਕ ਅਧਿਕਾਰੀਆਂ ਨੇ ਵਿਦਿਆਰਥੀਆਂ ਦੇ ਤਣਾਅ ਨੂੰ ਘਟਾਉਣ ਅਤੇ ਮੁਲਾਂਕਣ ਨੂੰ ਆਧੁਨਿਕ ਬਣਾਉਣ ਦੇ ਬਹਾਨੇ ਪ੍ਰੀਖਿਆ ਪੈਟਰਨਾਂ ਅਤੇ ਪਾਸ ਹੋਣ ਦੇ ਮਿਆਰਾਂ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ।

(ਬਾਕੀ ਸਫ਼ਾ 27 ’ਤੇ)

# ਪੰਜਾਬ ਨੂੰ ਕਿਵੇਂ ਕੀਤਾ ਜਾਵੇ ਵਿੱਤੀ ਤੌਰ ’ਤੇ ਮਜ਼ਬੂਤ ?

ਰਾਜੀਵ ਖੋਸਲਾ

ਕਿਸੇ ਵੀ ਸੂਬੇ ਦੇ ਟਿਕਾਊ ਵਿਕਾਸ ਦਾ ਧੁਰਾ ਉਸ ਦਾ ਮਜ਼ਬੂਤ ਅਤੇ ਦੂਰਅੰਦੇਸ਼ ਵਿੱਤੀ ਪ੍ਰਬੰਧਨ ਹੁੰਦਾ ਹੈ। ਪਰ ਪੰਜਾਬ ਦੀ ਆਰਥਿਕਤਾ ਪਿਛਲੇ ਕਈ ਦਹਾਕਿਆਂ ਤੋਂ ਇੱਕ ਅਜਿਹੇ ਗੰਭੀਰ ਸੰਕਟ ’ਚੋਂ ਲੰਘ ਰਹੀ ਹੈ, ਜਿੱਥੇ ਵਿਕਾਸ ਨੀਤੀਆਂ ਨਾਲੋਂ ਚੋਣ ਮੁਖੀ ਤਰਜੀਹਾਂ ਭਾਰੂ ਰਹੀਆਂ ਹਨ। ਜਦੋਂ ਵੀ ਸੂਬੇ ਦੇ ਵਿੱਤੀ ਨਿਘਾਰ ’ਤੇ ਚਰਚਾ ਹੁੰਦੀ ਹੈ ਤਾਂ ਸਿਆਸੀ ਧਿਰਾਂ ਆਪਣੀ ਜਵਾਬਦੇਹੀ ਤੋਂ ਪੱਲਾ ਝਾੜ ਕੇ ਸਾਰਾ ਦੋਸ਼ ਪਿਛਲੀਆਂ ਸਰਕਾਰਾਂ ਸਿਰ ਮੜ੍ਹਨ ਦਾ ਰਵਾਇਤੀ ਰਾਹ ਚੁਣਦੀਆਂ ਹਨ। ਲੰਮਾ ਸਮਾਂ ਇਹ ਬਹਿਸ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਦੇ ਵਿੱਤੀ ਪ੍ਰਬੰਧਨ ਦੇ ਦਾਇਰੇ ਤੱਕ ਸੀਮਿਤ ਰਹੀ। ਪਰ 2022 ਵਿੱਚ ਰਾਜਨੀਤਕ ਬਦਲਾਅ ਤੋਂ ਬਾਅਦ ਹੁਣ ‘ਆਮ ਆਦਮੀ ਪਾਰਟੀ’ ਦਾ ਕਾਰਜਕਾਲ ਵੀ ਆਪਣੇ ਸ਼ਾਸਨ ਦੇ ਅੰਤ ਤੱਕ ਪਹੁੰਚ ਰਿਹਾ ਹੈ। ਇਸ ਲਈ ਹੁਣ ਸਮਾਂ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ, ਤਿੰਨਾਂ ਸ਼ਾਸਨਕਾਲਾਂ ਦੌਰਾਨ ਪੰਜਾਬ ਦੇ ਵਿੱਤੀ ਢਾਂਚੇ ਵਿੱਚ ਆਏ ਬਦਲਾਅ ਦੀ ਨਿਰਪੱਖ ਪੜਚੋਲ ਕਰਨ ਦਾ ਹੈ। ਅਸਲ ਸਵਾਲ ਇਹ ਹੈ ਕਿ ਤਿੰਨਾਂ ਸਰਕਾਰਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਢਾਂਚਾਗਤ ਯਤਨ ਕੀਤੇ ਜਾਂ ਸੰਕਟ ਨੂੰ ਹੋਰ ਡੂੰਘਾ ਕੀਤਾ ? ਪੰਜਾਬ ਦੀ ਮੌਜੂਦਾ ਬਦਹਾਲੀ ਕਿਸੇ ਇੱਕ ਦੌਰ ਦੀ ਪੈਦਾਵਾਰ ਨਹੀਂ, ਸਗੋਂ ਸੀਮਿਤ ਮਾਲੀਆ ਵਾਧੇ, ਅਸੰਤੁਲਿਤ ਵਚਨਬੱਧ ਖ਼ਰਚਿਆਂ, ਵਧਦੇ ਵਿਆਜ ਬੋਝ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਕਾਰਨ ਬਣੇ ਇੱਕ ਗੁੰਝਲਦਾਰ ਵਿੱਤੀ ਦੁਸ਼ਚੱਕਰ ਦਾ ਸਿੱਟਾ ਹੈ। ਇਸ ਗੰਭੀਰ ਸੰਕਟ ਦੀਆਂ ਅਸਲ ਪਰਤਾਂ ਅਤੇ ਵਿੱਤੀ ਤਸਵੀਰ ਨੂੰ ਸਮਝਣ ਲਈ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਇਸ ਲੇਖ ਵਿੱਚ ਕੀਤਾ ਗਿਆ ਹੈ।



ਜਦੋਂ ਅਸੀਂ ਮਾਲੀਏ ਦੇ ਪੱਖ ਦਾ ਨਿਰੀਖਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਵਿੱਤੀ ਸਮੱਸਿਆ ਦਾ ਇੱਕ ਵੱਡਾ ਕਾਰਨ ਇਸਦੀ ਆਪਣੀ ਆਮਦਨ ਵਧਾਉਣ ਦੀ ਸੀਮਿਤ ਸਮਰੱਥਾ ਰਹੀ ਹੈ। ਪਹਿਲਾਂ ਦੇ ਅੰਕੜਿਆਂ ਅਨੁਸਾਰ ਕੁੱਲ ਮਾਲੀਏ ਵਿੱਚ ਕਰਾਂ ਅਤੇ ਗ਼ੈਰ-ਕਰਾਂ ਤੋਂ ਆਮਦਨ, ਜੋ 2010-11 ਵਿੱਚ ਕ੍ਰਮਵਾਰ 76 ਫ਼ੀਸਦੀ ਅਤੇ 24 ਫ਼ੀਸਦੀ ਸੀ, 2016-17 ਵਿੱਚ 83 ਫ਼ੀਸਦੀ ਅਤੇ 17 ਫ਼ੀਸਦੀ ਹੋ ਗਈ ਅਤੇ 2020-21 ਤੱਕ ਇਹ 87 ਫ਼ੀਸਦੀ ਅਤੇ 13 ਫ਼ੀਸਦੀ ਰਹਿ ਗਈ। ਇਸ ਤੋਂ ਸਪੱਸ਼ਟ ਸੀ ਕਿ ਗ਼ੈਰ-ਕਰ ਸਰੋਤਾਂ ਤੋਂ ਆਮਦਨ ਦਾ ਹਿੱਸਾ ਲਗਾਤਾਰ ਘਟ ਰਿਹਾ ਸੀ। ਸਾਲ 2026-27 ਦੇ ਬਜਟ ਅਨੁਸਾਰ ਪੰਜਾਬ ਦੇ ਕੁੱਲ ਮਾਲੀਏ ਵਿੱਚ ਕਰਾਂ ਅਤੇ ਗ਼ੈਰ-ਕਰਾਂ ਤੋਂ ਆਮਦਨ 81 ਫ਼ੀਸਦੀ ਅਤੇ 19 ਫ਼ੀਸਦੀ ਰਹਿਣ ਦੀ ਸੰਭਾਵਨਾ ਹੈ। ਇਹ ਦਰਸਾਉਂਦਾ ਹੈ ਕਿ ਤਿੰਨਾਂ ਸਰਕਾਰਾਂ ਦਾ ਧਿਆਨ ਲੋਕਾਂ ਦੀ ਆਮਦਨ ਅਤੇ ਆਰਥਿਕ ਗਤੀਵਿਧੀਆਂ ਵਧਾ ਕੇ ਟੈਕਸ ਆਧਾਰ ਮਜ਼ਬੂਤ ਕਰਨ ਦੀ ਬਜਾਏ, ਮੌਜੂਦਾ ਕਰਦਾਤਾਵਾਂ ਤੋਂ ਵੱਧ ਮਾਲੀਆ ਇਕੱਠਾ ਕਰਨ ਵੱਲ ਜ਼ਿਆਦਾ ਰਿਹਾ ਹੈ।

ਪੰਜਾਬ ਦੀ ਸਭ ਤੋਂ ਵੱਡੀ ਵਿੱਤੀ ਚਿੰਤਾ ਸਿਰਫ਼ ਕਰਜ਼ੇ ਦੀ ਕੁੱਲ ਰਕਮ ਨਹੀਂ ਹੈ। ਅਸਲ ਚਿੰਤਾ ਇਹ ਹੈ ਕਿ ਕਰਜ਼ਾ ਲੈਣ ਦੀ ਪ੍ਰਕਿਰਿਆ ਅਤੇ ਸਰਕਾਰ ਦੇ ਮੌਜੂਦਾ ਖਰਚੇ ਆਪਸ ਵਿੱਚ ਇੱਕ ਅਜਿਹਾ ਚੱਕਰ ਬਣਾ ਰਹੇ ਹਨ ਜਿਸ ’ਚੋਂ ਬਾਹਰ ਨਿਕਲਣਾ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ। 2024-25 ਵਿੱਚ ਪੰਜਾਬ ਦਾ ਵਿੱਤੀ ਘਾਟਾ ਘਰੇਲੂ ਉਤਪਾਦ (ਜੀ ਐੱਸ ਡੀ ਪੀ) ਦਾ 4.7 ਫ਼ੀਸਦੀ ਸੀ। 2025-26 ਦੇ ਸੰਸ਼ੋਧਿਤ ਅਨੁਮਾਨ ਵਿੱਚ ਇਹ 4.2 ਫ਼ੀਸਦੀ ਅਤੇ 2026-27 ਵਿੱਚ 4.1 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਭਾਵੇਂ ਕੁਝ ਸੁਧਾਰ ਹੋਇਆ ਹੈ, ਪਰ ਉੱਚਾ ਵਿੱਤੀ ਘਾਟਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਖ਼ਰਚਿਆਂ ਲਈ ਅਜੇ ਵੀ ਕਰਜ਼ੇ ਉੱਤੇ ਬਹੁਤ ਜ਼ਿਆਦਾ ਨਿਰਭਰ ਹੈ। ਮਾਲੀਆ ਘਾਟੇ ਦਾ ਸਿੱਧਾ ਅਰਥ ਹੈ ਕਿ ਸਰਕਾਰ ਦੀ ਮੌਜੂਦਾ ਆਮਦਨ ਉਸ ਦੇ ਰੋਜ਼ਾਨਾ ਦੇ ਮੌਜੂਦਾ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਾਫ਼ੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਕਰਜ਼ਾ ਲੈਣਾ ਪੈਂਦਾ ਹੈ।

ਦਰਅਸਲ, ਪੰਜਾਬ ਇੱਕ ਅਜਿਹੇ ਢਾਂਚਾਗਤ ਦੁਸ਼ਚੱਕਰ ਵਿੱਚ ਘਿਰਿਆ ਹੋਇਆ ਹੈ ਜਿੱਥੇ ਪੁਰਾਣੇ ਕਰਜ਼ਿਆਂ ਨੇ ਵਿਆਜ ਦੀਆਂ ਦੇਣਦਾਰੀਆਂ ਵਧਾਈਆਂ, ਅਤੇ ਵਧਦੇ ਵਿਆਜ ਨੇ ਵਿਕਾਸ ਕਾਰਜਾਂ ਲਈ ਲੋੜੀਂਦੇ ਸਰੋਤ ਖੋਹ ਲਏ। ਜਦੋਂ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਘਟਿਆ, ਤਾਂ ਨਵੇਂ ਉਦਯੋਗ ਅਤੇ ਰੁਜ਼ਗਾਰ ਦੇ ਮੌਕੇ ਸੁੰਗੜ ਗਏ, ਜਿਸ ਕਾਰਨ ਸੂਬੇ ਦਾ ਟੈਕਸ ਆਧਾਰ ਕਦੇ ਮਜ਼ਬੂਤ ਹੀ ਨਹੀਂ ਹੋ ਸਕਿਆ। ਆਮਦਨ ਘਟਣ ਕਾਰਨ ਸਰਕਾਰਾਂ ਨੂੰ ਆਪਣੇ ਰੋਜ਼ਾਨਾ ਦੇ ਵਚਨਬੱਧ ਖ਼ਰਚੇ ਪੂਰੇ ਕਰਨ ਲਈ ਮੁੜ ਕਰਜ਼ੇ ਦਾ ਸਹਾਰਾ ਲੈਣਾ ਪਿਆ। ਇਸ ਗ਼ੈਰ-ਉਤਪਾਦਕ ਖ਼ਰਚਿਆਂ ਅਤੇ ਕਰਜ਼ੇ ਦੇ ਚੱਕਰਵਿਊਹ ਦਾ ਸਿੱਧਾ ਨੁਕਸਾਨ ਸੂਬੇ ਦੇ ਸਕੂਲਾਂ, ਹਸਪਤਾਲਾਂ, ਨਹਿਰੀ ਸਿੰਜਾਈ, ਸਰਕਾਰੀ ਅਤੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਅਤੇ ਨੌਜਵਾਨਾਂ ਦੇ ਰੁਜ਼ਗਾਰ ਨੂੰ ਝੱਲਣਾ ਪੈ ਰਿਹਾ ਹੈ। ਇਸ ਅਸੰਵੇਦਨਸ਼ੀਲ ਰਵੱਈਏ ਕਾਰਨ ਹੀ ਬੱਚੇ, ਕਿਸਾਨ, ਮੁਲਾਜ਼ਮ ਅਤੇ ਹੋਰ ਵਰਗ ਆਪਣੀਆਂ ਜਾਇਜ਼ ਮੰਗਾਂ ਲਈ ਸੜਕਾਂ ਉੱਤੇ ਉਤਰਨ ਲਈ ਮਜਬੂਰ ਹਨ। ਸਪੱਸ਼ਟ ਹੈ ਕਿ ਇਹ ਵਿੱਤੀ ਸੰਕਟ ਕਿਸੇ ਇੱਕ ਪਾਰਟੀ ਜਾਂ ਇਕੱਲੀ ਸਰਕਾਰ ਦੀ ਦੇਣ ਨਹੀਂ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਲਏ ਗਏ ਭਾਰੀ ਕਰਜ਼ਿਆਂ ਅਤੇ ਅਨਾਜ ਖ਼ਰੀਦ ਦੇਣਦਾਰੀਆਂ ਦੇ ਉਤਪਾਦਕ ਲਾਭਾਂ ਦਾ ਲੇਖਾ-ਜੋਖਾ ਹੋਣਾ ਚਾਹੀਦਾ ਹੈ; ਕਾਂਗਰਸ ਸਰਕਾਰ ਨੂੰ ਆਪਣੀ ਪੰਜ ਸਾਲਾ ਮਿਆਦ ਦੌਰਾਨ ਵਿੱਤੀ ਢਾਂਚੇ ਨੂੰ ਨਵੀਂ ਦਿਸ਼ਾ ਦੇਣ ਵਿੱਚ ਰਹੀ ਨਾਕਾਮੀ ਦਾ ਜਵਾਬ ਦੇਣਾ ਪਵੇਗਾ ਅਤੇ 2022 ਤੋਂ ਸੱਤਾ ਸੰਭਾਲ ਰਹੀ ਆਮ ਆਦਮੀ ਪਾਰਟੀ ਨੂੰ ਵੀ ਇਹ ਸਪੱਸ਼ਟ ਕਰਨਾ ਪਵੇਗਾ ਕਿ ਕਰਜ਼ੇ ਦੇ ਬੋਝ ਹੇਠ ਦੱਬੇ ਸੂਬੇ ਵਿੱਚ ਮੁਫ਼ਤ ਸਹੂਲਤਾਂ ਦੀ ਸਿਆਸਤ ਦੀ ਥਾਂ ਆਮਦਨ ਵਧਾਉਣ ਲਈ ਠੋਸ ਨੀਤੀਆਂ ਕਿਉਂ ਨਹੀਂ ਅਪਣਾਈਆਂ ਗਈਆਂ। ਹੁਣ ਸਿਰਫ਼ ਸੱਤਾ ਜਾਂ ਪਾਰਟੀਆਂ ਬਦਲਣ ਨਾਲ ਪੰਜਾਬ ਦੀ ਤਕਦੀਰ ਨਹੀਂ ਬਦਲੇਗੀ, ਸੂਬੇ ਨੂੰ ਖ਼ਪਤ-ਅਧਾਰਿਤ ਅਤੇ ਲੋਕ ਲੁਭਾਊ ਮਾਡਲ ਛੱਡ ਕੇ ਨਿਵੇਸ਼, ਉਦਯੋਗੀਕਰਨ ਅਤੇ ਉਤਪਾਦਕਤਾ ’ਤੇ ਆਧਾਰਿਤ ਨਵਾਂ ਵਿੱਤੀ ਮਾਡਲ ਅਪਣਾਉਣ ਦੀ ਸਖ਼ਤ ਲੋੜ ਹੈ।

* ਪ੍ਰੋਫ਼ੈਸਰ ਐਮਿਟੀ ਯੂਨੀਵਰਸਿਟੀ ਪੰਜਾਬ, ਮੋਹਾਲੀ

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ’ਚ ਲਿਆਉਣਾ ਜਾਇਜ਼ ਹੈ?



ਗੁਰਮੀਤ ਸਿੰਘ ਪਲਾਹੀ

ਭਾਰਤ ਵਿੱਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ ‘ਵੰਦੇ ਮਾਤਰਮ’ ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ। ਹਾਲਾਂਕਿ, ਇਹ ਟਕਰਾਅ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਰਾਸ਼ਟਰੀ ਪ੍ਰਤੀਕਾਂ ਅਤੇ ਅਸਹਿਮਤੀ ਦੇ ਅਧਿਕਾਰਾਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਕੱਸਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਸਾਹਮਣੇ ਆ ਰਿਹਾ ਹੈ।

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕਾਂਗਰਸ ਨੇ ‘ਵੰਦੇ ਮਾਤਰਮ’ ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਿਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ ‘ਅਰਬਨ ਨਕਸਲੀ’ ਜਾਂ ‘ਦਿਮਾਗੀ ਨਕਸਲੀ’ ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿੱਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ। ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿੱਚ ਅਜਿਹੇ ਵਿਵਾਦ ਉੱਭਰਦੇ ਹਨ। ਸ਼੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿੱਚੋਂ ਲੰਘ ਚੁੱਕੇ ਹਨ।



ਬਹੁਤ ਸਾਰੇ ਲੋਕਤੰਤਰਾਂ ਵਿੱਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿੱਚ ਇੱਕ ਸਾਂਝਾ ਸੂਤਰ ਦਿਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਠੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ਼੍ਰੀਲੰਕਾ ਵਿੱਚ 2010 ਵਿੱਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ-ਜਿਵੇਂ ਜਰਮਨੀ ਦਾ ਅੰਸ਼ਕ ਗਾਇਣ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿੱਚ ਆਖਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿੱਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿੱਚੋਂ ਨਿਕਲਿਆ ਹੈ। ‘ਵੰਦੇ ਮਾਤਰਮ’ 1875 ਵਿੱਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿੱਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ। ਲੇਕਿਨ ਦੇਸ਼ ਵਿੱਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿੱਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿੱਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ।

ਜਦੋਂ ਇਸ ਗੀਤ ਸਬੰਧੀ ਵਿਰੋਧ ਵਧਿਆ ਤਾਂ ਉਸ ਉੱਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿੱਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰਗਾਨ ‘ਜਨ ਗਨ ਮਨ’ ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ ‘ਵੰਦੇ ਮਾਤਰਮ’ ਦੇ ਕੁੱਲ ਛੇ ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿੱਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿੱਚ ਹਰ ਮੰਦਰ ਵਿੱਚ ਛਵੀ ਦਾ ਜ਼ਿਕਰ ਹੈ, ਅਤੇ ਪੰਜਵੇਂ ਵਿੱਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ-ਜੋ ਸਭ ਨੂੰ ਸਵੀਕਾਰਯੋਗ ਸਨ-ਹੀ ਗਾਉਣ ਦਾ ਫੈਸਲਾ ਲਿਆ ਗਿਆ।

ਇਤਿਹਾਸਕਾਰ ‘ਤਨਿਕਾ ਸਰਕਾਰ’ ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ ‘ਆਨੰਦ ਮਠ’ ਨਾਵਲ ਦਾ ਹਿੱਸਾ ਬਣਾਇਆ ਸੀ, ਸਪਸ਼ਟ ਰੂਪ ਵਿੱਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿੱਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿੱਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ ‘ਜਨ ਗਨ ਮਨ’ ਰਾਸ਼ਟਰੀ ਗਾਣ ਹੋਵੇਗਾ, ਪਰ ‘ਵੰਦੇ ਮਾਤਰਮ’- ਜਿਸ ਨੇ ਆਜ਼ਾਦੀ ਦੀ ਲੜਾਈ ਵਿੱਚ ਇਤਿਹਾਸਕ ਭੂਮਿਕਾ ਨਿਭਾਈ-ਉਸ ਨੂੰ ‘ਜਨ ਗਨ ਮਨ’ ਦੇ ਬਰਾਬਰ ਦਾ ਦਰਜਾ ਮਿਲੇਗਾ। ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ ‘ਵੰਦੇ ਮਾਤਰਮ’ ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।

ਕਾਨੂੰਨੀ ਮਾਹਰ ਇਸ ਉੱਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ ‘ਵੰਦੇ ਮਾਤਰਮ’ ਦਾ ਸੰਵਿਧਾਨਕ ਦਰਜਾ ‘ਜਨ ਗਨ ਮਨ’ ਜਿਹਾ ਕਦੇ ਰਿਹਾ ਹੀ ਨਹੀਂ ਹੈ। ਸੰਵਿਧਾਨ ਸਭਾ ਨੇ ‘ਜਨ ਗਨ ਮਨ’ ਨੂੰ ਰਸਮੀ ਰੂਪ ਵਿੱਚ ਰਾਸ਼ਟਰੀ ਗਾਣ ਚੁਣਿਆ, ਜਦਕਿ ‘ਵੰਦੇ ਮਾਤਰਮ’ ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿੱਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿੱਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ ‘ਵੰਦੇ ਮਾਤਰਮ’ ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰਗਾਨ (‘ਜਨ ਗਨ ਮਨ’) ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿੱਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿੱਚ ਪਾਸ ਕੀਤੇ ਪ੍ਰਸਤਾਵ ਅਨੁਸਾਰ ‘ਵੰਦੇ ਮਾਤਰਮ’ ’ਤੇ ਵੀ ਲਾਗੂ ਹੋਵੇਗਾ।

ਭਾਰਤ ਵਿੱਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ ਹੈ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ ’ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿੱਚ ਟਕਰਾਅ ਅਗਲੇ ਦਿਨਾਂ ਵਿੱਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿੱਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ ਪਿਛਲੇ ਦਿਨੀਂ ਕਾਂਗਰਸ ਦੇ ਹੈੱਡਕੁਆਰਟਰ ਵਿੱਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿੱਚ ‘ਵੰਦੇ ਮਾਤਰਮ’ ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਣ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿੱਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ ‘ਕਾਂਗਰਸ ਮੁਕਤ ਭਾਰਤ’ ਦਾ ਨਾਅਰਾ ਲਾ ਰਹੀ ਹੈ। ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ ’ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ ’ਚ ਰੱਖ ਲਿਆ।

(ਬਾਕੀ ਸਫ਼ਾ 27 ’ਤੇ)

# ਆਰ.ਐਸ.ਐਸ. ਦਾ ਨਸਲਵਾਦ ਤੇ ਮੋਹਨ ਭਾਗਵਤ ਦੇ ਪਰਵਚਨ



ਪ੍ਰੋ.ਅਪੂਰਵਾਨੰਦ

'ਥੋਥਾ ਚਨਾ, ਬਾਜੇ ਘਨਾ' (ਖੋਖਲਾ ਇਨਸਾਨ ਦਿਖਾਵਾ ਬਹੁਤ ਕਰਦਾ ਹੈ)– ਇਹ ਅਖਾਣ ਇੱਕ ਵਾਰ ਫ਼ਿਰ ਓਦੋਂ ਯਾਦ ਆਇਆ ਜਦੋਂ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੂੰ ਸੁਣਿਆ। ਜਦੋਂ ਵੀ ਸੰਘ ਦੇ ਕਿਸੇ ਅਹੁਦੇਦਾਰ ਨੂੰ ਸੁਣਦਾ ਹਾਂ, ਤਾਂ ਆਪਣੇ ਸਮਾਜ ਦੀ ਰਵਾਇਤੀ ਸੂਝ-ਬੂਝ ਦਾ ਲੋਹਾ ਮੰਨਣਾ ਪੈਂਦਾ ਹੈ, ਜਿਸ ਨੇ ਅਜਿਹੇ ਲੋਕਾਂ ਨੂੰ ਸਹੀ ਢੰਗ ਨਾਲ ਪਛਾਣਨ ਅਤੇ ਉਨ੍ਹਾਂ ਦਾ ਵਰਣਨ ਕਰਨ ਲਈ ਸਾਨੂੰ ਅਜਿਹੀ ਭਾਸ਼ਾ ਦਿੱਤੀ ਹੈ।

ਸਾਡੇ ਪੜ੍ਹੇ-ਲਿਖੇ ਵਰਗ ਦੇ ਉਹ ਲੋਕ ਜੋ ਇਸ ਰਵਾਇਤੀ ਸੂਝ ਦੀ ਪਰਵਾਹ ਨਹੀਂ ਕਰਦੇ, ਉਨ੍ਹਾਂ ਅੰਦਰ ਆਰ.ਐੱਸ.ਐੱਸ. ਪ੍ਰਤੀ ਇੱਕ ਅਜੀਬ ਜਿਹਾ ਮੋਹ ਦੇਖਣ ਨੂੰ ਮਿਲਦਾ ਹੈ। ਉਹ ਇਸ ਦੇ ਦਿਖਾਵੇ ਹੇਠਲੇ ਖੋਖਲੇਪਣ ਨੂੰ ਪਛਾਣ ਨਹੀਂ ਪਾਉਂਦੇ। ਉਹ ਇਸ ਬਾਰੇ ਇਸ ਤਰ੍ਹਾਂ ਗੱਲਾਂ ਕਰਦੇ ਹਨ ਜਿਵੇਂ ਇਹ ਸੰਗਠਨ ਸਮਾਜਿਕ ਨੈਤਿਕਤਾ ਦਾ ਸੋਮਾ ਹੋਵੇ ਜਾਂ ਸਾਰੇ ਭਾਰਤੀਆਂ ਦਾ ਰਾਹ ਦਸੇਰਾ ਹੋਵੇ।


ਕੋਈ ਵਿਅਕਤੀ ਆਰ.ਐੱਸ.ਐੱਸ. ਦਾ ਮੁਖੀ ਬਣਦੇ ਹੀ ਇੰਝ ਸਤਿਕਾਰਿਆ ਜਾਣ ਲੱਗਦਾ ਹੈ, ਮਾਨੋ ਉਹ ਕੋਈ ਬਹੁਤ ਵੱਡਾ ਦਾਰਸ਼ਨਿਕ ਜਾਂ ਚਿੰਤਕ ਹੋਵੇ। ਉਸ ਨੂੰ ਧਰਮ ਸ਼ਾਸਤਰ ਦਾ ਮਾਹਿਰ, ਫ਼ਿਲਾਸਫ਼ਰ, ਸਿਆਸੀ ਦਰਸ਼ਨ ਦਾ ਪੰਡਿਤ ਅਤੇ ਸਿੱਖਿਆ ਸ਼ਾਸਤਰੀ ਮੰਨ ਲਿਆ ਜਾਂਦਾ ਹੈ। ਇੱਥੋਂ ਤੱਕ ਕਿ ਜ਼ਮੀਨ ਜਾਂ ਪੁਲਾੜ ਵਿਗਿਆਨ ਬਾਰੇ ਦਿੱਤੇ ਉਸ ਦੇ ਬਿਆਨਾਂ ਨੂੰ ਵੀ ਗੰਭੀਰਤਾ ਨਾਲ ਲਿਆ ਜਾਣ ਲੱਗਦਾ ਹੈ। ਸੰਘ ਮੁਖੀ ਬਣਦੇ ਹੀ ਉਹ ਹਿੰਦੂ ਸਮਾਜ ਅਤੇ ਭਾਰਤ ਦਾ ਸਭ ਤੋਂ ਵੱਡਾ ਉਪਦੇਸ਼ਕ ਬਣ ਬੈਠਦਾ ਹੈ। ਸਾਡੇ ਪੜ੍ਹੇ-ਲਿਖੇ ਤਬਕੇ ਵਿੱਚ ਉਸ ਪ੍ਰਤੀ ਇੱਕ ਭਰਮ ਦਾ ਮਾਹੌਲ ਦਿੱਸਦਾ ਹੈ।

ਸੱਚਾਈ ਇਹ ਹੈ ਕਿ ਆਰ.ਐੱਸ.ਐੱਸ. ਦੇ ਸਾਰੇ ਪ੍ਰਚਾਰਕ ਅਤੇ ਮੁਖੀ ਸਤਹੀ (ਅਧੂਰੇ) ਗਿਆਨ ਦੇ ਮਾਹਿਰ ਹਨ। ਖੋਖਲਾਪਣ ਆਰ.ਐੱਸ.ਐੱਸ. ਦਾ ਮੂਲ ਸੁਭਾਅ ਹੈ। ਸੰਘ ਮੁਖੀ ਦੀ ਤਾਕਤ ਉਸ ਦੇ ਗਿਆਨ ਜਾਂ ਕਿਸੇ ਸਮਾਜ ਸੇਵਾ ਤੋਂ ਨਹੀਂ ਆਉਂਦੀ। ਅਸੀਂ ਸੰਘ ਦੇ ਕਿਸੇ ਵੱਡੇ ਆਗੂ ਦੀ ਤੁਲਨਾ ਬਾਬਾ ਆਢਵ, ਬਾਬਾ ਆਮਟੇ ਜਾਂ ਠੱਕਰ ਬਾਪਾ ਵਰਗੇ ਅਸਲ ਸਮਾਜ ਸੁਧਾਰਕਾਂ ਨਾਲ ਨਹੀਂ ਕਰ ਸਕਦੇ।

ਆਰ.ਐੱਸ.ਐੱਸ. ਇਸ ਗੱਲ ਦਾ ਵਿਰੋਧ ਕਰਦਾ ਹੈ। ਉਹ ਸਾਨੂੰ ਦੱਸਦਾ ਹੈ ਕਿ ਉਹ ਹਿੰਦੂ ਸਮਾਜ ਨੂੰ ਜਗਾਉਣ ਅਤੇ ਉਸ ਦੇ ਚਰਿੱਤਰ ਨਿਰਮਾਣ ਦੇ ਮਹਾਨ ਕੰਮ ਵਿੱਚ ਲੱਗਿਆ ਹੋਇਆ ਹੈ। ਪਰ ਕੀ ਉਹ ਸੱਚਮੁੱਚ ਅਜਿਹਾ ਕਰ ਰਿਹਾ ਹੈ?

ਹਿੰਦੂ ਸਮਾਜ ਲਈ ਕੰਮ ਕਰਨਾ ਕੋਈ ਮਾੜੀ ਗੱਲ ਨਹੀਂ। ਉਸ ਨੂੰ ਇੱਕਜੁੱਟ ਕਰਨ ਦੀ ਕੋਸ਼ਿਸ਼ ਵੀ ਓਦੋਂ ਤੱਕ ਠੀਕ ਕਹੀ ਜਾ ਸਕਦੀ ਹੈ ਜਦੋਂ ਤੱਕ ਉਹ ਸਾਰਿਆਂ ਵਿੱਚ ਏਕਤਾ ਲਿਆਉਣ ਲਈ ਹੋਵੇ। ਪਰ ਕੀ ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਦੁਨੀਆ ਭਰ ਵਿੱਚ ਹਿੰਦੂ ਧਰਮ ਹੀ ਅਜਿਹਾ ਧਰਮ ਹੈ ਜਿਸ ਦੇ ਪੈਰੋਕਾਰ ਇੱਕ-ਦੂਜੇ ਵਿੱਚ ਕੋਈ ਸਾਂਝਾ ਤੱਤ ਨਹੀਂ ਦੇਖਦੇ? ਸ਼ਾਇਦ ਹੀ ਕੋਈ ਹੋਰ ਸਮਾਜ ਇੰਨਾ ਵੰਡਿਆ ਅਤੇ ਪੱਧਰਾਂ ਵਿੱਚ ਵੰਡਿਆ ਹੋਵੇ। ਜਾਤ ਹੀ ਹਿੰਦੂ ਸਮਾਜ ਅਤੇ ਜੀਵਨ ਨੂੰ ਚਲਾਉਂਦੀ ਹੈ।

ਅੱਜ ਵੀ ਮੰਦਰਾਂ ਵਿੱਚ ਦਲਿਤਾਂ ਦਾ ਦਾਖ਼ਲਾ ਆਸਾਨ ਨਹੀਂ ਹੈ। ਬ੍ਰਾਹਮਣ ਪੁਜਾਰੀਆਂ ਲਈ ਉਹ ਸਿਰਫ਼ ਦਾਨ-ਦੱਖਣਾ ਦਾ ਇੱਕ ਸਾਧਨ ਹਨ, ਜਿਸ ਨਾਲ ਮੰਦਰ ਦੇ ਚੜ੍ਹਾਵੇ ਵਿੱਚ ਵਾਧਾ ਹੁੰਦਾ ਹੈ। ਉਹ ਉਹਨਾਂ ਨੂੰ ਆਪਣਾ ਬਿਲਕੁਲ ਨਹੀਂ ਮੰਨਦੇ। ਜੇਕਰ ਦਲਿਤ ਸਮਾਜ ਦੇ ਲੋਕ ਖੁੱਲ੍ਹ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਵੀ ਕਰਨ, ਤਾਂ ਉਹ ਵੀ 'ਉੱਚ ਜਾਤੀ' ਦੀਆਂ ਅੱਖਾਂ ਅਤੇ ਕੰਨਾਂ ਵਿੱਚ ਰੜਕਦਾ ਹੈ। ਅੱਜ ਵੀ ਸਕੂਲਾਂ ਵਿੱਚ ਦਲਿਤ ਰਸੋਈਆ ਰੱਖਣਾ ਔਖਾ ਹੈ, ਅਤੇ ਜੇ ਕੋਈ ਹੋਵੇ ਤਾਂ ਬਾਕੀ ਪਿੰਡ ਖਾਣੇ ਦਾ ਬਾਈਕਾਟ ਕਰ ਦਿੰਦਾ ਹੈ।



ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਲੈਣ ਵੇਲੇ ਵੀ ਪਛੜੇ ਜਾਂ ਦਲਿਤ ਵਰਗ ਦੇ ਰਾਹ ਵਿੱਚ ਅੜਿੱਕੇ ਡਾਹੁਣ ਵਾਲਾ ਕੋਈ ਹੋਰ ਨਹੀਂ, ਹਿੰਦੂ ਹੀ ਹੁੰਦਾ ਹੈ। ਇਹ ਸਾਫ਼ ਸੱਚ ਹੈ ਕਿ ਜੇਕਰ ਆਜ਼ਾਦੀ ਤੋਂ ਬਾਅਦ ਆਰਐੱਸਐੱਸ ਦੇ ਲੋਕ ਸੱਤਾ ਵਿੱਚ ਹੁੰਦੇ, ਤਾਂ ਅੱਜ ਪਛੜੇ ਅਤੇ ਦਲਿਤ ਵਰਗ ਦੇ ਲੋਕ ਕਾਲਜਾਂ, ਸਰਕਾਰੀ ਦਫ਼ਤਰਾਂ ਅਤੇ ਸੰਸਥਾਵਾਂ ਵਿੱਚ ਨਜ਼ਰ ਨਾ ਆਉਂਦੇ। ?ਇਹ ਵੀ ਸੱਚ ਹੈ ਕਿ ਜੇਕਰ ਸੰਘ ਦੇ ਲੋਕ ਸੱਤਾ ਵਿੱਚ ਹੁੰਦੇ, ਤਾਂ ਅੱਜ ਹਿੰਦੂ ਔਰਤਾਂ ਨੂੰ ਜੋ ਹੱਕ ਮਿਲੇ ਹੋਏ ਹਨ, ਉਹ ਕਦੇ ਨਾ ਮਿਲਦੇ। ਹਿੰਦੂ ਕੋਡ ਬਿੱਲ 'ਤੇ ਸੰਘ ਦਾ ਵਿਰੋਧ ਯਾਦ ਕਰ ਲਓ, ਜਾਂ ਸੰਵਿਧਾਨ ਬਾਰੇ ਉਹਨਾਂ ਦੇ ਵਿਚਾਰਾਂ ਨੂੰ ਦੇਖ ਲਓ।

ਕੁਝ ਲੋਕ ਕਹਿਣਗੇ ਕਿ ਉਹ ਤਾਂ ਪੁਰਾਣੀ ਗੱਲ ਹੈ, ਅੱਜ ਦਾ ਆਰਐੱਸਐੱਸ ਬਦਲ ਚੁੱਕਾ ਹੈ। ਪਰ ਅਸੀਂ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ ਕਿ ਸੰਘ ਨੂੰ ਦਲਿਤਾਂ ਅਤੇ ਔਰਤਾਂ ਬਾਰੇ ਆਪਣੀ ਸੋਚ ਨੂੰ 'ਨਿੱਜੀ' ਰੱਖਣ ਲਈ ਪਿਛਲੇ 60 ਸਾਲਾਂ ਦੇ ਧਰਮ ਨਿਰਪੱਖ ਸ਼ਾਸਨ ਨੇ ਮਜਬੂਰ ਕੀਤਾ ਹੈ। ਸੰਵਿਧਾਨ ਅਤੇ ਧਰਮ ਨਿਰਪੱਖ ਰਾਜ ਨੇ (ਆਪਣੀਆਂ ਸਾਰੀਆਂ ਕਮੀਆਂ ਦੇ ਬਾਵਜੂਦ) ਹਿੰਦੂ ਸਮਾਜ ਵਿੱਚ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕੀਤਾ।

ਭਾਰਤ ਵਿੱਚ ਲੰਮੇ ਸਮੇਂ ਦੇ ਧਰਮ ਨਿਰਪੱਖ ਸ਼ਾਸਨ ਅਤੇ ਕਾਨੂੰਨਾਂ ਕਾਰਨ ਹੀ ਦੱਬੇ-ਕੁਚਲੇ ਲੋਕਾਂ ਨੂੰ ਸੁੱਖ ਦਾ ਸਾਹ ਲੈਣ ਦਾ ਮੌਕਾ ਮਿਲਿਆ। ਉਹਨਾਂ ਨੂੰ ਸਿਆਸੀ ਹੱਕ ਮਿਲੇ ਅਤੇ ਸਮਾਜ ਵਿੱਚ ਉਹਨਾਂ ਦੀ ਹੋਂਦ ਨੂੰ ਮਜਬੂਰੀ ਵੱਸ ਹੀ ਸਹੀ, ਮਾਨਤਾ ਮਿਲੀ।

ਜੇਕਰ ਹਿੰਦੂ ਸਮਾਜ ਦੇ ਦੱਬੇ-ਕੁਚਲੇ ਤਬਕਿਆਂ ਨੂੰ ਅੱਜ ਆਵਾਜ਼ ਮਿਲੀ ਹੈ, ਤਾਂ ਇਸ ਵਿੱਚ ਆਰ.ਐੱਸ.ਐੱਸ. ਦਾ ਕੋਈ ਹੱਥ ਨਹੀਂ ਹੈ। ਇਹ ਸਿਰਫ਼ ਇਸ ਲਈ ਸੰਭਵ ਹੋ ਸਕਿਆ ਕਿਉਂਕਿ ਪਹਿਲੇ 60 ਸਾਲਾਂ ਵਿੱਚ ਸੰਘ ਇੰਨਾ ਤਾਕਤਵਰ ਨਹੀਂ ਸੀ ਜਿੰਨਾ ਅੱਜ ਹੈ। ਕਾਨੂੰਨ ਬਣਾਉਣ ਅਤੇ ਲਾਗੂ ਕਰਨ ਵਿੱਚ ਉਸ ਦੀ ਕੋਈ ਭੂਮਿਕਾ ਨਹੀਂ ਸੀ, ਨਹੀਂ ਤਾਂ ਨਾ ਰਾਖਵਾਂਕਰਨ ਮਿਲਦਾ ਅਤੇ ਨਾ ਹੀ ਔਰਤਾਂ ਨੂੰ ਬਰਾਬਰ ਦੇ ਹੱਕ।

ਕੀ ਆਰ.ਐੱਸ.ਐੱਸ. ਨੇ ਕਦੇ ਉੱਚੀਆਂ ਅਤੇ ਨੀਵੀਆਂ ਜਾਤਾਂ ਵਿਚਕਾਰ ਏਕਤਾ ਲਿਆਉਣ ਦਾ ਕੋਈ ਜਤਨ ਕੀਤਾ ਹੈ? ਕੀ ਸੰਗਠਨ ਦੇ ਅੰਦਰ ਅਜਿਹੀ ਏਕਤਾ ਜਾਂ ਬਰਾਬਰੀ ਹੈ? ਹਾਲ ਹੀ ਵਿੱਚ ਇੱਕ 'ਉੱਚੀ ਜਾਤ' ਦੇ ਸਾਬਕਾ ਸਵੈਮਸੇਵਕ ਨੇ ਲਿਖਿਆ:

ਮੈਂ ਲੰਮੇ ਸਮੇਂ ਤੱਕ ਸਵੈਮ ਸੇਵਕ ਰਹਿਣ ਦੇ ਤਜਰਬੇ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਆਰ.ਐੱਸ.ਐੱਸ. ਦੇ ਅੰਦਰ ਬਹੁਤ ਜ਼ਿਆਦਾ ਜਾਤੀਵਾਦ ਅਤੇ ਬ੍ਰਾਹਮਣਵਾਦ ਦਾ ਦਬਦਬਾ ਹੈ। ਅਖੌਤੀ ਨੀਵੀਆਂ ਜਾਤਾਂ ਦੇ ਕਾਰਕੁੰਨ ਇਹ ਸਾਰੇ ਅਪਮਾਨ ਸ਼ਾਇਦ ਇਸ ਲਈ ਸਹਿੰਦੇ ਹਨ ਤਾਂ ਜੋ ਉਹਨਾਂ ਨੂੰ ਰਾਸ਼ਟਰਵਾਦ ਦੀ ਮੁੱਖ ਧਾਰਾ ਵਿੱਚ ਥਾਂ ਮਿਲੇ ਅਤੇ ਹਿੰਦੂ ਅਖਵਾਉਣ ਦਾ ਹੱਕ ਮਿਲ ਸਕੇ।

ਇਸ ਅਗਿਆਤ ਸਵੈਮਸੇਵਕ ਨੇ ਅੱਗੇ ਲਿਖਿਆ ਕਿ ਆਰ.ਐੱਸ.ਐੱਸ. ਹਿੰਦੂ ਏਕਤਾ ਦੇ ਝੂਠ ਦਾ ਪ੍ਰਚਾਰ ਕਰਦਾ ਰਹਿੰਦਾ ਹੈ। ਆਪਣੀਆਂ ਸ਼ਾਖਾਵਾਂ, ਮੀਟਿੰਗਾਂ ਅਤੇ ਪ੍ਰੋਗਰਾਮਾਂ ਵਿੱਚ ਉਹ ਇਸ ਮੰਤਰ ਦਾ ਜਾਪ ਕਰਦੇ ਹਨ:

ਸਾਰੇ ਹਿੰਦੂ ਭਰਾ-ਭਰਾ ਹਨ, ਕੋਈ ਵੀ ਹਿੰਦੂ ਨੀਵਾਂ ਨਹੀਂ ਹੈ। ਮੇਰਾ ਸੰਕਲਪ ਹਿੰਦੂਆਂ ਦੀ ਰੱਖਿਆ ਕਰਨਾ ਹੈ ਅਤੇ ਮੇਰਾ ਮੰਤਰ ਬਰਾਬਰੀ ਹੈ। ਭਾਵ, ਕਿਸੇ ਵੀ ਪੱਧਰ 'ਤੇ ਕੋਈ ਵਿਤਕਰਾ ਨਾ ਹੋਣ ਦਾ ਦਾਅਵਾ ਕਰਨਾ। ਪਰ ਉਸ ਨੇ ਦੱਸਿਆ ਕਿ ਸੰਘ ਦੇ ਅੰਦਰ ਭਾਰੀ ਜਾਤੀਵਾਦ ਹੈ। ਕਥਿਤ ਨੀਵੀਂ ਜਾਤ ਦੇ ਵਰਕਰਾਂ ਨੂੰ ਅਕਸਰ ਉੱਚੀ ਜਾਤ ਦੇ ਲੋਕਾਂ ਹੱਥੋਂ ਬੇਇੱਜ਼ਤ ਹੋਣਾ ਪੈਂਦਾ ਹੈ ਅਤੇ ਵਿਤਕਰਾ ਝੱਲਣਾ ਪੈਂਦਾ ਹੈ। ਪਰ ਉਨ੍ਹਾਂ ਦੀ ਰਾਸ਼ਟਰਵਾਦੀ ਭਾਵਨਾ ਉਨ੍ਹਾਂ ਨੂੰ ਇਹ ਸਭ ਸਹਿਣ 'ਤੇ ਮਜਬੂਰ ਕਰਦੀ ਹੈ। ਸੰਘ ਵਿੱਚ ਕਿਸ ਪੱਧਰ ਦਾ ਪ੍ਰਚਾਰਕ ਕੌਣ ਬਣੇਗਾ, ਇਸ ਵਿੱਚ ਵੀ ਗੰਦੀ ਜਾਤੀਵਾਦੀ ਸਿਆਸਤ ਚੱਲਦੀ ਹੈ।

ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਲੱਖਾਂ ਸਵੈਮਸੇਵਕ ਸਾਲਾਂ-ਬੱਧੀ ਇਸ ਝੂਠ ਅਤੇ ਪਖੰਡ ਨੂੰ ਸਹਿੰਦੇ ਰਹਿੰਦੇ ਹਨ! ਕੀ ਇਸ ਲਈ ਕਿ ਆਪਣੀ ਬੇਇੱਜ਼ਤੀ ਨਾਲੋਂ ਮੁਸਲਮਾਨਾਂ ਅਤੇ ਇਸਾਈਆਂ 'ਤੇ ਆਪਣਾ ਦਬਦਬਾ ਕਾਇਮ ਕਰਨ ਦੀ ਇੱਛਾ ਉਨ੍ਹਾਂ ਲਈ ਜ਼ਿਆਦਾ ਵੱਡੀ ਹੈ?

# ਮੋਦੀ ਤੋਂ ਬਾਅਦ ਕੌਣ ? ਸੱਤਾ ਦੇ ਗਲਿਆਰਿਆਂ 'ਚ ਉੱਤਰਾਧਿਕਾਰੀ ਦੀ ਤਲਾਸ਼



ਆਸ਼ੂਤੋਸ਼ ਸੀਨੀਅਰ ਪੱਤਰਕਾਰ

ਪਿਛਲੇ ਕਈ ਮਹੀਨਿਆਂ ਤੋਂ ਸੱਤਾ ਦੇ ਗਲਿਆਰਿਆਂ ਵਿੱਚ ਕੁਝ ਅਜਿਹੀ ਚਰਚਾ ਹੋ ਰਹੀ ਹੈ, ਜਿਸ ਬਾਰੇ ਪੱਤਰਕਾਰ, ਸੱਤਾ ਨਾਲ ਜੁੜੇ ਲੋਕ ਤੇ ਨੌਕਰਸ਼ਾਹੀ 'ਚ ਉੱਚ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਤੇ ਕੁਝ ਜ਼ਰੂਰ ਪੱਕ ਰਿਹਾ ਹੈ, ਜਿਸ ਦੀ ਭਿਣਕ ਤਾਂ ਪੈ ਰਹੀ ਹੈ ਪਰ ਕੁਝ ਦਿਖਾਈ ਨਹੀਂ ਦਿੰਦਾ, ਕਿਉਂਕਿ ਸਭ ਕੁਝ ਪਰਦੇ ਦੇ ਪਿੱਛੇ ਹੋ ਰਿਹਾ ਹੈ। ਲੰਡਨ ਦੀ ਨਾਮਵਰ ਅਖ਼ਬਾਰ 'ਫਾਈਨਾਸ਼ੀਅਲ ਟਾਈਮਜ਼' 'ਚ ਪਿਛਲੇ ਦਿਨੀਂ ਛਪੀ ਇੱਕ ਵਿਸ਼ਲੇਸ਼ਣਾਤਮਿਕ ਰਿਪੋਰਟ ਦਾ ਸਿਰਲੇਖ ਸੀ– 'ਇੱਕ ਸੰਤ ਜੋ ਮੋਦੀ ਦਾ ਉਤਰਾਧਿਕਾਰੀ ਹੋ ਸਕਦਾ ਹੈ।' ਇਹ ਖ਼ਬਰ ਯੋਗੀ ਆਦਿੱਤਿਆਨਾਥ ਦੇ ਬਾਰੇ ਸੀ ਤੇ ਇਸ ਖ਼ਬਰ ਦਾ ਮਜ਼ਮੂਨ ਸੀ ਕਿ ਯੋਗੀ, ਮੋਦੀ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਬਣ ਸਕਦੇ ਹਨ। ਮੈਂ ਹੈਰਾਨ ਹੋਇਆ, ਕਿਉਂਕਿ ਮੋਦੀ ਜੀ ਅਜੇ ਦੇਸ਼ ਦੇ ਪ੍ਰਧਾਨ ਮੰਤਰੀ ਹਨ ਅਤੇ ਪਾਰਟੀ ਤੇ ਸਰਕਾਰ 'ਚ ਉਨ੍ਹਾਂ ਦੀ ਇਜਾਜ਼ਤ ਬਗੈਰ ਪਰਿੰਦਾ ਤੱਕ ਪਰ ਨਹੀਂ ਮਾਰਦਾ ਤਾਂ ਇਸ ਖ਼ਬਰ ਦਾ ਕੀ ਅਰਥ ਹੈ? ਖ਼ਬਰ ਕਿਉਂ ਪ੍ਰਕਾਸ਼ਿਤ ਕੀਤੀ ਗਈ? ਅਖ਼ਬਾਰ ਵੱਡਾ ਹੋਣ ਕਰਕੇ ਕੋਈ ਇਹ ਵੀ ਨਹੀਂ ਕਹਿ ਸਕਦਾ ਕਿ ਖ਼ਬਰ ਪੈਸੇ ਦੇ ਕੇ ਛਪਵਾਈ ਗਈ ਹੈ। ਇਸ ਦਾ ਮਤਲਬ ਸਪੱਸ਼ਟ ਹੈ ਕਿ ਮੋਦੀ ਦੇ ਉਤਰਾਧਿਕਾਰੀ ਬਾਰੇ ਚਰਚਾ ਸਿਰਫ਼ ਦੇਸ਼ 'ਚ ਹੀ ਨਹੀਂ, ਸਗੋਂ ਵਿਦੇਸ਼ਾਂ 'ਚ ਵੀ ਹੋਣ ਲੱਗ ਪਈ ਹੈ।

ਇਸ ਦਰਮਿਆਨ ਮੈਨੂੰ ਯਾਦ ਆਇਆ ਕਿ ਕੁਝ ਮਹੀਨੇ ਪਹਿਲਾਂ ਦੋ ਆਨਲਾਈਨ ਨਿਊਜ਼ ਪਬਲਿਕੇਸ਼ਨਜ਼ 'ਚ ਇਹ ਖ਼ਬਰ ਛਪੀ ਸੀ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਗਲੇ ਮੰਤਰੀ-ਮੰਡਲ ਫੇਰਬਦਲ ਮੌਕੇ ਉਪ ਪ੍ਰਧਾਨ ਮੰਤਰੀ ਬਣਾਇਆ ਜਾ ਸਕਦਾ ਹੈ। ਇਸ ਖ਼ਬਰ 'ਚ ਕਿਸੇ ਸਰੋਤ ਦਾ ਜ਼ਿਕਰ ਕਰਨ ਦੀ ਬਜਾਏ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਗਿਆ ਸੀ। ਮੇਰਾ ਇਸ ਖ਼ਬਰ ਨੂੰ ਉਵੇਂ ਛੱਡ ਦੇਣ ਦਾ ਮਨ ਨਾ ਕੀਤਾ। ਹੁਣ ਜਦੋਂ ਯੋਗੀ ਵਾਲੀ ਖ਼ਬਰ ਛਪੀ ਤਾਂ ਇਸ ਨੂੰ ਸੱਤਾ ਦੇ ਗਲਿਆਰਿਆਂ 'ਚ ਹੋ ਰਹੀ ਕਾਨਾਫੂਸੀ ਨਾਲ ਜੋੜ ਕੇ ਦੇਖਿਆ ਤਾਂ ਇਕ ਪੈਟਰਨ ਨਜ਼ਰ ਆਇਆ ਕਿ ਕੁਝ ਹੋਣ ਵਾਲਾ ਹੈ, ਜੋ ਸਾਹਮਣੇ ਨਹੀਂ ਆ ਰਿਹਾ। ਮੈਂ ਕਾਫੀ ਪੜਤਾਲ ਤੇ ਕੁਝ ਲੋਕਾਂ ਨਾਲ ਗੱਲਬਾਤ ਕਰਨ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਕਿ ਭਾਜਪਾ ਤੇ ਸੰਘ ਪਰਿਵਾਰ ਅੰਦਰ ਇੱਕ ਬੇਚੈਨੀ ਹੈ ਪਰ ਕੋਈ ਵੀ ਇਸ ਨੂੰ ਅਜੇ ਜ਼ਾਹਰ ਨਹੀਂ ਕਰਨਾ ਚਾਹੁੰਦਾ, ਪਰ ਅਜਿਹਾ ਸਾਫ਼ ਲੱਗਦਾ ਹੈ ਕਿ ਉੱਤਰ ਪ੍ਰਦੇਸ਼ ਚੋਣਾਂ ਤੋਂ ਪਹਿਲਾਂ ਕੁਝ ਨਾ ਕੁਝ ਵੱਡਾ ਜ਼ਰੂਰ ਹੋ ਸਕਦਾ ਹੈ। ਹਾਲਾਂਕਿ ਮੋਦੀ ਦੇ ਬਾਅਦ ਕੌਣ? ਇਹ ਚਰਚਾ ਕੋਈ ਨਵੀਂ ਨਹੀਂ ਹੈ। ਨਹਿਰੂ ਦੇ ਜੀਵਨਕਾਲ 'ਚ ਵੀ ਇਹ ਸਵਾਲ ਦੇਸ਼ ਤੇ ਵਿਦੇਸ਼ 'ਚ ਚਰਚਾ ਦਾ ਸਬੱਬ ਬਣ ਗਿਆ ਸੀ ਕਿ ਨਹਿਰੂ ਦਾ ਉਤਰਾਧਿਕਾਰੀ ਕੌਣ ਹੋ ਸਕਦਾ ਹੈ ਤੇ ਕਈ ਨਾਵਾਂ 'ਤੇ ਅਟਕਲਾਂ ਲੱਗਦੀਆਂ ਸਨ। ਇੰਦਰਾ ਗਾਂਧੀ ਦੇ ਸਮੇਂ ਵੀ ਅਜਿਹੀ ਚਰਚਾ ਆਮ ਸੀ, ਹਾਲਾਂਕਿ ਉਸ ਸਮੇਂ ਰਾਜੀਵ ਗਾਂਧੀ ਨੂੰ ਸੁਭਾਵਿਕ ਦਾਅਵੇਦਾਰ ਵਜੋਂ ਦੇਖਿਆ ਜਾਂਦਾ ਸੀ।ਦਰਅਸਲ ਅਜਿਹੀ ਚਰਚਾ ਤਾਂ ਹੀ ਹੁੰਦੀ ਹੈ, ਜਦੋਂ ਕੋਈ ਤਾਕਤਵਰ ਨੇਤਾ ਲੰਬੇ ਸਮੇਂ ਤੱਕ ਸੱਤਾ 'ਤੇ ਕਾਬਜ਼ ਰਿਹਾ ਹੋਵੇ। ਨਹਿਰੂ ਦੇ 17 ਸਾਲ ਤੇ ਇੰਦਰਾ ਗਾਂਧੀ ਦੇ 16 ਸਾਲ ਪ੍ਰਧਾਨ ਮੰਤਰੀ ਰਹਿਣ ਬਾਅਦ ਹੁਣ ਮੋਦੀ 12 ਸਾਲ ਤੋਂ ਜ਼ਿਆਦਾ ਸਮੇਂ ਤੋਂ ਕੁਰਸੀ 'ਤੇ ਹਨ। ਅਜਿਹੀ ਚਰਚਾ ਤੋਂ ਹੈਰਾਨ ਨਹੀਂ ਹੋਣਾ




ਚਾਹੀਦਾ, ਕਿਉਂਕਿ ਸੱਤਾ 'ਚ ਕੁਰਸੀ ਦੀ ਦਾਅਵੇਦਾਰੀ ਦੇ ਲਈ ਕੁਝ ਵੱਡੇ ਨੇਤਾ ਆਪਣੀ ਪੇਸ਼ਬੰਦੀ ਕਰਦੇ ਰਹਿੰਦੇ ਹਨ। ਹਾਲਾਂਕਿ ਇਹ ਅੰਦਾਜ਼ਾ ਲਗਾਉਣਾ ਹਮੇਸ਼ਾ ਮੁਸ਼ਕਿਲ ਹੁੰਦਾ ਹੈ ਕਿ ਕੌਣ ਉਤਰਾਧਿਕਾਰੀ ਬਣੇਗਾ? ਪਰ ਅੱਜ ਦੇ ਸਮੇਂ 'ਚ 3 ਵੱਡੇ ਦਾਅਵੇਦਾਰ ਸਾਫ਼ ਨਜ਼ਰ ਆ ਰਹੇ ਹਨ। ਸਭ ਤੋਂ ਪਹਿਲਾਂ ਨਾਂਅ ਅਮਿਤ ਸ਼ਾਹ ਦਾ ਹੈ, ਉਨ੍ਹਾਂ ਦਾ ਮੋਦੀ ਨਾਲ ਰਿਸ਼ਤਾ ਗੁਰੂ ਤੇ ਚੇਲੇ ਵਾਲਾ ਹੈ ਤੇ ਉਨ੍ਹਾਂ ਦਾ ਪੂਰਾ ਸਿਆਸੀ ਕੈਰੀਅਰ ਮੋਦੀ ਨੇ ਬਣਾਇਆ ਹੈ। ਗੁਜਰਾਤ ਦਾ ਮੁੱਖ ਮੰਤਰੀ ਬਣਨ ਦੇ ਨਾਲ ਹੀ ਮੋਦੀ ਤੇ ਸ਼ਾਹ ਦੀ ਜੋੜੀ ਬਣ ਗਈ ਸੀ, ਉਹ ਗੁਜਰਾਤ 'ਚ ਮੋਦੀ ਤੋਂ ਬਾਅਦ ਸਭ ਤੋਂ ਤਾਕਤਵਰ ਮੰਨੇ ਜਾਂਦੇ ਸਨ। ਮੋਦੀ ਦਿੱਲੀ ਆਏ ਤਾਂ ਅਮਿਤ ਸ਼ਾਹ ਵੀ ਨਾਲ ਹੀ ਆ ਗਏ ਅਤੇ ਦੇਖਦੇ-ਦੇਖਦੇ ਸਾਰੇ ਸੀਨੀਅਰ ਨੇਤਾਵਾਂ ਨੂੰ ਪਿੱਛੇ ਛੱਡ ਕੇ ਸ਼ਾਹ 'ਨੰਬਰ ਦੋ' ਬਣ ਗਏ। ਮੋਦੀ ਦੀ ਅਗਵਾਈ 'ਚ ਸ਼ਾਹ ਦੀ ਰਣਨੀਤੀ ਨਾਲ ਭਾਜਪਾ ਸਰਬ ਸ਼ਕਤੀਸ਼ਾਲੀ ਪਾਰਟੀ ਬਣ ਗਈ ਤੇ ਕਈ ਸੀਨੀਅਰ ਤੇ ਉੱਚ ਇੱਛਾਵਾਂ ਰੱਖਣ ਵਾਲੇ ਨੇਤਾਵਾਂ ਨੂੰ ਖੂੰਜੇ ਲਗਾ ਦਿੱਤਾ ਗਿਆ। ਭਾਜਪਾ ਅਟਲ-ਅਡਵਾਨੀ ਦੀ ਵਿਰਾਸਤ ਤੋਂ ਨਿਕਲ ਕੇ ਇੱਕ ਨਵੀਂ ਪਾਰਟੀ ਬਣ ਗਈ, ਅਜਿਹੇ 'ਚ ਅਮਿਤ ਸ਼ਾਹ ਆਪਣੇ-ਆਪ ਨੂੰ ਮੋਦੀ ਦੇ ਸੁਭਾਵਿਕ ਉਤਰਾਧਿਕਾਰੀ ਮੰਨਦੇ ਹਨ ਤਾਂ ਹੈਰਾਨੀ ਦੀ ਗੱਲ ਨਹੀਂ ਹੈ।

ਪਰ ਫਾਈਨਾਂਸ਼ੀਅਲ ਟਾਈਮਜ਼ ਦੀ ਖ਼ਬਰ ਇੱਕ ਕਹਾਣੀ ਕਹਿੰਦੀ ਹੈ ਕਿ ਸ਼ਾਹ ਦਾ ਸਫਰ ਇੰਨਾ ਆਸਾਨ ਵੀ ਨਹੀਂ ਹੈ, ਯੋਗੀ ਅਦਿੱਤਾਨਾਥ ਦੀ ਦਾਅਵੇਦਾਰੀ ਨੂੰ ਵੀ ਖਾਰਜ ਨਹੀਂ ਕੀਤਾ ਜਾ ਸਕਦਾ। ਰਾਜਨੀਤੀ ਇੱਕ ਬਹੁਤ ਭਿਆਨਕ ਖੇਡ ਹੈ, ਜਿੱਤ ਤੇ ਹਾਰ ਬਹੁਤ ਸਾਰੇ ਤੱਤਾਂ 'ਤੇ ਨਿਰਭਰ ਕਰਦੀ ਹੈ। ਯੋਗੀ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਉਹ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੇ ਸਾਢੇ 9 ਸਾਲ ਤੋਂ ਮੁੱਖ ਮੰਤਰੀ ਹਨ ਅਤੇ ਗੋਰਖਮੱਠ ਦੇ ਮੁਖੀ ਹੋਣ ਦੇ ਨਾਤੇ ਉਨ੍ਹਾਂ ਦੇ ਹਿੰਦੂਤਵ 'ਤੇ ਕਿਸੇ ਨੂੰ ਕੋਈ ਸ਼ੱਕ ਵੀ ਨਹੀਂ ਹੈ। ਉਹ ਮੋਦੀ ਦੇ ਬਾਅਦ ਹਿੰਦੂਤਵ ਸਮਰਥਕਾਂ 'ਚ ਸਭ ਤੋਂ ਹਰਮਨ ਪਿਆਰੇ ਭਾਜਪਾ ਨੇਤਾ ਹਨ, ਹਰ ਚੋਣ 'ਚ ਮੋਦੀ ਤੋਂ ਬਾਅਦ ਉਨ੍ਹਾਂ ਦੀ ਹੀ ਮੰਗ ਹੁੰਦੀ ਹੈ। ਇਸ ਮਾਮਲੇ 'ਚ ਅਮਿਤ ਸ਼ਾਹ ਕਮਜ਼ੋਰ ਸਾਬਤ ਹੁੰਦੇ ਹਨ। ਨੌਕਰਸ਼ਾਹੀ 'ਚ ਇਹ ਆਮ ਚਰਚਾ ਹੈ ਕਿ ਜੇਕਰ ਯੋਗੀ ਲਗਾਤਾਰ ਤੀਜੀ ਵਾਰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣ ਗਏ ਤਾਂ ਮੋਦੀ ਵਾਂਗ ਉਸ ਨੂੰ ਰੋਕਣਾ ਬਹੁਤ ਮੁਸ਼ਕਿਲ ਹੋਵੇਗਾ, ਜਿਸ ਤਰ੍ਹਾਂ ਮੋਦੀ ਦੇ ਤੀਜੀ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣਨ ਦੇ ਬਾਅਦ ਦਿੱਲੀ ਦੇ ਵੱਡੇ ਪਾਰਟੀ ਨੇਤਾ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਨ ਤੋਂ ਨਹੀਂ ਰੋਕ ਸਕੇ ਸਨ।

?ਪਰ ਇਸ ਖੇਡ 'ਚ ਇੱਕ ਤੀਜਾ ਨਾਂਅ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਵੀ ਜੁੜ ਗਿਆ ਹੈ। ਮਹਾਰਾਸ਼ਟਰ ਭਾਰਤ ਦੀ ਆਰਥਿਕ ਰਾਜਧਾਨੀ ਹੋਣ ਕਰਕੇ ਉਨ੍ਹਾਂ ਨੂੰ ਦੇਸ਼ ਦੇ ਵੱਡੇ-ਵੱਡੇ ਉਦਯੋਗਪਤੀਆਂ ਦਾ ਸਮਰਥਨ ਮਿਲਣਾ ਸਭ ਤੋਂ ਸੌਖਾ ਹੈ। ਨਾਗਪੁਰ ਤੋਂ ਹੋਣ ਕਰਕੇ ਉਹ ਸੰਘ ਪਰਿਵਾਰ ਦੇ ਸਭ ਤੋਂ ਚਹੇਤੇ ਹਨ ਤੇ ਰਾਜਨੀਤੀ ਦੇ ਵੀ ਮਾਹਰ ਖਿਡਾਰੀ ਹਨ। ਉਨ੍ਹਾਂ 2014 'ਚ ਪਹਿਲੀ ਵਾਰ ਮੁੱਖ ਮੰਤਰੀ ਬਣਨ ਤੋਂ ਬਾਅਦ ਆਪਣੇ ਵਿਰੋਧੀਆਂ ਨੂੰ ਬਹੁਤ ਚਤੁਰਾਈ ਨਾਲ ਖੂੰਜੇ ਲਗਾ ਕੇ ਆਪਣੀ ਸਿਆਸੀ ਸੂਝ-ਬੂਝ ਸਾਬਤ ਕੀਤੀ ਹੈ, ਉਹ ਅੰਤਰਰਾਸ਼ਟਰੀ ਰਾਜਨੀਤੀ ਤੇ ਕੂਟਨੀਤੀ 'ਚ ਵੀ ਸ਼ਾਹ ਤੇ ਯੋਗੀ ਨਾਲੋਂ ਬਿਹਤਰ ਸਾਬਤ ਹੋ ਸਕਦੇ ਹਨ। ਰਾਜਨੀਤੀ ਦੇ ਮਾਹਰ ਖਿਡਾਰੀ ਹੋਣ ਦੇ ਬਾਅਦ ਵੀ ਫੜਨਵੀਸ ਦਾ ਅਕਸ ਕੱਟੜ ਹਿੰਦੂਤਵਵਾਦੀ ਵਾਲਾ ਨਹੀਂ ਹੈ। ਜਦੋਂ ਮੋਹਨ ਭਾਗਵਤ ਤੇ ਦੱਤਾਤਰੇਅ ਹੋਸਬੋਲੇ ਅਮਰੀਕਾ ਜਾ ਕੇ ਦੁਨੀਆ ਨੂੰ ਦੱਸ ਰਹੇ ਹਨ ਕਿ ਸੰਘ ਮੁਸਲਿਮ ਜਾਂ ਈਸਾਈ ਵਿਰੋਧੀ ਸੰਗਠਨ ਨਹੀਂ ਹੈ ਤੇ ਉਸ ਦੀ ਤੁਲਨਾ ਗੋਰੇ ਨਸਲਵਾਦੀਆਂ ਨਾਲ ਕਰਨੀ ਠੀਕ ਨਹੀਂ ਹੈ, ਤਾਂ ਇਹ ਫੜਨਵੀਸ ਦੇ ਦਾਅਵੇ ਨੂੰ ਮਜ਼ਬੂਤ ਕਰਦਾ ਹੈ। (**ਬਾਕੀ ਸਫ਼ਾ 27 'ਤੇ**)

# ਸੁਪਨਿਆਂ ਨੂੰ ਦਿਓ ਪਰਵਾਜ਼......




## ਛੋਟੇ ਬੱਚਿਆਂ ਨੂੰ ਵੇਖਣ ਦਿਓ ਰੌਸ਼ਨ ਭਵਿੱਖ ਦੇ ਸੁਪਨੇ

## ਆਪਣੇ ਸੁਪਨੇ ਸੱਚ ਕਰਨ ਲਈ ਸਖ਼ਤ ਮਿਹਨਤ ਕਰਨ ਨੌਜਵਾਨ




ਜਗਮੋਹਨ ਸਿੰਘ 'ਲੱਕੀ'
9463819174



" ਨਿੱਕੇ ਬਾਲ ਵੀ ਵੱਡੇ ਸੁਪਨੇ ਲੈ ਸਕਦੇ ਹਨ "(ਪੰਘੂੜੇ ਉੱਪਰ ਉੱਕਰੇ ਸ਼ਬਦ) ਇਹ ਸਤਰਾਂ ਮੈਂ ਰਸੂਲ ਹਮਜ਼ਾਤੋਵ ਦੀ ਜਗਤ ਪ੍ਰਸਿੱਧ ਕਿਤਾਬ 'ਮੇਰਾ ਦਾਗ਼ਿਸਤਾਨ' ਦੇ ਪੰਨਾ ਨੰਬਰ 18 ਉੱਪਰ ਛਪੀਆਂ ਹੋਈਆਂ ਜਦੋਂ ਪੜ੍ਹੀਆਂ ਸਨ ਤਾਂ ਉਦੋਂ ਮੈਂ ਅਜੇ 5ਵੀਂ ਜਮਾਤ ਵਿੱਚ ਹੀ ਪੜ੍ਹਦਾ ਸੀ। ਨਿੱਕੀ ਜਿਹੀ ਅੰਞਾਣੀ ਉਮਰ ਵਿੱਚ ਹੀ ਜਗਤ ਪ੍ਰਸਿੱਧ ਕਿਤਾਬਾਂ ਨਾਲ ਅਜਿਹਾ ਮੋਹ ਪਿਆ ਕਿ ਮੈਂ ਵੀ ਆਪਣੀ ਨਿੱਕੀ ਉਮਰੇ ਹੀ ਵੱਡੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਸਨ। ਬਚਪਣ ਵਿੱਚ ਹੀ ਮੈਂ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗ਼ਿਸਤਾਨ' ਕਿਤਾਬ ਪੜ੍ਹਨ ਤੋਂ ਇਲਾਵਾ 'ਜਾਨ ਰੀਡ' ਦੀ ਕਿਤਾਬ 'ਦਸ ਦਿਨ-ਜਿਨ੍ਹਾਂ ਦੁਨੀਆ ਹਿਲਾ ਦਿੱਤੀ', ਮੈਕਸਿਮ ਗੋਰਕੀ ਦੀ 'ਮਾਂ', ਲਿਓ ਤਾਲਸਤਾਏ ਦੀ 'ਕਹਾਣੀਆਂ ਤੇ ਛੋਟੇ ਨਾਵਲ ' ਤੋਂ ਇਲਾਵਾ ਮਾਰਕਸ-ਫੈਡਰਿਕ ਐਂਜਲਿਸ ਦੀਆਂ ਕਿਤਾਬਾਂ, ਦਾਸ ਕੈਪੀਟਲ, ਟੂ ਹਿਸਟੋਰਿਕ ਟ੍ਰੈਲਜ਼ ਇੰਨ ਰੇਡ ਫੋਰਟ, ਸਿਡਨੀ ਸ਼ੀਲਡਨ, ਨੋ ਮੋਰ ਕਾਮਰੇਡਜ਼ ਅਤੇ ਹੋਰ ਅਹਿਮ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਕਰਕੇ ਮੇਰੇ ਗਿਆਨ ਵਿੱਚ ਬਹੁਤ ਵਾਧਾ ਹੋਇਆ। ਲਿਓ ਟਾਲਸਟਾਏ ਦੀ ਲਿਖੀ 'ਇੱਕ ਘੋੜੇ ਦੀ ਕਹਾਣੀ' ਅਤੇ 'ਈਵਾਨ ਇਲੀਚ ਦੀ ਮੌਤ' ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਮੈਂ ਬਚਪਣ ਵਿੱਚ ਹੀ ਵੱਡੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਸਨ।

ਅੱਜ-ਕੱਲ੍ਹ ਦੇ ਏ.ਆਈ. ਦੇ ਯੁੱਗ ਵਿੱਚ ਬੱਚੇ ਵੀ ਹਾਈਟੈਕ ਹੋ ਚੁੱਕੇ ਹਨ ਅਤੇ ਉਹ ਨਿੱਕੀ ਉਮਰੇ ਵੱਡੇ ਸੁਪਨੇ ਵੇਖਣੇ ਸ਼ੁਰੂ ਕਰ ਦਿੰਦੇ ਹਨ। ਇਸ ਦੇ ਨਾਲ ਵੱਡੀ ਗਿਣਤੀ ਬੱਚਿਆਂ ਦੀ ਪਹੁੰਚ ਹੁਣ ਕੰਪਿਊਟਰ ਤੇ ਲੈਪਟਾਪ ਤੱਕ ਹੋ ਚੁੱਕੀ ਹੈ ਅਤੇ ਉਹ ਕੰਪਿਊਟਰ ਤੇ ਲੈਪਟਾਪ ਰਾਹੀਂ ਬਚਪਣ ਵਿੱਚ ਹੀ ਆਪਣੀਆਂ ਗਤੀਵਿਧੀਆਂ ਸਪਸ਼ਟ ਕਰ ਦਿੰਦੇ ਹਨ ਕਿ ਵੱਡੇ ਹੋ ਕੇ ਉਹ ਕੀ ਬਣਨਗੇ। ਵੱਡੀ ਗਿਣਤੀ ਮਾਪੇ ਅਜਿਹੇ ਹਨ, ਜੋਕਿ ਆਪਣੇ ਬੱਚਿਆਂ ਨੂੰ ਵੱਡੇ ਸੁਪਨੇ ਲੈਣ ਤੋਂ ਰੋਕਦੇ ਹਨ ਅਤੇ ਬੱਚਿਆਂ 'ਤੇ ਆਪਣੀ ਪਸੰਦ ਥੋਪਣ ਦਾ ਯਤਨ ਕਰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਮਾਪੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਆਪਣੀ ਪਸੰਦ ਦੇ ਵਿਸ਼ੇ ਲੈ ਕੇ ਦਿੰਦੇ ਹਨ, ਜਦੋਂ ਕਿ ਬੱਚਿਆਂ ਦੀ ਪਸੰਦ ਕਈ ਵਾਰ ਹੋਰਨਾਂ ਵਿਸ਼ਿਆਂ 'ਚ ਹੁੰਦੀ ਹੈ। ਇਸ ਵਿਰੋਧਾਭਾਸ ਕਾਰਨ ਕਈ ਬੱਚੇ ਹੁਸ਼ਿਆਰ ਹੁੰਦਿਆਂ ਵੀ ਚੰਗੇ ਅੰਕ ਨਹੀਂ ਲੈ ਸਕਦੇ, ਕਿਉਂਕਿ ਉਹਨਾਂ ਦੀ ਰੁਚੀ ਮਾਪਿਆਂ ਵੱਲੋਂ ਦਿਵਾਏ ਵਿਸ਼ਿਆਂ ਵਿੱਚ ਨਹੀਂ ਹੁੰਦੀ। ਇਸ ਕਰਕੇ ਅਨੇਕਾਂ ਬੱਚੇ ਪੜ੍ਹਾਈ ਨੂੰ ਬੋਝ ਸਮਝਣ ਲੱਗ ਪੈਂਦੇ ਹਨ। ਬੱਚਿਆਂ ਨੂੰ ਸੁਪਨਿਆਂ ਦੀ ਦੁਨੀਆ ਦੀ ਸੈਰ ਕਰਨ ਦੇਣੀ ਚਾਹੀਦੀ ਹੈ। ਸੁਪਨਿਆਂ ਦੀ ਦੁਨੀਆ ਵਿੱਚ ਸੈਰ ਸਪਾਟਾ ਕਰਨ



ਤੋਂ ਬਾਅਦ ਹੀ ਉਹਨਾਂ ਦਾ ਆਪਣੀ ਜ਼ਿੰਦਗੀ ਦਾ ਟੀਚਾ ਮਿਥਿਆ ਜਾਂਦਾ ਹੈ ਅਤੇ ਫਿਰ ਉਹ ਆਪਣੇ ਮਕਸਦ ਅਤੇ ਆਪਣੇ ਟੀਚੇ ਦੀ ਪ੍ਰਾਪਤੀ ਲਈ ਬਚਪਣ ਵਿੱਚ ਹੀ ਸਖ਼ਤ ਮਿਹਨਤ ਕਰਨੀ ਸ਼ੁਰੂ ਕਰ ਦਿੰਦੇ ਹਨ।ਕੋਈ ਬੱਚਾ ਪ੍ਰਸਿੱਧ ਡਾਕਟਰ ਤੇ ਇੰਜੀਨੀਅਰ ਬਣਨ ਦਾ ਸੁਪਨਾ ਵੇਖਦਾ ਹੈ। ਕੋਈ ਬੱਚਾ ਪ੍ਰਸਿੱਧ ਖਿਡਾਰੀ ਬਣਨ ਦਾ ਸੁਪਨਾ ਵੇਖਦਾ ਹੈ। ਕੋਈ ਬੱਚਾ ਅਧਿਆਪਕ ਅਤੇ ਕੋਈ ਬੱਚਾ ਪੁਲਾੜ ਵਿਗਿਆਨੀ ਬਣਨ ਦਾ ਸੁਪਨਾ ਵੇਖਦਾ ਹੈ। ਇਸ ਤਰ੍ਹਾਂ ਹਰ ਬੱਚਾ ਵੱਖ-ਵੱਖ ਸੁਪਨੇ ਵੇਖਦਾ ਹੈ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਯਤਨ ਕਰਦਾ ਹੈ।

ਬੱਚਿਆਂ ਵਾਂਗ ਨੌਜਵਾਨ ਵੀ ਚੰਗੇ ਸੁਪਨੇ ਵੇਖਦੇ ਹਨ। ਅੱਜ-ਕੱਲ੍ਹ ਦੇ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦਾ ਸੁਪਨਾ ਤਾਂ ਵਿਦੇਸ਼ ਜਾ ਕੇ ਵਸਣਾ ਹੁੰਦਾ ਹੈ। ਇਸ ਸੁਪਨੇ ਦੀ ਪ੍ਰਾਪਤੀ ਲਈ ਉਹ ਅਕਸਰ 'ਡੰਕੀ' ਵਾਲਾ ਰੂਟ ਵੀ ਅਪਨਾਅ ਲੈਂਦੇ ਹਨ। ਵੱਡੀ ਗਿਣਤੀ ਨੌਜਵਾਨ ਸਰਕਾਰੀ ਨੌਕਰੀ ਅਤੇ ਚੰਗੇ ਰੁਜ਼ਗਾਰ ਦਾ ਸੁਪਨਾ ਵੀ ਵੇਖਦੇ ਹਨ। ਅਕਸਰ ਵੱਡੀ ਗਿਣਤੀ ਨੌਜਵਾਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਵੀ ਕਰਦੇ ਹਨ ਅਤੇ ਆਪਣੇ ਮਕਸਦ ਵਿੱਚ ਕਾਮਯਾਬ ਵੀ ਹੋ ਜਾਂਦੇ ਹਨ।

**ਬੱਚਿਆਂ ਦੇ ਨਾਲ ਨੌਜਵਾਨਾਂ ਨੂੰ ਵੀ ਇਹ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਜੇ ਉਹਨਾਂ ਨੇ ਆਪਣੇ ਵੇਖੇ ਹੋਏ ਸੁਪਨਿਆਂ ਨੂੰ ਸੱਚ ਕਰਨਾ ਹੈ ਤਾਂ ਉਹਨਾਂ ਨੂੰ ਸਖ਼ਤ ਮਿਹਨਤ ਕਰਨੀ ਹੀ ਪਵੇਗੀ। ਸਮੁੰਦਰ ਕੰਢੇ ਬੈਠ ਕੇ 'ਮੋਤੀ' ਨਹੀਂ ਮਿਲਦੇ ਹੁੰਦੇ, ਸਮੁੰਦਰ ਦੀਆਂ ਗਹਿਰਾਈਆਂ 'ਚੋਂ ਅਨਮੋਲ ਮੋਤੀ ਲੱਭਣ ਲਈ ਸਮੁੰਦਰ ਵਿੱਚ ਡੂੰਘਾ ਗੋਤਾ ਲਗਾਉਣਾ ਹੀ ਪੈਂਦਾ ਹੈ।**

ਇਸੇ ਤਰ੍ਹਾਂ ਰਸੂਲ ਹਮਜ਼ਾਤੋਵ ਦੀ ਕਿਤਾਬ 'ਮੇਰਾ ਦਾਗ਼ਿਸਤਾਨ' ਦੇ ਪੰਨਾ ਨੰਬਰ 94 ਉੱਪਰ ਲਿਖੇ ਸ਼ਬਦ 'ਦਰਵਾਜ਼ਾ ਭੰਨੋ ਨਾ-ਕੁੰਜੀ ਨਾਲ ਇਹ ਸਹਿਜੇ ਹੀ ਖੁੱਲ੍ਹ ਜਾਵੇਗਾ' (ਦਰਵਾਜ਼ੇ ਉੱਤੇ ਉੱਕਰੇ ਸ਼ਬਦ) ਬਹੁਤ ਵਧੀਆ ਲੱਗਦੇ ਹਨ। ਇਹਨਾਂ ਸ਼ਬਦਾਂ ਦਾ ਅਰਥ ਇਹ ਵੀ ਲਿਆ ਜਾ ਸਕਦਾ ਹੈ ਕਿ ਸਖ਼ਤ ਮਿਹਨਤ ਕਰਦਿਆਂ ਕਈ ਵਾਰ ਸਫਲਤਾ ਦੇ ਬੂਹੇ ਬੰਦ ਹੋ ਜਾਂਦੇ ਹਨ ਤਾਂ ਨਿਰਾਸ਼ ਹੋ ਕੇ ਇਹਨਾਂ ਬੂਹਿਆਂ ਨੂੰ ਭੰਨਣਾ ਨਹੀਂ ਚਾਹੀਦਾ ਭਾਵ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਸਫਲਤਾ ਦੀ ਕੁੰਜੀ ਲੱਭਣੀ ਚਾਹੀਦੀ ਹੈ, ਜਿਸ ਨਾਲ ਸਫਲਤਾ ਦੇ ਇਹ ਦਰਵਾਜ਼ੇ ਸਹਿਜੇ ਹੀ ਖੁੱਲ੍ਹ ਜਾਂਦੇ ਹਨ।

ਵੇਖਣ ਵਿੱਚ ਆਇਆ ਹੈ ਕਿ ਬਾਲ ਖਿਡਾਰੀ ਆਪਣੇ ਨਿੱਕੇ ਨਿੱਕੇ ਹੱਥਾਂ 'ਚ ਹਾਕੀ,ਟੈਨਿਸ ਜਾਂ ਬੈਡਮਿੰਟਨ ਦਾ ਰੈਕਟ ਫੜ ਕੇ ਅਧਮੀਟੀਆਂ ਅੱਖਾਂ ਨਾਲ ਆਪਣੇ ਆਪ ਨੂੰ ਵਿਸ਼ਵ ਜੇਤੂ ਬਣਨ ਦਾ ਸੁਪਨਾ ਵੇਖਦੇ ਹਨ, ਇਨ੍ਹਾਂ ਵਿਚੋਂ ਕਈ ਬਾਲ ਖਿਡਾਰੀ ਵੱਡੇ ਹੋ ਕੇ ਸੱਚਮੁੱਚ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਸੋਨੇ ਦੇ ਤਗਮੇ ਜਿੱਤ ਕੇ ਆਪਣੇ ਸੁਪਨੇ ਨੂੰ ਪੂਰਾ ਕਰਦੇ ਹਨ, ਜਦੋਂ ਕਿ ਵੱਡੀ ਗਿਣਤੀ ਬਾਲ ਖਿਡਾਰੀ ਵੱਡੇ ਹੋ ਕੇ ਕਿਸੇ ਨਾ ਕਿਸੇ ਕਾਰਨ ਖੇਡਾਂ ਤੋਂ ਹੀ ਦੂਰ ਹੋ ਜਾਂਦੇ ਹਨ।

ਕੇਂਦਰ ਅਤੇ ਸੂਬਾ ਸਰਕਾਰਾਂ ਦੇ ਨਾਲ ਸਮਾਜ ਅਤੇ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਦੇ ਸੁਪਨੇ ਸੱਚ ਕਰਨ ਲਈ ਢੁਕਵਾਂ ਮਾਹੌਲ ਬਣਾਉਣ ਅਤੇ ਉਹਨਾਂ ਦੀ ਹਰ ਸੰਭਵ ਸਹਾਇਤਾ ਕਰਨ।





# ਡੈਮੋਗ੍ਰਾਫ਼ਿਕ ਸੰਕਟ ਦੇ ਘੇਰੇ ਵਿੱਚ ਪੰਜਾਬ

## ➢ ਭਾਵੁਕ ਅਪੀਲਾਂ ਦੀ ਬਜਾਏ ਠੋਸ ਆਰਥਿਕ ਤੇ ਸਮਾਜਿਕ ਨੀਤੀਆਂ ਦੀ ਲੋੜ ➢ ਕੀ ਜਥੇਦਾਰ ਦੀ ਅਪੀਲ ਨਾਲ ਬਚ ਸਕੇਗੀ ਪੰਜਾਬ ਦੀ ਡੈਮੋਗ੍ਰਾਫ਼ੀ ?

ਪੰਜਾਬ ਅੱਜ ਇਤਿਹਾਸ ਦੇ ਇੱਕ ਅਜਿਹੇ ਅਤਿ-ਨਾਜ਼ੁਕ ਅਤੇ ਚਿੰਤਾਜਨਕ ਮੋੜ 'ਤੇ ਖੜ੍ਹਾ ਹੈ, ਜਿੱਥੇ ਇਸ ਦੀ ਭੂਗੋਲਿਕ, ਸਮਾਜਿਕ ਅਤੇ ਸੱਭਿਆਚਾਰਕ ਹੋਂਦ ਦੇ ਮੂਲ ਤਾਣੇ-ਬਾਣੇ ਨੂੰ ਗੰਭੀਰ ਚੁਣੌਤੀਆਂ ਦਰਪੇਸ਼ ਹਨ। ਸੂਬੇ ਦੇ ਜਨਸੰਖਿਆ ਅੰਕੜੇ (ਡੈਮੋਗ੍ਰਾਫ਼ੀ) ਜਿਸ ਬੇਮੁਹਾਰ ਤੇਜ਼ੀ ਨਾਲ ਬਦਲ ਰਹੇ ਹਨ, ਉਸ ਨੇ ਭਵਿੱਖ ਦੀਆਂ ਪੀੜ੍ਹੀਆਂ ਦੀ ਹੋਂਦ ਅਤੇ ਪੰਜਾਬੀ ਪਛਾਣ ਉੱਤੇ ਇੱਕ ਵੱਡਾ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪਰਿਵਾਰਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਕੀਤੀ ਗਈ ਤਾਜ਼ਾ ਅਪੀਲ ਇਸੇ ਹੋਂਦ ਦੇ ਸੰਕਟ ਵਿੱਚੋਂ ਉਪਜੀ ਇੱਕ ਕੁਦਰਤੀ ਚਿੰਤਾ ਦਾ ਪ੍ਰਗਟਾਵਾ ਹੈ। ਹਾਲਾਂਕਿ ਜਨਸੰਖਿਆ ਘਟਣ ਦਾ ਇਹ ਦਰਦ ਬੇਹੱਦ ਸੰਵੇਦਨਸ਼ੀਲ ਅਤੇ ਵਾਜਬ ਹੈ, ਪਰ ਨਿਰਪੱਖ ਪੜਚੋਲ ਇਹ ਮੰਗ ਕਰਦੀ ਹੈ ਕਿ ਪੰਜਾਬੀ ਜ਼ਮੀਨੀ ਹਕੀਕਤਾਂ ਤੋਂ ਅੱਖਾਂ ਨਾ ਮੀਟਣ।

ਸਿੱਖ ਚਿੰਤਕ ਡਾਕਟਰ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਅਜਿਹੇ ਗੁੰਝਲਦਾਰ ਸਮਾਜਿਕ-ਆਰਥਿਕ ਸੰਕਟ ਕਦੇ ਵੀ ਮਹਿਜ਼ ਧਾਰਮਿਕ ਮੰਚਾਂ ਤੋਂ ਦਿੱਤੇ ਭਾਵੁਕ ਹੋਕਿਆਂ ਜਾਂ ਨੈਤਿਕ ਦੁਹਾਈਆਂ ਨਾਲ ਹੱਲ ਨਹੀਂ ਹੁੰਦੇ। ਇਹ ਮਸਲਾ ਸਿੱਧੇ ਤੌਰ 'ਤੇ ਵਿਗੜੇ ਆਰਥਿਕ ਢਾਂਚੇ, ਮਹਿੰਗੀ ਹੁੰਦੀ ਜੀਵਨ-ਸ਼ੈਲੀ, ਖੇਤੀਬਾੜੀ ਦੇ ਗੰਭੀਰ ਸੰਕਟ, ਬੇਰੁਜ਼ਗਾਰੀ ਅਤੇ ਨੌਜਵਾਨ ਮਾਨਸਿਕਤਾ ਵਿੱਚ ਫੈਲੀ ਡੂੰਘੀ ਬੇਭਰੋਸਗੀ ਨਾਲ ਜੁੜਿਆ ਹੋਇਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਅੰਦਰ ਘਟਦੀ ਜਨ-ਸੰਖਿਆ ਦਰ ਪਿੱਛੇ ਕੋਈ ਇੱਕ ਇਕਹਿਰਾ ਕਾਰਨ ਕੰਮ ਨਹੀਂ ਕਰ ਰਿਹਾ, ਸਗੋਂ ਇਹ ਕਈ ਸਮਾਜਿਕ ਅਤੇ ਆਰਥਿਕ ਕਾਰਕਾਂ ਦਾ ਸਾਂਝਾ ਸਿੱਟਾ ਹੈ। ਪਿਛਲੇ ਦੋ-ਤਿੰਨ ਦਹਾਕਿਆਂ ਵਿੱਚ ਨਵ-ਉਦਾਰਵਾਦੀ ਨੀਤੀਆਂ ਕਾਰਨ ਬੁਨਿਆਦੀ ਸਹੂਲਤਾਂ ਦਾ ਤੇਜ਼ੀ ਨਾਲ ਨਿੱਜੀਕਰਨ ਹੋਇਆ ਹੈ। ਸਿੱਖਿਆ ਅਤੇ ਸਿਹਤ ਵਰਗੀਆਂ ਮੁੱਢਲੀਆਂ ਲੋੜਾਂ ਇੰਨੀਆਂ ਮਹਿੰਗੀਆਂ ਹੋ ਚੁੱਕੀਆਂ ਹਨ ਕਿ ਇੱਕ ਸਾਧਾਰਨ ਮੱਧਵਰਗੀ ਜਾਂ ਕਿਰਤੀ ਪਰਿਵਾਰ ਲਈ ਇੱਕ ਬੱਚੇ ਦਾ ਪਾਲਣ-ਪੋਸ਼ਣ, ਉਸ ਦੀ ਮਿਆਰੀ ਪੜ੍ਹਾਈ ਅਤੇ ਮੈਡੀਕਲ ਖ਼ਰਚੇ ਝੱਲਣੇ ਹੀ ਪਰਿਵਾਰ ਦੇ ਬਜਟ ਨੂੰ ਢਹਿ-ਢੇਰੀ ਕਰ ਦਿੰਦੇ ਹਨ। ਅਜਿਹੇ ਆਰਥਿਕ ਦਬਾਅ ਹੇਠ 'ਇੱਕ ਜਾਂ ਦੋ ਬੱਚੇ' ਦਾ ਰੁਝਾਨ ਪਰਿਵਾਰਾਂ ਦੀ ਮਜਬੂਰੀ ਬਣ ਚੁੱਕਾ ਹੈ। ਜਦੋਂ ਤੱਕ ਇੱਕ ਆਮ ਨਾਗਰਿਕ ਨੂੰ ਆਪਣੇ ਬੱਚੇ ਦੀ ਸੁਰੱਖਿਅਤ ਪਰਵਰਿਸ਼, ਮੁਫ਼ਤ ਜਾਂ ਸਸਤੀ ਮਿਆਰੀ ਸਿੱਖਿਆ ਅਤੇ ਗਾਰੰਟੀਸ਼ੁਦਾ ਰੁਜ਼ਗਾਰ ਦੀ ਉਮੀਦ ਨਜ਼ਰ ਨਹੀਂ ਆਉਂਦੀ, ਉਦੋਂ ਤੱਕ ਬੱਚਿਆਂ ਦੀ ਗਿਣਤੀ ਵਧਾਉਣ ਦੀ ਕੋਈ ਵੀ ਅਪੀਲ ਵਿਹਾਰਕ ਧਰਾਤਲ 'ਤੇ ਕਾਰਗਰ ਸਾਬਤ ਨਹੀਂ ਹੋ ਸਕਦੀ।

**ਬੇਮੁਹਾਰ ਪ੍ਰਵਾਸ ਅਤੇ ਪਿੰਡਾਂ ਦਾ ਖ਼ਾਲੀਪਣ**

ਡੈਮੋਗ੍ਰਾਫ਼ਿਕ ਸੰਤੁਲਨ ਵਿਗੜਨ ਦਾ ਦੂਜਾ ਅਤੇ ਸਭ ਤੋਂ ਘਾਤਕ ਪਹਿਲੂ ਨੌਜਵਾਨ ਪੀੜ੍ਹੀ ਦਾ ਅੰਨ੍ਹੇਵਾਹ ਵਿਦੇਸ਼ ਪ੍ਰਵਾਸ ਹੈ। ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿੱਚੋਂ ਲੱਖਾਂ ਰੁਪਏ ਖ਼ਰਚ ਕੇ, ਜ਼ਮੀਨਾਂ ਵੇਚ ਜਾਂ ਗਹਿਣੇ ਧਰ ਕੇ ਨੌਜਵਾਨਾਂ ਦਾ ਕੈਨੇਡਾ, ਆਸਟ੍ਰੇਲੀਆ, ਬਰਤਾਨੀਆ ਅਤੇ ਯੂਰੋਪ ਵੱਲ ਪਲਾਇਨ ਕਰਨਾ ਸਿਰਫ਼ ਇੱਕ ਰੁਝਾਨ ਨਹੀਂ ਰਿਹਾ, ਸਗੋਂ ਸਮਾਜਿਕ ਵੱਕਾਰ ਅਤੇ ਹੋਂਦ ਬਚਾਉਣ ਦੀ ਦੌੜ ਬਣ ਚੁੱਕਾ ਹੈ।

ਸੂਬੇ ਵਿੱਚੋਂ ਹਰ ਸਾਲ ਅਰਬਾਂ ਰੁਪਏ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਵੀਜ਼ਾ ਪ੍ਰਕਿਰਿਆਵਾਂ ਰਾਹੀਂ ਬਾਹਰ ਜਾ ਰਹੇ ਹਨ। ਇਸ ਦੇ ਨਾਲ ਹੀ ਸੂਬੇ ਦੇ ਸਭ ਤੋਂ ਊਰਜਾਵਾਨ, ਹੁਨਰਮੰਦ ਅਤੇ ਸਿਰਜਣਾਤਮਕ ਹੱਥ ਪੰਜਾਬ ਦੇ ਵਿਕਾਸ ਵਿੱਚ ਹਿੱਸਾ ਪਾਉਣ ਦੀ ਬਜਾਏ ਬਿਗਾਨੀਆਂ ਧਰਤੀਆਂ ਨੂੰ ਆਬਾਦ ਕਰ ਰਹੇ ਹਨ।




**ਸਮਾਜਿਕ ਖੋਖਲਾਪਣ**: ਪੰਜਾਬ ਦੇ ਪਿੰਡਾਂ ਵਿੱਚ ਆਲੀਸ਼ਾਨ ਕੋਠੀਆਂ ਖ਼ਾਲੀ ਪਈਆਂ ਹਨ, ਜਿਨ੍ਹਾਂ ਵਿੱਚ ਸਿਰਫ਼ ਬਜ਼ੁਰਗ ਮਾਪੇ ਇਕੱਲਾਪਣ ਹੰਢਾ ਰਹੇ ਹਨ।

ਖੇਤੀਬਾੜੀ ਅਤੇ ਸਥਾਨਕ ਉਦਯੋਗਾਂ ਨੂੰ ਚਲਾਉਣ ਲਈ ਬਾਹਰਲੇ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਆ ਰਹੀ ਕਿਰਤ ਸਥਾਨਕ ਵਸੋਂ ਦਾ ਅਨਿੱਖੜਵਾਂ ਅੰਗ ਬਣ ਰਹੀ ਹੈ। ਜਦੋਂ ਸਥਾਨਕ ਵਸੋਂ ਬਾਹਰ ਜਾ ਰਹੀ ਹੋਵੇ ਅਤੇ ਦੂਜੇ ਖਿੱਤਿਆਂ ਦੇ ਲੋਕ ਇੱਥੇ ਪੱਕੇ ਤੌਰ 'ਤੇ ਵਸ ਰਹੇ ਹੋਣ, ਤਾਂ ਸੂਬੇ ਦੀ ਭਾਸ਼ਾਈ, ਸੱਭਿਆਚਾਰਕ ਅਤੇ ਜਨਸੰਖਿਅਕ ਤਸਵੀਰ ਦਾ ਪੂਰੀ ਤਰ੍ਹਾਂ ਬਦਲ ਜਾਣਾ ਲਾਜ਼ਮੀ ਹੈ।

**ਭਾਸ਼ਾ, ਸੱਭਿਆਚਾਰ ਅਤੇ ਸੱਭਿਅਤਾ ਦੀ ਹੋਂਦ ਨੂੰ ਖ਼ਤਰਾ**

ਜਨਸੰਖਿਆ ਵਿੱਚ ਆ ਰਹੇ ਇਸ ਉਲਟਫੇਰ ਦਾ ਸਿੱਧਾ ਅਸਰ ਪੰਜਾਬੀ ਭਾਸ਼ਾ, ਲੋਕ-ਧਾਰਾ ਅਤੇ ਸੱਭਿਅਤਾ ਉੱਤੇ ਪੈ ਰਿਹਾ ਹੈ। ਇੱਕ ਪਾਸੇ ਕਾਨਵੈਂਟ ਅਤੇ ਨਿੱਜੀ ਸਕੂਲਾਂ ਵਿੱਚ ਮਾਂ-ਬੋਲੀ ਪੰਜਾਬੀ ਨੂੰ ਦੂਜੇ ਦਰਜੇ 'ਤੇ ਧੱਕਿਆ ਜਾ ਰਿਹਾ ਹੈ, ਜਿੱਥੇ ਬੱਚਿਆਂ ਨੂੰ ਆਪਣੀ ਹੀ ਬੋਲੀ ਬੋਲਣ 'ਤੇ ਜੁਰਮਾਨੇ ਲਾਏ ਜਾਂਦੇ ਹਨ। ਦੂਜੇ ਪਾਸੇ, ਪ੍ਰਸ਼ਾਸਨਿਕ ਕੰਮਕਾਜ, ਅਦਾਲਤਾਂ ਅਤੇ ਵਪਾਰਕ ਖੇਤਰ ਵਿੱਚ ਪੰਜਾਬੀ ਦੀ ਵਰਤੋਂ ਪ੍ਰਤੀ ਢਿੱਲਮੱਠ ਸਾਫ਼ ਨਜ਼ਰ ਆਉਂਦੀ ਹੈ। ਜਦੋਂ ਕੋਈ ਕੌਮ ਆਪਣੀ ਭਾਸ਼ਾ ਗੁਆ ਲੈਂਦੀ ਹੈ, ਤਾਂ ਉਹ ਆਪਣਾ ਇਤਿਹਾਸ, ਆਪਣਾ ਸਾਹਿਤ, ਆਪਣੀ ਦਾਰਸ਼ਨਿਕ ਸੂਝ ਅਤੇ ਆਖ਼ਰਕਾਰ ਆਪਣੀ ਪਛਾਣ ਵੀ ਗੁਆ ਬੈਠਦੀ ਹੈ। ਗੁਰੂ ਸਾਹਿਬਾਨ, ਸੂਫ਼ੀ ਸੰਤਾਂ ਅਤੇ ਕਿੱਸਾਕਾਰਾਂ ਦੀ ਇਹ ਅਮੀਰ ਸੱਭਿਅਤਾ ਅੱਜ ਖ਼ਪਤਕਾਰੀ ਸੱਭਿਆਚਾਰ, ਕਾਰਪੋਰੇਟ ਸਕੂਲਾਂ ਤੇ ਨਸ਼ਿਆਂ ਦੀ ਮਾਰ ਅਤੇ ਸੱਭਿਆਚਾਰਕ ਨਿਘਾਰ ਹੇਠ ਦੱਬਦੀ ਜਾ ਰਹੀ ਹੈ।

**ਸੰਕਟ ਤੋਂ ਨਿਜਾਤ ਲਈ ਠੋਸ ਅਤੇ ਵਿਹਾਰਕ ਕਦਮ** :ਇਸ ਗੰਭੀਰ ਚੁਣੌਤੀ ਦਾ ਸਾਹਮਣਾ ਕਰਨ ਲਈ ਹੁਣ ਰਸਮੀ ਬਿਆਨਬਾਜ਼ੀ ਤੋਂ ਅੱਗੇ ਵਧ ਕੇ ਇੱਕ ਠੋਸ, ਦੂਰਅੰਦੇਸ਼ ਅਤੇ ਬਹੁ-ਪੱਖੀ ਰਣਨੀਤੀ ਅਪਣਾਉਣ ਦੀ ਲੋੜ ਹੈ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਆਪਣੇ ਵਤਨ ਵਿੱਚ ਰੋਕਣ ਦਾ ਇੱਕੋ-ਇੱਕ ਕਾਰਗਰ ਤਰੀਕਾ ਇਹ ਹੈ ਕਿ ਉਨ੍ਹਾਂ ਨੂੰ ਪੰਜਾਬ ਦੀ ਧਰਤੀ 'ਤੇ ਹੀ ਸੁਰੱਖਿਆ, ਸਨਮਾਨ ਅਤੇ ਚੰਗੀ ਕਮਾਈ ਦੇ ਮੌਕੇ ਦਿੱਤੇ ਜਾਣ। ਸਰਕਾਰ ਨੂੰ ਖੇਤੀ-ਅਧਾਰਿਤ ਪ੍ਰੋਸੈਸਿੰਗ ਉਦਯੋਗਾਂ, ਛੋਟੇ ਅਤੇ ਦਰਮਿਆਨੇ ਕਾਰੋਬਾਰਾਂ, ਨਵੇਂ ਸਟਾਰਟ-ਅੱਪਸ ਅਤੇ ਤਕਨੀਕੀ ਅਦਾਰਿਆਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਪੰਜਾਬ ਵਿੱਚ ਨਿਵੇਸ਼ ਦਾ ਮਾਹੌਲ ਸਿਰਜਣਾ ਚਾਹੀਦਾ ਹੈ। ਜੇਕਰ ਨੌਜਵਾਨ ਨੂੰ ਆਪਣੇ ਘਰ ਦੇ ਨੇੜੇ ਵਧੀਆ ਭਵਿੱਖ ਨਜ਼ਰ ਆਵੇਗਾ, ਤਾਂ ਉਹ ਆਪਣੀ ਧਰਤੀ ਛੱਡਣ ਲਈ ਮਜਬੂਰ ਨਹੀਂ ਹੋਵੇਗਾ।

**ਪਰਿਵਾਰ ਪੱਖੀ ਸਮਾਜਿਕ ਅਤੇ ਆਰਥਿਕ ਨੀਤੀਆਂ**:ਜੇਕਰ ਸਮਾਜ ਵਿੱਚ ਜਨਮ ਦਰ ਨੂੰ ਸੰਤੁਲਿਤ ਕਰਨਾ ਹੈ ਤਾਂ ਸਰਕਾਰ ਅਤੇ ਸਮਰੱਥ ਧਾਰਮਿਕ-ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਪਰਿਵਾਰਾਂ ਦੀ ਆਰਥਿਕ ਪਿੱਠ ਥਾਪਣੀ ਪਵੇਗੀ। ਦੂਜੇ ਅਤੇ ਤੀਜੇ ਬੱਚੇ ਦੀ ਉੱਚ ਵਿੱਦਿਆ, ਮੈਡੀਕਲ ਬੀਮਾ ਅਤੇ ਸਕੂਲੀ ਖ਼ਰਚਿਆਂ ਵਿੱਚ ਸਬਸਿਡੀਆਂ ਜਾਂ ਵਜ਼ੀਫ਼ਿਆਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਯੂਰਪੀ ਦੇਸ਼ਾਂ ਦੀ ਤਰਜ਼ 'ਤੇ ਬਾਲ-ਸੰਭਾਲ ਭੱਤੇ ਅਤੇ ਪਰਿਵਾਰਕ ਸੁਰੱਖਿਆ ਨੀਤੀਆਂ ਬਣਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ।

(ਬਾਕੀ ਸਫ਼ਾ 26 'ਤੇ)

## ਕੀ ਮੁਨਿਆਦ ਤੇਰੀ, ਵੇ ਪਾਣੀ ਦਿਆ ਬੁਲਬਲਿਆ.......

# ਅਨਮੋਲ ਵਿਰਾਸਤ ਦੀ ਅਣਦੇਖੀ


## 140 ਸਾਲ ਪੁਰਾਣੀ ਨਹਿਰੀ ਕੋਠੀ 'ਚ ਕਦੇ ਗੂੰਜਦੇ ਸਨ ਬਾਬੂ ਰਜਬ ਅਲੀ ਦੇ ਗੀਤ

## ਡੇਢ ਸਦੀ ਪੁਰਾਣੀ ਨਹਿਰੀ ਕੋਠੀ ਦੇ ਖੰਡਰ ਬਣਨ ਨਾਲ ਮਿਟ ਰਹੀਆਂ ਨੇ ਇਤਿਹਾਸ ਦੀਆਂ ਪੈੜਾਂ



ਮਲੋਟ/ਏ.ਟੀ.ਨਿਊਜ਼: ਪਿੰਡ ਢਿੱਪਾਂਵਾਲੀ ਦੀ ਕਰੀਬ 140 ਸਾਲ ਪੁਰਾਣੀ ਨਹਿਰੀ ਕੋਠੀ ਅੱਜ ਆਪਣੇ ਸੁਨਹਿਰੀ ਅਤੀਤ ਦੀਆਂ ਯਾਦਾਂ ਸਾਂਭੀ ਖੰਡਰ ਬਣ ਚੁੱਕੀ ਹੈ। ਕਦੇ ਇਹ ਕੋਠੀ 'ਨਹਿਰੀ ਆਰਾਮ ਘਰ' ਵਜੋਂ ਜਾਣੀ ਜਾਂਦੀ ਸੀ ਅਤੇ ਇੱਥੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਚਹਿਲ-ਪਹਿਲ ਰਹਿੰਦੀ ਸੀ। ਇਸ ਵਿਰਾਸਤੀ ਇਮਾਰਤ ਦਾ ਸਬੰਧ ਉੱਘੇ ਕਵੀ ਬਾਬੂ ਰਜਬ ਅਲੀ ਨਾਲ ਵੀ ਹੈ। 1938 ਵਿੱਚ ਉਹ ਬਤੌਰ ਜੇਈ ਇੱਥੇ ਤਾਇਨਾਤ ਹੋਏ ਅਤੇ ਕਰੀਬ ਤਿੰਨ ਸਾਲ ਇਸ ਕੋਠੀ ਵਿੱਚ ਰਹੇ।





ਉਸ ਦੌਰ ਵਿੱਚ ਨਹਿਰਾਂ, ਕੱਸੀਆਂ ਅਤੇ ਸੂਏ ਕੱਚੇ ਹੁੰਦੇ ਸਨ ਅਤੇ ਪਾਣੀ ਦੇ ਤੇਜ਼ ਵਹਾਅ ਕਾਰਨ ਅਕਸਰ ਟੁੱਟ ਜਾਂਦੇ ਸਨ। ਨਹਿਰਾਂ ਦੀ ਦੇਖ-ਰੇਖ ਲਈ ਅੰਗਰੇਜ਼ ਸਰਕਾਰ ਨੇ ਨਹਿਰਾਂ ਦੇ ਨੇੜੇ ਨਹਿਰੀ ਆਰਾਮ ਘਰ ਬਣਾਏ ਸਨ। ਇਨ੍ਹਾਂ ਵਿੱਚ ਓਵਰਸੀਅਰ, ਮੇਟ, ਬੇਲਦਾਰ ਅਤੇ ਤਾਰ ਬਾਬੂ ਸਮੇਤ ਹੋਰ ਮੁਲਾਜ਼ਮਾਂ ਲਈ ਕੁਆਰਟਰ ਵੀ ਹੁੰਦੇ ਸਨ। ਨਹਿਰੀ ਬਾਬੂ ਘੋੜੀ 'ਤੇ ਸਵਾਰ ਹੋ ਕੇ ਨਹਿਰਾਂ, ਰਜਬਾਹਿਆਂ ਅਤੇ ਕੱਸੀਆਂ ਦੀ ਗਸ਼ਤ ਕਰਦਾ ਸੀ।

ਕਿਤੇ ਨਹਿਰ ਜਾਂ ਕੱਸੀ ਟੁੱਟਣ ਦਾ ਖ਼ਤਰਾ ਹੋਣ 'ਤੇ ਬਾਬੂ ਮੁਲਾਜ਼ਮਾਂ ਨੂੰ ਮੌਕੇ 'ਤੇ ਭੇਜ ਕੇ ਨੁਕਸਾਨ ਰੋਕਣ ਦੀ ਕੋਸ਼ਿਸ਼ ਕਰਦਾ। ਜੇ ਨਹਿਰ ਟੁੱਟ ਜਾਂਦੀ ਤਾਂ ਤਾਰ ਬਾਬੂ ਰਾਹੀਂ ਹੈੱਡਕੁਆਰਟਰ ਨੂੰ ਸੂਚਿਤ ਕੀਤਾ ਜਾਂਦਾ ਅਤੇ ਪਾਣੀ ਦਾ ਵਹਾਅ ਘਟਾ ਕੇ ਨਹਿਰ ਦੀ ਮੁਰੰਮਤ ਕਰਵਾਈ ਜਾਂਦੀ। ਢਿੱਪਾਂਵਾਲੀ ਦੀ ਨਹਿਰੀ ਕੋਠੀ ਵੀ ਉਸ ਸਮੇਂ ਨਹਿਰੀ ਪ੍ਰਬੰਧ ਦਾ ਅਹਿਮ ਕੇਂਦਰ ਸੀ। ਇਸ ਦੇ ਆਲੇ-ਦੁਆਲੇ ਨਿੰਮ, ਪਿੱਪਲ, ਟਾਹਲੀ ਅਤੇ ਬੋਹੜ ਵਰਗੇ ਵੱਡੇ ਦਰੱਖਤ ਸਨ, ਜਿੱਥੇ ਲੋਕ ਛਾਂ ਹੇਠ ਬੈਠਦੇ ਸਨ।

**ਕਵਿਤਾਵਾਂ ਸੁਣਨ ਦੂਰੋਂ ਆਉਂਦੇ ਸਨ ਲੋਕ**

ਬਾਬੂ ਰਜਬ ਅਲੀ ਦੇ ਇੱਥੇ ਰਹਿਣ ਦੌਰਾਨ ਨਹਿਰੀ ਕੋਠੀ ਸਾਹਿਤਕ ਮਿਲਣੀਆਂ ਦਾ ਕੇਂਦਰ ਵੀ ਬਣ ਗਈ। ਉਹ ਕਵਿਤਾਵਾਂ, ਛੰਦ, ਬੈਂਤ ਅਤੇ ਗੀਤ ਲਿਖਣ ਤੇ ਗਾਉਣ ਵਿੱਚ ਮਾਹਿਰ ਸਨ। ਪਿੰਡਾਂ ਦੇ ਲੋਕ ਉਨ੍ਹਾਂ ਦੀਆਂ ਰਚਨਾਵਾਂ ਸੁਣਨ ਲਈ ਇੱਥੇ ਆਉਂਦੇ ਸਨ। ਬਾਬੂ ਜੀ ਕੁਰਸੀ 'ਤੇ ਬੈਠ ਕੇ ਆਪਣੀਆਂ ਰਚਨਾਵਾਂ ਸੁਣਾਉਂਦੇ ਅਤੇ ਸੰਗਤ ਹੇਠਾਂ ਗੱਟੇ ਵਿਛਾ ਕੇ ਬੈਠਦੀ। ਲੋਕ ਉਨ੍ਹਾਂ ਲਈ ਦੁੱਧ, ਲੱਸੀ, ਖੀਰ, ਘਿਓ, ਸੇਵੀਆਂ ਅਤੇ ਹਲਵਾ ਲੈ ਕੇ ਆਉਂਦੇ ਸਨ।

ਬਾਅਦ ਵਿੱਚ ਬਾਬੂ ਰਜਬ ਅਲੀ ਦਾ ਰੁਝਾਨ ਸ਼ਹੀਦ ਭਗਤ ਸਿੰਘ, ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਵਿਚਾਰਾਂ ਵੱਲ ਹੋ ਗਿਆ। ਉਨ੍ਹਾਂ ਨੇ ਸ਼ਹੀਦਾਂ ਬਾਰੇ ਸਾਹਿਤ ਲਿਖਣਾ ਸ਼ੁਰੂ ਕਰ ਦਿੱਤਾ। ਅੰਗਰੇਜ਼ ਸਰਕਾਰ ਨੂੰ ਇਸ ਦੀ ਸ਼ਿਕਾਇਤ ਹੋਈ ਤਾਂ ਮਹਿਕਮੇ ਦਾ ਅੰਗਰੇਜ਼ ਅਧਿਕਾਰੀ ਦੁਭਾਸ਼ੀਏ ਸਮੇਤ ਨਹਿਰੀ ਆਰਾਮ ਘਰ ਪਹੁੰਚਿਆ। ਦੱਸਿਆ ਜਾਂਦਾ ਹੈ ਕਿ ਉਸ ਸਮੇਂ ਬਾਬੂ ਰਜਬ ਅਲੀ ਦੀ ਤਰੱਕੀ ਹੋ ਕੇ ਐੱਸ.ਡੀ.ਓ. ਬਣਨ ਦੀ ਸੰਭਾਵਨਾ ਸੀ, ਪਰ ਉਨ੍ਹਾਂ ਦੀ ਤਰੱਕੀ ਰੋਕ ਦਿੱਤੀ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਨੌਕਰੀ ਛੱਡ ਕੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਦਾ ਰਾਹ ਚੁਣਿਆ।

**ਵਿਰਾਸਤ ਸੰਭਾਲਣ ਦੀ ਮੰਗ**

ਸਮੇਂ ਦੇ ਬਦਲਣ ਨਾਲ ਪੱਕੀਆਂ ਸੜਕਾਂ ਬਣ ਗਈਆਂ, ਆਵਾਜਾਈ ਦੇ ਸਾਧਨ ਵਧੇ ਅਤੇ ਨਹਿਰਾਂ ਤੇ ਸੂਏ ਵੀ ਪੱਕੇ ਹੋ ਗਏ। ਨਹਿਰੀ ਕੋਠੀਆਂ ਦੀ ਪੁਰਾਣੀ ਅਹਿਮੀਅਤ ਖ਼ਤਮ ਹੁੰਦੀ ਗਈ। ਅੱਜ ਢਿੱਪਾਂਵਾਲੀ ਦੀ ਇਹ ਕੋਠੀ ਖੰਡਰ ਬਣ ਚੁੱਕੀ ਹੈ। ਪਿੰਡ ਵਾਸੀਆਂ ਦੀ ਮੰਗ ਹੈ ਕਿ ਇਸ ਵਿਰਾਸਤੀ ਇਮਾਰਤ ਨੂੰ ਸੰਭਾਲ ਕੇ ਇੱਥੇ ਪਾਰਕ ਵਿਕਸਤ ਕੀਤਾ ਜਾਵੇ, ਤਾਂ ਜੋ ਲੋਕ ਬਾਬੂ ਰਜਬ ਅਲੀ ਅਤੇ ਨਹਿਰੀ ਪ੍ਰਬੰਧ ਨਾਲ ਜੁੜੇ ਇਸ ਇਤਿਹਾਸ ਤੋਂ ਜਾਣੂ ਹੋ ਸਕਣ। ਪੰਨੀਵਾਲਾ ਫੱਤਾ ਦੇ ਸਰਪੰਚ ਦਿਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਬਾਬੂ ਰਜਬ ਅਲੀ ਦੇ ਚੇਲੇ ਸਨ। ਉਹ ਅਕਸਰ ਨਹਿਰੀ ਆਰਾਮ ਘਰ ਜਾਂਦੇ ਅਤੇ ਬਾਬੂ ਜੀ ਦੀਆਂ ਕਵਿਤਾਵਾਂ ਸੁਣਦੇ ਸਨ। ਗੁਰਬਿੰਦਰ ਸਿੰਘ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਸਵਰਗੀ ਕਾਸ਼ੀ ਰਾਮ ਵੀ ਬਾਬੂ ਰਜਬ ਅਲੀ ਦੇ ਬਹੁਤ ਭਗਤ ਸਨ ਅਤੇ ਉਨ੍ਹਾਂ ਲਈ ਦੁੱਧ, ਖੀਰ ਤੇ ਲੱਸੀ ਲੈ ਕੇ ਜਾਂਦੇ ਸਨ।

### ਬਚੀਆਂ ਨਹਿਰੀ ਕੋਠੀਆਂ ਸੰਭਾਲਾਂਗੇ: ਖੁੱਡੀਆਂ

ਕੈਬਨਿਟ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਕਈ ਨਹਿਰੀ ਆਰਾਮ ਘਰ ਵੇਚ ਦਿੱਤੇ ਗਏ। ਉਨ੍ਹਾਂ ਕਿਹਾ ਕਿ ਜੋ ਨਹਿਰੀ ਕੋਠੀਆਂ ਬਚੀਆਂ ਹਨ, ਉਨ੍ਹਾਂ ਦੀ ਸੰਭਾਲ ਕੀਤੀ ਜਾਵੇਗੀ ਅਤੇ ਸਰਕਾਰ ਵਿਰਾਸਤੀ ਚੀਜ਼ਾਂ ਨੂੰ ਸਾਂਭਣ ਲਈ ਕੰਮ ਕਰ ਰਹੀ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਾਰਾਗੜ੍ਹੀ ਦੀ ਜੰਗ - ਸਿੱਖ ਬਹਾਦਰੀ ਦੀ ਰਣਨੀਤਕ ਜਿੱਤ



ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਸਿੱਖ ਸੰਘ ਸਥਾਪਤ ਕਰਨ ਤੇ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ। ਬਰਤਾਨਵੀ ਬਸਤੀਵਾਦ ਹਾਕਮਾਂ ਨੇ ਉਹਨਾਂ ਹੀ ਕਿਲ੍ਹਿਆਂ ਦਾ ਵਿਸਥਾਰ ਕੀਤਾ। ਜਿਥੋਂ ਉਹਨਾਂ ਨੇ ਉੱਤਰੀ ਪੱਛਮੀ ਸਰਹੱਦੀ ਸੂਬਾ ਪਾਕਿਸਤਾਨ ਦਾ ਕੰਟਰੋਲ ਕੀਤਾ ਕਿਉਂਕਿ ਪਠਾਣ ਤੇ ਕਬਾਇਲੀਆਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਨਾ ਕੀਤੀ। ਉਹਨਾਂ 1896 ਵਿੱਚ ਬਗਾਵਤ ਕਰ ਦਿੱਤੀ। ਇਹ ਸੂਬਾ ਵਪਾਰਕ ਤੌਰ ’ਤੇ ਅੰਗਰੇਜ਼ਾਂ ਲਈ ਬੜਾ ਮਹੱਤਵ ਰੱਖਦਾ ਸੀ। ਲੜਾਕੂ ਪਠਾਣ ਅਕਸਰ ਹੀ ਵਪਾਰੀਆਂ ਅਤੇ ਫ਼ੌਜੀ ਟੁਕੜੀਆਂ ਦਾ ਸਮਾਨ ਲੁੱਟ ਲੈਂਦੇ ਸਨ। ਕਬਾਇਲੀਆਂ ਦੀਆਂ ਮਾਰੂ ਝੜਪਾਂ ਅਤੇ ਉਹਨਾਂ ਦੀ ਵੱਡੀ ਫ਼ੌਜ ਵਿਰੁੱਧ ਆਪਣੀ ਫ਼ੌਜ ਨੂੰ ਸੁਰਖਿਆ ਪ੍ਰਦਾਨ ਕਰਨ ਲਈ ਕਿਲ੍ਹਿਆਂ ਦੇ ਵਿਸਥਾਰ ਵੱਲ ਧਿਆਨ ਦਿੱਤਾ। ਇਸ ਖੇਤਰ ਵਿੱਚ ਫ਼ੌਜੀ ਅਭਿਆਸ ਹੁਨਰ ਸਿਖਲਾਈ ਕੇਂਦਰ ਵੀ ਸਥਾਪਤ ਕੀਤਾ। ਫਿਰ ਵੀ ਕਬਾਇਲੀਆਂ ਦੀਆਂ ਗੰਭੀਰ ਝੜਪਾਂ ਤੇ ਨਿਯੰਤਰਣ ਪਾਉਣ ਲਈ ਬਰਤਾਨਵੀ ਬਹੁਤੇ ਸਫਲ ਨਹੀਂ ਹੋਏ।

ਹਿੰਦੂਕੁਸ਼ ਅਤੇ ਸੁਲੇਮਾਨ ਪਹਾੜੀਆਂ ਵਿੱਚ ਸਮਾਸਾਂ ਚੋਟੀ ’ਤੇ ਦੋ ਕਿਲ੍ਹੇ ਲਾਕਹਾਰਟ ਅਤੇ ਗੁਲਿਸਤਾਨ ਕੁਝ ਦੂਰੀ ਤੇ ਸਥਿਤੀ ਸਨ। ਜੋ ਭੂਗੋਲਿਕ ਸਥਿਤੀ ਕਰਕੇ ਇੱਕ ਦੂਸਰੇ ਤੋਂ ਅਦ੍ਰਿਸ਼ ਸਨ। ਦੋਹਾਂ ਵਿੱਚ ਆਪਸੀ ਤਾਲ ਮੇਲ ਬਣਾਈ ਰੱਖਣ ਲਈ ਪ੍ਰਕਾਸ਼ ਸੰਕੇਤ ਸੰਚਾਰ ਯੰਤਰ ਨਾਲ ਇੱਕ ਸਾਰਾਗੜ੍ਹੀ ਚੌਂਕੀ ਕਿਲ੍ਹਿਆਂ ਵਿੱਚ ਸਥਾਪਤ ਕੀਤੀ ਗਈ। ਅਗਸਤ 27 ਅਤੇ ਸਤੰਬਰ 11,1896 ਨੂੰ ਪਸ਼ਤੂਨ ਦੁਆਰਾ ਕਿਲੇ ਤੇ ਕਬਜ਼ਾ ਕਰਨ ਦੀ ਵੱਡੀ ਕੋਸ਼ਿਸ਼ ਨੂੰ 36ਵੀਂ ਸਿੱਖ ਸੈਨਾ ਟੁਕੜੀ ਨੇ ਨਾਕਾਮ ਕਰ ਦਿੱਤਾ। ਸੰਨ 1897 ਵਿੱਚ ਬ੍ਰਿਟਿਸ਼ ਖ਼ਿਲਾਫ਼ ਉੱਤਰ ਪੱਛਮੀ ਸਰਹੱਦੀ ਸੂਬੇ ਵਿੱਚ ਸਮੂਹਕ ਅਫ਼ਗਾਨ ਵਿਦਰੋਹ ਹੋਇਆ, ਜਿਸ ਵਿੱਚ ਮੁਲ੍ਹਿਆਂ ਨੇ ਧਾਰਮਿਕ ਰੰਗਤ ਦੇ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦਾ ਲਾਕਹਾਰਟ ਅਤੇ ਗੁਲਿਸਤਾਨ ਕਿਲ੍ਹਿਆਂ ਤੇ ਕਬਜ਼ਾ ਸੀ। 3 ਸਤੰਬਰ 1897 ਨੂੰ ਉਰ ਕਜਾਈ ਅਤੇ ਅਫ਼ਰੀਦੀ ਫ਼ੌਜਾਂ ਨੇ ਗੁਲਿਸਤਾਨ ਕਿਲੇ ਤੇ ਹਮਲਾ ਕਰ ਦਿੱਤਾ। ਲਾਕਹਾਰਟ ਕਿਲੇ ਤੋਂ ਰਾਹਤ ਫ਼ੌਜੀ ਸਹਾਇਤਾ ਭੇਜੀ ਗਈ ਤਾਂ ਦੁਸ਼ਮਣ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ।

ਕਿਲਾ ਲਾਕਹਾਰਟ ਦੀ ਰਾਹਤ ਸੈਨਾ ਟੁਕੜੀ ਨੇ ਪਰਤਦਿਆਂ ਸਾਰਾਗੜੀ ਵਿਖੇ ਤੈਨਾਤ ਟੁਕੜੀ ਨੂੰ ਹੋਰ ਮਜ਼ਬੂਤ ਕਰਨ ਲਈ ਤਿੰਨ ਅਧਿਕਾਰੀ ਅਤੇ 18 ਹੋਰ ਸੈਨਿਕ ਤਾਇਨਾਤ ਕੀਤੇ, ਜਿਨ੍ਹਾਂ ਦਾ ਮੁਖੀ ਹੌਲਦਾਰ ਈਸ਼ਰ ਸਿੰਘ ਸੀ।

12 ਸਤੰਬਰ 1897 ਦੇ ਚੜ੍ਹਦੇ ਦਿਨ 9.00 ਵਜੇ ਆਦਿਵਾਸੀ ਅਫ਼ਗਾਨਾਂ ਨੇ ਕਿਲਾ ਲਾਕਹਾਰਟ ਅਤੇ ਸਾਰਾਗੜ੍ਹੀ ਦੀ ਘੇਰਾ ਬੰਦੀ ਕਰ ਲਈ ਕਿ ਬਾਹਰੋਂ ਕੋਈ ਰਾਹਤ ਫ਼ੌਜੀ ਸਹਾਇਤਾ ਨਾ ਭੇਜੀ ਜਾ ਸਕੇ। ਇਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦੇ ਮੁਖੀ ਲੈਫਟੀਨੈਂਟ ਕਰਨਲ ਹਿਊਗਟਰ ਕਿਲਾ ਲਾਕਹਾਰਟ ਤੋਂ ਸੰਦੇਸ ਰਾਹੀਂ ਸਾਰਾਗੜ੍ਹੀ ਦੇ ਸੰਪਰਕ ਵਿੱਚ ਸੀ। ਸਿਪਾਹੀ ਗੁਰਮੁਖ ਸਿੰਘ ਨੇ ਸੰਦੇਸ਼ ਭੇਜਿਆ ਕਿ ਸਾਰਾ ਗੜੀ ਤੇ ਹਮਲਾ ਹੋ ਗਿਆ ਹੈ। ਹਿਊਗਾਟਨ ਨੇ ਸੰਦੇਸ਼ ਦਿੱਤਾ ਕਿ ਜੰਗ ਦਾ ਮੋਰਚਾ ਸੰਭਾਲ ਲਓ। ਸਾਰਾਗੜੀ ਚੌਂਕੀ ਦੇ ਮੁੱਖੀ ਹੌਲਦਾਰ ਈਸ਼ਰ ਸਿੰਘ ਨੇ ਆਪਣੇ 20 ਸੈਨਿਕਾਂ ਨੂੰ ਵੰਗਾਰਿਆ ਕਿ ਅਸੀਂ ਲੜਾਂਗੇ। ਉਹਨਾਂ ਪ੍ਰਣ ਕੀਤਾ ਕਿ ਦੁਸ਼ਮਣ ਨੂੰ ਕਿਲ੍ਹਿਆਂ ਤੱਕ ਪਹੁੰਚਣ ਤੋਂ ਰੋਕਣ ਲਈ ਆਖਰੀ ਦਮ ਤਕ ਲੜਾਂਗੇ। ਅ ਾਖਰੀ ਗੋਲੀ ਆਖਰੀ ਜਵਾਨ ਤਕ। ਅਸੀਂ ਜਾਣਦੇ ਹਾਂ ਕਿ ਇਹ ਸਾਰੇ ਕੱਚੀਆਂ ਇੱਟਾਂ ਤੇ ਲੱਕੜ ਦਾ ਦਰਵਾਜ਼ਾ ਵਾਲੀ ਚੌਂਕੀ ਅਤੇ ਅਸੀਂ ਮੁੱਠੀ ਭਰ ਹਜ਼ਾਰਾਂ ਕਬਾਇਲੀਆਂ ਦਾ ਟਾਕਰਾ ਤਾਂ ਨਈਂ ਕਰ ਸਕਦੇ ਅਸੀਂ ਦੁਸ਼ਮਣ ਨੂੰ ਪੂਰੀ ਟੱਕਰ ਦੇਵਾਂਗੇ, ਪੈਰ ਪਿੱਛੇ ਨਹੀਂ ਹਟਾਵਾਂ ਗੇ। ਸਿੱਖੀ ਜੰਗੀ ਰਵਾਇਤ ਨੂੰ ਕਾਇਮ ਰਖਦਿਆਂ ਜੂਝ ਮਰਾਂਗੇ। ਰਣਨੀਤਕ ਜੰਗ ਲੜਾਂਗੇ। ਸੰਕੇਤ ਤੋਂ ਹਿਊਗਟਨ ਨੇ ਵੇਖਿਆ ਕਿ ਦੁਸ਼ਮਣ 10000-14000 ਦੀ ਗਿਣਤੀ ਵਿੱਚ ਹੈ।

ਦੁਪਹਿਰ 12.00 ਵਜੇ ਸਾਰਾਗੜ੍ਹੀ ਤੋਂ ਸੰਕੇਤ ਮਿਲਿਆ ਕਿ ਸਿਪਾਹੀ ਭਗਵਾਨ ਸਿੰਘ ਸ਼ਹੀਦ ਹੋ ਗਿਆ ਤੇ ਨਾਇਕ ਲਾਲ ਸਿੰਘ ਗੰਭੀਰ ਜ਼ਖਮੀ ਹੈ। ਤਿੰਨ ਰਾਇਫ਼ਲਾਂ ਵੀ ਦੁਸ਼ਮਣ ਦੀਆਂ ਗੋਲੀਆਂ ਨਾਲ ਟੁੱਟ ਗਈਆਂ ਹਨ। ਸਿਪਾਹੀ ਭਗਵਾਨ ਸਿੰਘ ਦੀ ਪਹਿਲੀ ਸ਼ਹੀਦੀ ਤੋਂ ਸਾਰਾਗੜ੍ਹੀ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਸਿੱਖਾਂ ਨੇ ਦੁਸ਼ਮਣ ਦੇ ਹਰ ਹਮਲੇ ਦਾ ਜੁਆਬ ਦਿੰਦਿਆਂ ਉਹਨਾਂ ਨੂੰ ਪਛਾੜਿਆ। ਹੁਣ ਸਿਪਾਹੀ ਬੂਟਾ ਸਿੰਘ ਤੇ ਸਿਪਾਹੀ ਸੁੰਦਰ ਸਿੰਘ ਸ਼ਹੀਦੀ ਪਾ ਗਏ। ਇਸ ਸਮੇਂ ਕਿਲਾ ਲਾਕਹਾਰਟ ਤੋਂ ਸਹਾਇਤਾ ਭੇਜਣ ਦੀ ਸੋਚੀ ਪਰ ਦੁਸ਼ਮਣ ਦੀ ਘੇਰਾ ਬੰਦੀ ਨੇ ਸੰਪਰਕ ਤੋੜ ਦਿੱਤੇ ਸਨ।

ਕਬਾਇਲੀਆਂ ਦੇ ਆਗੂ ਭਰਮਾਉਣ ਲੱਗੇ ਕਿ ਸਾਡੀ ਦੁਸ਼ਮਣੀ ਬ੍ਰਿਟਿਸ਼ ਨਾਲ ਹੈ, ਤੁਸੀਂ ਆਤਮ ਸਮਰਪਣ ਕਰ ਦਿਓ, ਤੁਹਾਨੂੰ ਸੁਰਖਿਅਤ ਜਾਣ ਦਿੱਤਾ ਜਾਵੇਗਾ ਅਤੇ ਤੋਹਫ਼ਿਆਂ ਨਾਲ ਨਿਵਾਜਿਆ ਜਾਵੇਗਾ। ਸਿੱਖ ਫ਼ੌਜ ਨੇ ਉਹਨਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ।

ਦੁਸ਼ਮਣ ਨੇ ਚੌਂਕੀ ਦੇ ਮੁੱਖ ਦਰਵਾਜੇ ਨੂੰ ਤੋੜਨ ਦੀਆਂ ਦੋ ਨਾਕਾਮ ਕੋਸ਼ਿਸ਼ਾਂ ਕੀਤੀਆਂ। ਦੁਸ਼ਮਣ ਦਾ ਜਾਨੀ ਨੁਕਸਾਨ ਹੋਣ ਲੱਗਿਆ। ਦੁਸ਼ਮਣ ਦਾ ਰੋਹ ਵਧਦਾ ਗਿਆ, ਉਹ ਹਰ ਹੀਲੇ ਚੌਂਕੀ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਸਿੱਖ ਫ਼ੌਜ ਦੀ ਗਿਣਤੀ ਘਟਣ ਲੱਗੀ। ਅਸਲਾ ਵੀ ਮੁੱਕਣ ਤੇ ਆਣ ਲੱਗਾ। ਸਿਪਾਹੀ ਗੁਰਮੁਖ ਸਿੰਘ ਸਿੱਖਾਂ ਦੀ ਬਹਾਦਰੀ ਦੇ ਦ੍ਰਿਸ਼ ਆਪਣੀ ਜਾਨ ਤੇ ਖੇਡਦਿਆਂ ਨਾਲੋਂ ਨਾਲ ਭੇਜ ਰਿਹਾ ਸੀ। ਅ ਸਫਲ ਜੰਗ ਲੰਬੀ ਹੁੰਦੀ ਜਾਂਦੀ ਵੇਖ ਕੇ ਰੋਹ ਵਿੱਚ ਆ ਕੇ ਘਾਹ ਫੂਸ ਨੂੰ ਅੱਗ ਲਗਾ ਦਿਤੀ। ਧੂੰਏਂ ਦੀ ਆੜ ਵਿੱਚ ਅਤੇ ਇੱਕ ਅੰਨੇ ਮੋੜ ਤੋਂ ਜਿਥੋਂ ਗੋਲੀ ਅਸਰ ਨਹੀਂ ਕਰ ਸਕਦੀ ਸੀ, ਦੁਸ਼ਮਣ ਉਸ ਸਰਹੱਦ ਦੀ ਦਿਵਾਰ ਨੂੰ ਤੋੜਨ ਵਿੱਚ ਸਫਲ ਹੋ ਗਏ। ਹੁਣ ਜੰਗ ਆਹਮੋ ਸਾਹਮਣੇ ਹੱਥੋਂ ਹੱਥੀ ਤੇ ਆਣ ਪਹੁੰਚੀ।

ਸਿੱਖ ਫ਼ੌਜੀ ਲਾਲ ਸਿੰਘ ਜੋ ਸ਼ੁਰੂ ਵਿੱਚ ਗੰਭੀਰ ਜ਼ਖਮੀ ਹੋ ਗਿਆ ਸੀ। ਗਾਰਦ ਸੁਰਖਿਆ ਕਮਰੇ ਵਿੱਚ ਤੈਨਾਤ ਸੀ। ਜਦ ਦੁਸ਼ਮਣ ਉਸ ਵੱਲ ਵਧੇ ਉਸ ਨੇ ਚਾਰ ਦੁਸ਼ਮਣਾਂ ਨੂੰ ਮਾਰ ਮੁਕਾਇਆ। ਸਿਪਾਹੀ ਗੁਰਮੁਖ ਸਿੰਘ ਕਿਲਾ ਲਾਕਹਾਰਟ ਤੇ ਬਹਾਦਰੀ ਦੇ ਦ੍ਰਿਸ਼ ਭੇਜਦਾ ਰਿਹਾ। ਜਿਥੇ ਮੁੱਖੀ ਹਿਊਗਟਨ ਅਤੇ ਸਿੱਖ ਫ਼ੌਜੀ ਸਾਥੀਆਂ ਨੇ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰੀ ਦੇ ਦ੍ਰਿਸ਼ ਵੇਖੇ ਸਨ। ਜਦ ਉਥੇ ਸਿਪਾਹੀ ਗੁਰਮੁਖ ਸਿੰਘ ਦੀਆਂ ਅੱਖਾਂ ਸਾਹਮਣੇ ਉਸ ਦੇ ਸਾਰੇ ਸਾਥੀ ਮਰਦੇ ਜਾ ਰਹੇ ਸਨ, ਅਸਲਾ ਵੀ ਖ਼ਤਮ ਹੁੰਦਾ ਜਾ ਰਿਹਾ ਸੀ। ਹੌਲਦਾਰ ਈਸ਼ਰ ਸਿੰਘ ਵੀ ਇੱਕ ਪਠਾਣ ਦੇ ਛੁਰੇ ਦਾ ਵਾਰ ਹੁੰਦਿਆਂ ਸ਼ਹੀਦੀ ਪਾ ਗਏ ਸਨ। ਉਸ ਨੇ ਆਖਰੀ ਸੰਦੇਸ਼ਾਂ ਭੇਜਿਆ ਕਿ ਸਭ ਕੁਝ ਖਤਮ ਹੋ ਗਿਆ ਹੈ। ਮੈਨੂੰ ਸੰਦੇਸ਼ ਯੰਤਰ ਬੰਦ ਕਰਨ ਦੀ ਆਗਿਆ ਦਿੱਤੀ ਜਾਵੇ। ਉਸਨੇ ਯੰਤਰ ਨੂੰ ਬੜੇ ਸਲੀਕੇ ਨਾਲ ਸਾਂਭ ਦੇ ਪਾਸੇ ਰੱਖ ਦਿੱਤਾ ਤੇ ਰਾਇਫਲ ਚੁੱਕ ਕੇ ਉਸਨੇ ਦੁਸ਼ਮਣਾਂ ਨੂੰ ਵੰਗਾਰਿਆ। ਜਦ ਉਸਨੇ 20 ਦੁਸ਼ਮਣਾਂ ਨੂੰ ਮਾਰ ਮੁਕਾਇਆ ਤਾਂ ਦੁਸ਼ਮਣ ਨੇ ਚੌਂਕੀ ਨੂੰ ਅੱਗ ਲਾ ਦਿੱਤੀ। ਜਿਸ ਵਿੱਚ ਆਖਰੀ ਗੋਲੀ ਆਖਰੀ ਜਵਾਨ ਤਕ ਲਗਭਗ 7 ਘੰਟੇ ਤਕ ਜੰਗ ਲੜੀ। ਜਿਸ ਵਿੱਚ 36ਵੀਂ ਸਿੱਖ ਸੈਨਾ ਟੁਕੜੀ ਦੀ ਰਣਨੀਤਕ ਜਿੱਤ ਹੋਈ ਕਿ 21 ਸਿੱਖ ਸੈਨਿਕਾਂ ਨੇ ਹਜ਼ਾਰਾਂ ਦਾ ਮੁਕਾਬਲਾ ਕੀਤਾ ਤੇ ਸੈਂਕੜੇ ਦੁਸ਼ਮਣ ਮਾਰ ਮੁਕਾਏ। ਬਾਅਦ ਦੁਪਹਿਰ 3.40 ਚੌਂਕੀ ਢਹਿ ਢੇਰੀ ਹੋ ਚੁੱਕੀ ਸੀ।

ਅਗਲੀ ਸਵੇਰ ਰਾਹਤ ਸੈਨਾ ਟੁੱਕੜੀ ਸਾਰਾਗੜੀ ਚੌਂਕੀ ’ਤੇ ਪਹੁੰਚੀ। ਖ ਤਮ ਹੋਈ ਕਹਾਣੀ ਦੇ ਅੰਸ਼ ਦੇਖਣ ਨੂੰ ਮਿਲੇ। ਦੁਸ਼ਮਣ ਨੇ ਕਬੂਲ ਕੀਤਾ ਕਿ 600-1400 ਮਾਰੇ ਗਏ ਹਨ। ਕਈ ਜ਼ਖਮੀ ਵੀ ਹੋਏ ਹਨ। ਅੱਗ ਲੱਗਣ ਕਰਕੇ ਭਾਵੇਂ ਸਹੀ ਅੰਦਾਜ਼ਾ ਨਹੀਂ ਲੱਗਿਆ। ਬ੍ਰਿਟਿਸ਼ ਦੀ ਇੱਕ ਹੋਰ ਸੈਨਾ ਟੁਕੜੀ ਨੇ 14 ਸਤੰਬਰ 1897 ਨੂੰ ਮੁੜ ਸਾਰਾਗੜੀ ਚੌਂਕੀ ਤੇ ਕਬਜ਼ਾ ਕਰ ਲਿਆ।

36 ਵੀਂ ਸਿੱਖ ਸੈਨਾ ਟੁਕੜੀ ਨਾਲ ਇੱਕ ਗੈਰ ਸੈਨਿਕ ਸਫਾਈ ਕਰਮਚਾਰੀ ਦਾਦ ਨਾਉਂ ਦਾ ਮੁਸਲਮਾਨ ਵੀ ਸੀ। ਉਸ ਦੀ ਉਮਰ 40 ਸਾਲ ਸੀ। ਉਹ ਕਿਸੇ ਸ਼ਹੀਦ ਹੋਏ ਸੈਨਿਕ ਦੀ ਰਾਇਫਲ ਲੈ ਕੇ ਲੜਿਆ ਤੇ ਸ਼ਹੀਦ ਹੋਇਆ। ਇਸ ਤਰਾਂ ਸਾਰਾਗੜ੍ਹੀ ਦੀ ਜੰਗ ਵਿੱਚ 22 ਸ਼ਹੀਦ ਹੋਏ ਸਨ।

ਸਿੱਖ ਬਹਾਦਰੀ ਦੀ ਇਹ ਜੰਗ ਜਦੋਂ ਬ੍ਰਿਟਿਸ਼ ਸੰਸਦ ਵਿੱਚ ਸੁਣੀ ਗਈ ਤਾਂ ਮੈਂਬਰਾਂ ਨੇ ਖੜੇ ਕੇ ਸ਼ਰਾਹਟਾ ਕੀਤੀ। ਇਹ ਮਿਸਾਲ ਮਹਾਰਾਣੀ ਵਿਕਟੋਰੀਆ ਸਾਹਮਣੇ ਰੱਖੀ ਗਈ ਤਾਂ ਸਾਰੇ 21 ਸਿੱਖ ਬਹਾਦਰਾਂ ਨੂੰ ਇੰਡੀਅਨ ਆਰਡਰ ਆਫ਼ ਮੈਰਿਟ ਮਰਨ ਉਪਰੰਤ ਦਿੱਤਾ ਗਿਆ। ਉਸ ਸਮੇਂ ਦਾ ਭਾਰਤੀ ਸੈਨਿਕਾਂ ਨੂੰ ਦਿੱਤੇ ਗਏ ਸਨਮਾਨ ਤੋਂ ਵੱਡਾ ਸੀ ਜੋ ਅਜੋਕੇ ਵੀਰ ਚੱਕਰ ਦੇ ਬਰਾਬਰ ਸੀ। ਸਾਰੇ ਸੈਨਿਕਾਂ ਦੇ ਵਾਰਸਾਂ ਨੂੰ 50 ਏਕੜ ਜ਼ਮੀਨ ਅਤੇ 500 ਰੁਪਏ ਦੀ ਰਾਸ਼ੀ ਵੀ ਦਿੱਤੀ ਗਈ। ਇਹ ਭਾਰਤੀ ਇਤਿਹਾਸ ਦੀ ਅਨੂਠੀ ਜੰਗ ਸੀ।

ਸਾਰਾਗੜ੍ਹੀ ਵਿਖੇ ਲੋਕਹਾਰਟ ਕਿਲੇ ਦੇ ਬਾਹਰ 21 ਬਹਾਦਰ ਫ਼ੌਜੀਆਂ ਦੀ ਤਖਤੀ ਲੱਗੀ ਹੈ। ਜਿਸ ’ਤੇ ਹੁਣ ਪੰਜਾਬੀ ਅਤੇ ਉਰਦੂ ਵਿੱਚ ਨਾਊਂ ਲਿਖੇ ਗਏ ਹਨ ਅਤੇ ਇਬਾਰਤ ਲਿਖੀ ਗਈ ਹੈ ਕਿ

ਭਾਰਤ ਸਰਕਾਰ ਨੇ ਬੰਗਾਲ ਪੈਦਲ ਫ਼ੌਜ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰ ਸੈਨਿਕਾਂ ਦਾ ਨਾਉਂ ਉੱਕਰੇ ਹਨ। ਜਿਨ੍ਹਾਂ ਨੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਹੈ, ਜੋ 12 ਸਤੰਬਰ, 1897 ਨੂੰ ਕਿਲੇ ਸਾਰਾਗੜ੍ਹੀ ਦੀ ਰਖਿਆ ਕਰਦੇ ਆਪਣਾ ਫਰਜ਼ ਨਿਭਾਉਂਦੇ ਸ਼ਹੀਦ ਹੋਏ ਹਨ। ਜਿੰਨਾਂ ਨੇ ਦੁਸ਼ਮਣ ਦੀ ਵੱਡੀ ਗਿਣਤੀ ਦਾ ਮੁਕਾਬਲਾ ਡਟ ਕੇ ਕੀਤਾ। ਇਸ ਤਰਾਂ ਉਹਨਾਂ ਨੇ ਭਾਰਤ ਦੀ ਰਾਣੀ ਅਤੇ ਪ ਭੂਸੱਤਾ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਸਮਰਪਣ ਸਾਬਤ ਕੀਤਾ ਹੈ। ਸਿੱਖੀ ਜੰਗੀ ਬਹਾਦਰੀ ਦੀਆਂ ਰਵਾਇਤਾਂ ਕਾਇਮ ਰਖਦੇ ਹੋਏ, ਪੈਰ ਪਿੱਛੇ ਨਹੀਂ ਹਟਾਇਆ। 11 ਫਰਵਰੀ 1898 ਲੰਡਨ ਗਜ਼ਟ ਦਾ ਰਿਕਾਰਡ ਦੱਸਦਾ ਹੈ ਕਿ ਪ੍ਰੀਸ਼ਦ ਦੇ ਗਵਰਨਰ ਜਨਰਲ ਨੇ ਵਿਸ਼ੇਸ਼ ਤੌਰ ’ਤੇ 36ਵੀਂ ਸਿੱਖ ਸੈਨਾ ਟੁਕੜੀ ਨੇ ਕਿਲੇ ਗੁਲਿਸਤਾਨ ਦੀ ਸ਼ਾਨਦਾਰ ਰਖਿਆ ਕਰਦਿਆਂ ਅਤੇ ਈਸ਼ਰ ਸਿੰਘ ਹੌਲਦਾਰ ਦੀ ਅਗਵਾਈ ਹੇਠ ਸਾਰੇ ਸੈਨਿਕਾਂ ਵੱਲੋਂ ਸਾਰਾ ਗੜੀ ਦੀ ਜੰਗ ਲਈ, ਪ੍ਰਸੰਸਾ ਵਿਅਕਤ ਕਰਦਾ ਹਾਂ। ਜੋ ਅੰਤਿਮ ਸਮੇਂ ਤਕ ਲੜਦੇ ਹੋਏ ਸ਼ਹੀਦ ਹੋਏ। ਇੱਕ ਬਹਾਦਰ ਵੀਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਸੈਨਾ ਦੀ ਬਹਾਦਰੀ ਦੇ ਸਾਰੇ ਰਿਕਾਰਡ ਪਾਰ ਕਰ ਦਿੱਤੇ ਹਨ।

ਕਮਾਂਡਰ ਇਨ ਚੀਫ਼ ਨੂੰ ਸਾਰਾਗੜ੍ਹੀ ਦਾ ਗਹਿਰ ਦੁੱਖ ਹੈ, ਜੋ 36ਵੀਂ ਸਿੱਖ ਸੈਨਾ ਟੁਕੜੀ ਦੇ 21 ਜਵਾਨਾਂ ਦਾ ਆਪਣੇ ਫਰਜ਼ ਲਈ ਬਹਾਦਰੀ ਨਾਲ ਸ਼ਹੀਦ ਹੋਣ ਦੀ ਪ੍ਰਸੰਸਾ ਕਰਦਾ ਹਾਂ। ਵੱਡੀ ਗਿਣਤੀ ਦੇ ਦੁਸ਼ਮਣ ਖ਼ਿਲਾਫ਼ ਲੜਦਿਆਂ ਸਿੱਖ ਜੰਗੀ ਬਹਾਦਰੀ ਰਵਾਇਤ ਨੂੰ ਕਾਇਮ ਰੱਖਿਆ ਹੈ। ਪ੍ਰਭੂਸੱਤਾ ਅਤੇ ਰਾਸ਼ਟਰੀ ਵਫ਼ਾਦਾਰੀ ਸਾਬਤ ਕੀਤੀ ਹੈ।

ਉਹਨਾਂ ਦੀ ਬਹਾਦਰੀ ਦੀ ਯਾਦ ਵਿੱਚ ਇਕ ਸਾਰਾਗੜ੍ਹੀ ਦੀ ਜੰਗ ਸਥਾਨ ਤੇ, ਦੂਸਰਾ ਸਾਰਾਗੜ੍ਹੀ ਯਾਦਗਾਰ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ, ਤੀਸਰਾ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਹੈ। ਇਹ ਜੰਗ ਪੂਰਬੀ ਫੌਜੀ ਸਭਿਅਤਾ, ਬ੍ਰਿਟਿਸ਼ ਸਤਮਰਾਜ , ਫ਼ੌਜੀ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਪ੍ਰਤੀਕ ਹੈ। ਹੁਣ ਸਿੱਖ ਸੈਨਾ ਟੁਕੜੀ ਵੱਲੋਂ 12 ਸਤੰਬਰ ਨੂੰ ਸਾਰਾਗੜੀ ਜੰਗ ਦੇ ਦਿਨ ਨੂੰ ਯਾਦ ਕਰਦਿਆਂ ਦਿਨ ਮਨਾਉਂਦੀ ਹੈ।

ਸਾਰਾਗੜ੍ਹੀ ਦੀ ਜੰਗ ਸੰਯੁਕਤ ਰਾਸ਼ਟਰ ਸੰਘ ਵੱਲੋਂ ਪ੍ਰਕਾਸ਼ਿਤ ਸਮੂਹਿਕ ਬਹਾਦਰੀ ਦੀਆਂ 8 ਕਹਾਣੀਆਂ ਵਿੱਚੋਂ ਇੱਕ ਹੈ। ਇਸ ਦਾ ਜ਼ਿਕਰ ਦੁਨੀਆਂ ਵਿੱਚ ਆਪਣੀ ਕਿਸ਼ਤ ਦੀਆਂ ਪੰਜ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿਚੋਂ ਇੱਕ ਵਜੋਂ ਕੀਤਾ ਗਿਆ ਹੈ, ਜਿਸ ਵਿੱਚ ਥਰਮੋਪਾਈਲੇ ਦੀ ਜੰਗ 480ਈ.ਪੂਰਵ ਵਿੱਚ ਜੇਰਕਸਸ ਦੀ ਸ਼ਕਤੀਸ਼ਾਲੀ ਫ਼ਾਰਸੀ ਫ਼ੌਜ ਦੇ ਵਿਰੁੱਧ ਯੂਨਾਨੀ ਫ਼ੌਜ ਦੇ ਬਹਾਦਰੀ ਕਾਰਨਾਮੇ ਨਾਲ ਜੁੜੀ ਹੈ। 36ਵੀਂ ਸਿੱਖ ਸੈਨਾ ਟੁਕੜੀ ਹੁਣ 4 ਦੀ ਸਥਾਪਨਾ 20 ਅਪ੍ਰੈਲ 1894 ਨੂੰ ਕਰਨਲ ਕਕ ਦੀ ਅਤੇ ਕੈਪਟਨ ਐਸ ਆਰ ਹੋਲਮੈਸ ਦੀ ਅਗਵਾਈ ਹੇਠ ਹੋਈ। ਅਗਸਤ 1897 ਵਿੱਚ ਲੈਫਟੀਨੈਂਟ ਕਰਨਲ ਜੋਹਨ ਹਿਊਟਨ ਦੇ ਅਧੀਨ 36ਵੀਂ ਸਿੱਖ ਸੈਨਾ ਦੀਆਂ ਪੰਜ ਟੁਕੜੀਆਂ ਬ੍ਰਿਟਿਸ਼ ਇੰਡੀਆ ਖ਼ੈਬਰ ਪਖ਼ੂਤਨਖਵਾ ਦੀ ਉੱਤਰੀ ਪੱਛਮੀ ਸਰਹੱਦ ਸੂਬਾ ਭੇਜੀਆਂ ਗਈਆਂ। ਉਹਨਾਂ ਨੂੰ ਸਮਾਣਾ ਪਹਾੜੀ ਚੋਟੀ: ਕੁਰਾਰਾ, ਸੰਗਰ, ਸਾਹਤੋਪ, ਧਰ ਅਤੇ ਸਾਰਾਗੜੀ ਤੇ ਤਾਇਨਾਤ ਕੀਤਾ ਕੀਤਾ ਗਿਆ ਸੀ। ਸਾਰਾਗੜ੍ਹੀ ਦੀ ਜੰਗ ਵਿੱਚ ਸਿੱਖਾਂ ਦੀ ਰਣਨੀਤਕ ਜਿੱਤ ਹੋਈ, ਜਿਸ ਨੇ ਸੰਸਾਰ ਵਿੱਚ ਬਹਾਦਰੀ ਦਾ ਲੋਹਾ ਮਨਵਾਇਆ। ਸਿੱਖਾਂ ਨੇ ਪ੍ਰਤੱਖ ਬਹਾਦਰੀ ਦੇ ਜੌਹਰ ਵਿਖਾਏ। ਮਰਦੇ ਦਮ ਤਕ ਹਥਿਆਰ ਨਹੀਂ ਸੁੱਟੇ। ਉਹ ਹਜ਼ਾਰਾਂ ਦੀ ਫ਼ੌਜ ਵੇਖ ਕੇ ਘਬਰਾਏ ਨਹੀਂ। ਜਿਵੇਂ ਜਿਵੇਂ ਵੈਰੀ ਚੜ੍ਹਦਾ ਆਇਆ। ਉਹ ਰੋਹ ਵਿੱਚ ਅ ਾ ਕੇ ਲੜੇ। ਦੁਸ਼ਮਣ ਦੀ ਪੇਸ਼ ਨਹੀਂ ਜਾਣ ਦਿੱਤੀ। ਕਈ ਘੰਟੇ ਤੁਰਕਾਂ ਨੂੰ ਸਖ਼ਤ ਮੁਕਾਬਲਾ ਦਿੱਤਾ। ਹਰ ਹਮਲੇ ਦਾ ਜਵਾਬ ਜਿੰਦਾ ਦਿਲੀ ਨਾਲ ਦਿੱਤਾ।





# ਜੰਡੀ ਦੇ ਚੁਫ਼ੇਰੇ ਲਾੜਾ ਘੁੰਮਿਆ....

ਜੋਗਿੰਦਰ ਕੌਰ ਅਗਨੀਹੋਤਰੀ

ਵਿਆਹ ਮੁੰਡੇ ਦਾ ਹੋਵੇ ਜਾਂ ਕੁੜੀ ਦਾ, ਪਰ ਵਿਆਹ ਵਿੱਚ ਪਰਿਵਾਰ, ਸ਼ਰੀਕਾ ਕਬੀਲਾ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਸਭ ਰੁੱਝ ਜਾਂਦੇ ਹਨ। ਇਹ ਸਬੰਧ ਅਜਿਹੇ ਹੁੰਦੇ ਹਨ ਜਿਨ੍ਹਾਂ ਤੋਂ ਬਿਨਾਂ ਵਿਆਹ ਵਰਗਾ ਕਾਰਜ ਸਫਲ ਨਹੀਂ ਮੰਨਿਆ ਜਾਂਦਾ। ਕੰਮ ਕਰਨ ਵਾਲਿਆਂ ਦੀ ਕਮੀ ਨਹੀਂ ਹੁੰਦੀ, ਪਰ ਇਨ੍ਹਾਂ ਸਬੰਧੀਆਂ ਨੂੰ ਕੰਮਾਂ ਦੀ ਜ਼ਿੰਮੇਵਾਰੀ ਸੌਂਪਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਵਿਆਹ ਵਿੱਚ ਹਿੱਸਾ ਲੈਣ ਵਾਲੇ ਵਿਸ਼ੇਸ਼ ਵਿਅਕਤੀ ਹਨ। ਇਸ ਲਈ ਸਾਰੇ ਰਲ਼ ਮਿਲ਼ ਕੇ ਕੰਮ ਕਰਦੇ ਹਨ। ਸ਼ਰੀਕੇ ਕਬੀਲੇ ਨੂੰ ਵੱਖਰਾ ਚਾਅ ਚੜ੍ਹਿਆ ਹੋਇਆ ਹੁੰਦਾ ਹੈ। ਆਂਢੀਆਂ ਗੁਆਂਢੀਆਂ ਨੂੰ ਵੱਖਰਾ ਚਾਅ। ਰਿਸ਼ਤੇਦਾਰਾਂ ਦੀ ਆਪਣੀ ਅੱਡ ਖ਼ੁਸ਼ੀ।

ਕੋਈ ਨਵੇਂ ਕੱਪੜੇ ਲਿਆਉਂਦਾ ਹੈ ਅਤੇ ਕੋਈ ਨਵੀਆਂ ਜੁੱਤੀਆਂ। ਲਾੜੇ ਅਤੇ ਲਾੜੀ ਦੀ ਦੋਵੇਂ ਪਾਸਿਓਂ ਚਾਂਦੀ। ਦੋਵਾਂ ਨੂੰ ਘਰਦਿਆਂ ਤੋਂ ਵੀ ਕੱਪੜੇ, ਜੁੱਤੇ ਅਤੇ ਗਹਿਣੇ ਅਤੇ ਸਹੁਰਿਆਂ ਵੱਲੋਂ ਵੀ। ਦੋਵਾਂ ਦੇ ਨਾਨਕਿਆਂ ਵੱਲੋਂ ਵੀ ਇਹ ਸਮਾਨ ਅਤੇ ਭੂਆ ਵੱਲੋਂ ਵੀ। ਬਾਕੀ ਰਿਸ਼ਤੇਦਾਰ ਵੀ ਕੱਪੜਾ ਲੀੜਾ ਲਿਆਉਂਦੇਹਨ। ਇਨ੍ਹਾਂ ਸਾਰਿਆਂ ਦਾ ਆਪਣਾ ਆਪਣਾ ਹੱਕ ਲੈਣ ਅਤੇ ਦੇਣ ਦਾ ਹੁੰਦਾ ਹੈ। ਜ਼ਿਆਦਾ ਦੂਰ ਦੇ ਰਿਸ਼ਤੇਦਾਰ ਪੈਸੇ ਵੀ ਦਿੰਦੇ ਹਨ। ਇਸ ਸਭ ਕੁਝ ਨੂੰ ਦਿਖਾਉਣ ਲਈ ਵਿਹੜੇ ਵਿੱਚ ਮੰਜਾ ਡਾਹ ਕੇ ਵਿਖਾਲਾ ਪਾਇਆ ਜਾਂਦਾ ਹੈ। ਇਸ ਨੂੰ ਦਿਖਾਉਣ ਲਈ ਘਰ ਵਿੱਚ ਕੰਮ ਕਰਦੇ ਲਾਗੀ ਨੂੰ ਸਭ ਘਰਾਂ ਵਿੱਚ ਸੱਦਾ ਦੇਣ ਲਈ ਭੇਜਿਆ ਜਾਂਦਾ ਹੈ। ਨਾਨਕਿਆਂ ਦਾ ਤਾਂ ਵਿਆਹ ਹੀ ਅੱਧਾ ਮੰਨਿਆ ਜਾਂਦਾ ਹੈ। ਆਪਣੇ ਆਪਣੇ ਕੱਪੜੇ ਤੇ ਗਹਿਣੇ ਦਿਖਾਉਣ ਲਈ ਜ਼ਿੰਮੇਵਾਰ ਔਰਤਾਂ ਥਾਲੀ ਵਿੱਚ ਗਹਿਣੇ ਲੈ ਕੇ ਬੈਠਦੀਆਂ ਹਨ ਅਤੇ ਵਿਖਾਲੇ ਬਾਰੇ ਜਾਣਕਾਰੀ ਦਿੰਦੀਆਂ ਹਨ। ਦਿੱਤੇ ਜਾਣ ਵਾਲੇ ਸੂਟਾਂ ਨੂੰ ਮੋਮੀ ਕਾਗਜ਼ ਦੇ ਲਿਫ਼ਾਫ਼ਿਆਂ ਵਿੱਚ ਪਾਇਆ ਜਾਂਦਾ ਹੈ ਅਤੇ ਇਨ੍ਹਾਂ ਸੂਟਾਂ ਵਿੱਚ ਪਰਚੀਆਂ ਲਿਖ ਕੇ ਪਾਈਆਂ ਹੁੰਦੀਆਂ ਹਨ ਜਿਵੇਂ ਮਾਂ ਦਾ ਸੂਟ, ਭੈਣ ਦਾ ਸੂਟ, ਭੂਆ ਅਤੇ ਦਾਦੀ-ਮਾਸੀ ਅਤੇ ਹੋਰਾਂ ਦੇ ਸੂਟਾਂ ਤੋਂ ਬਿਨਾਂ ਲਾਗੀਆ ਦੇ ਸੂਟ। ਲਾੜੇ ਅਤੇ ਲਾੜੀ ਦੇ ਲਈ ਸੂਟ, ਗਹਿਣੇ ਅਤੇ ਜੁੱਤੀਆਂ ਆਦਿ ਵੀ। ਇਸ ਤਰ੍ਹਾਂ ਇਹ ਰਿਵਾਜ ਆਪਸੀ ਰਿਸ਼ਤਿਆਂ ਵੱਲ ਸੰਕੇਤ ਕਰਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣਾ ਸਭ ਆਪਣੀ ਜ਼ਿੰਮੇਵਾਰੀ ਸਮਝਦੇ ਹਨ।

ਇਨ੍ਹਾਂ ਦੇ ਨਾਲ ਹੀ ਗੀਤਾਂ ਅਤੇ ਸਿੱਠਣੀਆਂ ਦੇ ਨਾਲ ਨਾਲ ਇੱਕ ਦੂਜੇ ਨੂੰ ਮਖੌਲ ਕਰਨ ਅਤੇ ਹੱਸਣ ਖੇਡਣ ਦਾ ਸਿਲਸਿਲਾ ਇਸ ਲਈ ਸ਼ੁਰੂ ਕੀਤਾ ਜਾਂਦਾ ਹੈ ਕਿ ਸਾਰੇ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਨਜ਼ਰ ਆਉਣ। ਸਿੱਠਣੀਆਂ ਵਿੱਚ ਨਾਨਕੀਆਂ, ਦਾਦਕੀਆਂ, ਵਿਚੋਲਾ, ਲਾਗੀ, ਜਾਨੀ, ਮੁੰਡੇ ਦਾ ਪਿਓ, ਮੁੰਡੇ ਦੀ ਮਾਂ, ਭੈਣ, ਭੂਆ, ਮੁੰਡੇ ਦੀਆਂ ਸਾਲੀਆਂ ਅਤੇ ਘਰ ਦੇ ਵੱਡੇ ਪ੍ਰਾਹੁਣਿਆਂ ਉੱਤੇ ਸਭਨਾਂ 'ਤੇ ਬਾਣ ਚਲਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਿੰਨ੍ਹਿਆ ਜਾਂਦਾ ਹੈ। ਸਭ ਤੋਂ ਵੱਧ ਮਹੱਤਵਪੂਰਨ ਸ਼ਖ਼ਸੀਅਤ ਲਾੜਾ ਹੈ ਜਿਸ ਨੂੰ ਉਸ ਦੀਆਂ ਸਾਲੀਆਂ ਵੱਲੋਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਭਾਵੇਂ ਕੁੜੀ ਦੇ ਵਿਆਹ ਵਿੱਚ ਵੈਰਾਗਮਈ ਗੀਤ ਗਾਏ ਜਾਂਦੇ ਹਨ, ਪਰ ਇਸ ਦੇ ਨਾਲ ਨਾਲ ਲਾੜੇ ਨੂੰ ਸੁੱਕਾ ਨਹੀਂ ਛੱਡਦੀਆਂ।

ਸਾਡੇ ਸੱਭਿਆਚਾਰ ਮੁਤਾਬਿਕ ਬਰਾਤ ਚੜ੍ਹਨ ਤੋਂ ਪਹਿਲਾਂ ਲਾੜਾ ਜੰਡੀ ਵੱਢਦਾ ਹੈ ਤਾਂ ਉਸ ਸਮੇਂ ਭਰਜਾਈ ਹੀ ਸਿੱਠਣੀ ਨਾਲ ਉਸ ਦਾ ਸਵਾਗਤ ਕਰਦੀ ਹੈ ਭਾਵ ਉਸ ਨੂੰ ਵਿਅੰਗ ਕਸਦੀ ਹੈ;

ਜੰਡੀ ਦੇ ਚੁਫ਼ੇਰੇ ਲਾੜਾ ਘੁੰਮਿਆ
ਤੇਰੇ ਗਲ਼ ਵਿੱਚ ਪੈ ਗਈ ਬੇੜ
ਵੇ ਅਕਲ ਦਿਆ ਸੁੰਨਿਆ।

ਇਹ ਸਿੱਠਣੀ ਉਦੋਂ ਦਿੱਤੀ ਜਾਂਦੀ ਹੈ ਜਦੋਂ ਲਾੜਾ ਸੱਤ ਵਾਰ ਜੰਡੀ ਦੁਆਲੇ ਚੱਕਰ ਕੱਟਦਾ ਹੈ ਅਤੇ ਸੱਤ ਵਾਰ ਹੀ ਜੰਡੀ 'ਤੇ ਸਫਾਜੰਗ (ਤਲਵਾਰ) ਨਾਲ ਟੱਕ ਲਾਉਂਦਾ ਹੈ। ਜਦੋਂ ਲਾੜਾ ਬਰਾਤ ਨਾਲ ਢੁੱਕਦਾ ਹੈ ਤਾਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਫੇਰਿਆਂ ਦੀ ਰਸਮ ਬੇਦੀ (ਕੇਲਿਆਂ ਦੇ ਦਰਖੱਤ ਨੂੰ ਵੱਢ ਕੇ ਉਸ ਨੂੰ ਚਾਰੇ ਪਾਸੇ ਲਾਉਣਾ) ਦੇ ਵਿਚਕਾਰ ਹੁੰਦੀ ਹੈ। ਇਸ ਰਸਮ ਨੂੰ ਨਿਭਾਉਣ ਸਮੇਂ ਲਾੜੇ ਅਤੇ ਲਾੜੀ ਦੋਵਾਂ ਨੂੰ ਹੀ ਨੀਵੇਂ ਹੋ ਕੇ ਤੁਰਨਾ ਪੈਂਦਾ ਹੈ। ਫੇਰਿਆਂ ਦੇ ਸਮੇਂ ਵੀ ਲਾੜੇ ਨੂੰ ਸਿੱਠਣੀਆਂ ਦੇਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ;

ਬੇਦੀ ਲੰਮੀ ਐ ਬਥੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?
ਘਰ ਭੈਣ ਵਛੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ।
ਬੇਦੀ ਲੰਮੀ ਐ ਬਥੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?
ਘਰ ਬੇਬੇ ਵਛੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?

ਇਸ ਤਰ੍ਹਾਂ ਲਾੜੇ ਦੀ ਭੈਣ, ਮਾਂ ਅਤੇ ਭੂਆ ਨਾਲ ਜੋੜ ਕੇ ਅਜਿਹੀਆਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਸਿੱਠਣੀਆਂ ਦੇਣ ਵੇਲੇ ਸ਼ਬਦਾਂ ਦੀ ਚੋਣ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ। ਸ਼ਬਦਾਂ ਦਾ ਆਪਸੀ ਮੇਲ ਬਣਾ ਕੇ ਹੀ ਸਿੱਠਣੀ ਜੋੜੀ ਜਾਂਦੀ ਹੈ। ਮਾਂ, ਭੈਣ ਅਤੇ ਭੂਆ ਨਾਲ ਸਬੰਧ ਜੋੜ ਕੇ ਗੀਤ ਗਾਉਣ ਦਾ ਮੁੱਖ ਮੰਤਵ ਉਨ੍ਹਾਂ ਨੂੰ ਕੱਚਾ ਕਰਨਾ ਜਾਂ ਬੇਸ਼ਰਮ ਕਰਨਾ ਹੁੰਦਾ ਹੈ। ਲਾੜੇ ਦੇ ਇਨ੍ਹਾਂ ਪ੍ਰਮੁੱਖ ਰਿਸ਼ਤਿਆਂ ਨੂੰ ਜਾਣ ਬੁੱਝ ਕੇ ਉਲਟੀਆਂ ਗੱਲਾਂ ਕਹਿ ਕੇ ਉਨ੍ਹਾਂ ਨੂੰ ਖਿਝਾਉਣਾ ਹੈ;

ਲਾੜੇ ਦੀ ਭੈਣ ਕਿੱਲਾ ਪੁਟਾ ਗਈ
ਸੰਗਲ ਤੁੜਾ ਗਈ
ਕੱਟੇ ਨੇ ਮਾਰੀ ਵਗ੍ਹਾ ਕੇ
ਨੀਂ ਮੇਰੀ ਡੀਓ ਡੀਓ।
ਸੁਣ ਵੇ ਭਾਈ ਕੱਟੇ ਵਾਲਿਆ
ਕੱਟੇ ਨੂੰ ਰੱਖ ਸਮਝਾ ਕੇ
ਵੇ ਮੇਰੀ ਡੀਓ ਡੀਓ।

ਮੇਲਣਾਂ ਕੋਲ ਸ਼ਬਦਾਂ ਦੀ ਕਮੀ ਨਹੀਂ। ਉਨ੍ਹਾਂ ਕੋਲ ਤਾਂ ਸ਼ਬਦਾਂ ਦਾ ਭੰਡਾਰ ਹੈ। ਉਨ੍ਹਾਂ ਨੂੰ ਤੁਕਬੰਦੀ ਦੇ ਨਾਲ ਨਾਲ ਸੁਰ ਤੇ ਲੈਅ ਦਾ ਵੀ ਗਿਆਨ ਹੈ। ਉਨ੍ਹਾਂ ਦੇ ਇਹ ਗੀਤ ਹਾਸੇ ਠੱਠੇ ਦੇ ਨਾਲ ਨਾਲ ਕੰਨਾਂ ਵਿੱਚ ਰਸ ਵੀ ਘੋਲਦੇ ਹਨ। ਸੁਣਨ ਵਾਲਿਆਂ ਦੇ ਦਿਲਾਂ ਨੂੰ ਛੂੰਹਦੇ ਹਨ। ਵਿਆਹ ਵਿੱਚ ਲਾਵਾਂ ਮਹੱਤਵਪੂਰਨ ਗੀਤ ਹੈ। ਫੇਰਿਆਂ ਵੇਲੇ ਲਾੜੇ ਅਤੇ ਲਾੜੀ ਦੋਵਾਂ ਦਾ ਆਪਸ ਵਿੱਚ ਸਿਰ ਜੋੜਿਆ ਜਾਂਦਾ ਰਿਹਾ ਹੈ। ਜੇਕਰ ਕੋਈ ਕਿਸੇ ਦੇ ਰਿਸ਼ਤੇ ਨੂੰ ਭਾਨੀ ਮਾਰਦਾ ਹੋਵੇ ਤਾਂ ਉਸ ਦੀ ਨਿੰਦਾ ਇਹ ਕਹਿ ਕੇ ਕੀਤੀ ਜਾਂਦੀ ਹੈ ਕਿ 'ਦੋ ਸਿਰ ਜੁੜਦਿਆਂ ਨੂੰ, ਚੰਦਰਾ ਭਾਨੀ ਮਾਰੇ।'

ਇਸ ਲਈ ਅਜਿਹੇ ਮੌਕੇ ਜਦੋਂ ਦੋਵਾਂ ਦੇ ਸਿਰ ਨਾਲ ਸਿਰ ਜੋੜਨ ਦਾ ਵੇਲਾ ਆਉਂਦਾਹੈ ਤਾਂ ਸਾਲੀਆਂ ਨਾ ਤਾਂ ਆਪ ਨਿਚਲੀਆਂ ਬੈਠਦੀਆਂ ਹਨ ਅਤੇ ਨਾ ਹੀ ਉਨ੍ਹਾਂ ਦੀ ਜ਼ੁਬਾਨ। ਉਹ ਮੌਕਾ ਤਾੜ ਕੇ ਇੰਜ ਸਿੱਠਣੀ ਦਿੰਦੀਆਂ ਹਨ;

ਸਾਡੀ ਬੀਬੀ ਦੇ ਸਿਰ ਨਾਲ ਸਿਰ ਨਾ ਜੋੜਿਓ ਜੀ
ਏਸ ਲਾੜੇ ਦੇ ਜੂੰਆਂ।

ਉੱਖਲੀ ਇੱਕ ਅਜਿਹਾ ਸਾਧਨ ਹੈ ਜਿਸ ਵਿੱਚ ਬਾਜਰੇ ਦੀ ਖਿਚੜੀ ਕੁੱਟੀ ਜਾਂਦੀ ਹੈ, ਦੁਧਾਰੂ ਪਸ਼ੂਆਂ ਲਈ ਛੋਲਿਆਂ ਦੀਆਂ ਬੱਕਲੀਆਂ ਕੁੱਟੀਆਂ ਜਾਂਦੀਆਂ ਹਨ। ਜੌਆਂ ਦੀ ਘਾਠ ਕੁੱਟੀ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਮੈਦਾ ਬਣਾਉਣ ਲਈ ਵੀ ਕਣਕ ਨੂੰ ਪਾਣੀ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਕੁੱਟ ਕੇ ਉਸ ਦਾ ਛਿਲਕਾ ਉਤਾਰ ਕੇ ਮੈਦਾ ਵੀ ਬਣਾਇਆ ਜਾਂਦਾ ਸੀ। ਛੋਲੇ ਉਬਾਲ ਕੇ ਉਨ੍ਹਾਂ ਦੀਆਂ ਬੱਕਲੀਆਂ ਨੂੰ ਤੂੜੀ ਵਿੱਚ ਮਿਲਾ ਕੇ ਕੁੱਟਿਆ ਜਾਂਦਾ ਸੀ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਇਨ੍ਹਾਂ ਚੀਜ਼ਾਂ ਤੋਂ ਔਰਤਾਂ ਵਾਕਿਫ਼ ਹੁੰਦੀਆਂ ਸਨ। ਇਸ ਲਈ ਇਨ੍ਹਾਂ ਵਸਤਾਂ ਦੇ ਨਾਵਾਂ ਅਤੇ ਵਰਤੋਂ ਬਾਰੇ ਜਾਣਕਾਰੀ ਹੋਣ ਕਾਰਨ ਇਨ੍ਹਾਂ ਨੇ ਇਨ੍ਹਾਂ ਲੋਕ ਗੀਤਾਂ ਵਿੱਚ ਇਨ੍ਹਾਂ ਦੀ ਭਰਪੂਰ ਵਰਤੋਂ ਕੀਤੀ ਹੈ। ਲਾੜੇ ਨੂੰ ਸਿੱਠਣੀਆਂ ਦੇਣ ਵੇਲੇ ਉੱਖਲੀ ਦੇ ਭਾਗ ਵੀ ਖੁੱਲ੍ਹ ਗਏ;

ਟੁੱਟ ਗਈ ਉੱਖਲੀ, ਖ਼ਰਾਬ ਹੋ ਗਏ ਦਾਣੇ
ਉਹਦੇ ਰੋਂਦੇ ਨਿੱਕੇ ਨਿਆਣੇ
ਨੀਂ ਗ਼ਰੀਬ ਦਾ, ਗ਼ਰੀਬ ਦਾ ਬਚੜਾ
ਬਿਰਾ ਦਾਰੀਏ, ਨੀਂ ਗ਼ਰੀਬ ਦਾ।

ਇੱਥੇ ਹੀ ਬਸ ਨਹੀਂ। ਜੀਜੇ ਨੂੰ ਸਿੱਠਣ ਲਈ ਉਨ੍ਹਾਂ ਕੋਲ ਅਨੇਕਾਂ ਹੋਰ ਵੀ ਪ੍ਰਤੀਕ ਹਨ ਜਿਨ੍ਹਾਂ ਰਾਹੀਂ ਉਹ ਹੋਰ ਵੀ ਵਧੀਆ ਸ਼ਬਦਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਉਂਦੀਆਂ ਹਨ।

ਉਹ ਆਪਣੇ ਅਤੇ ਦੂਜਿਆਂ ਦੇ ਮਨੋਰੰਜਨ ਦੇ ਨਾਲ ਨਾਲ ਜੀਜੇ ਦੀ ਸਹਿਣਸ਼ੀਲਤਾ ਵੀ ਪਕੇਰੀ ਕਰਦੀਆਂ ਹਨ। ਸਿੱਠਣੀਆਂ ਦੇਣ ਵਾਲੀਆਂ ਦਾ ਮੰਤਵ ਲਾੜੇ ਦੀ ਭੈਣ, ਮਾਂ ਅਤੇ ਭੂਆ ਨੂੰ ਗੀਤਾਂ ਰਾਹੀਂ ਭੰਡਣਾ ਹੀ ਹੈ। ਉਹ ਉਨ੍ਹਾਂ ਦਾ ਸਬੰਧ ਕਿਸੇ ਨਾਲ ਵੀ ਜੋੜ ਸਕਦੀਆਂ ਹਨ।

ਨਿੱਕੀਏ ਕੋਠੜੀਏ, ਤੈਂ ਵਿੱਚ ਮੇਰਾ ਆਟਾ
ਲਾੜੇ ਦੀ ਮਾਂ ਉੱਧਲ ਚੱਲੀ
ਲੈ ਕੇ ਧੌਲਾ ਝਾਟਾ।
ਨੀਂ ਨਿੱਕੀਏ ਕੋਠੜੀਏ ਤੈਂ ਵਿੱਚ ਮੇਰਾ ਆਟਾ।

ਲਾੜੇ ਦੇ ਨਜ਼ਦੀਕੀ ਸਬੰਧ ਮਾਂ, ਭੈਣ ਅਤੇ ਭੂਆ ਨਾਲ ਹੀ ਹੁੰਦੇ ਹਨ ਕਿਉਂਕਿ ਵਿਆਹ ਵਿੱਚ ਵੀ ਇਨ੍ਹਾਂ ਦੀ ਪ੍ਰਧਾਨਗੀ ਹੁੰਦਾ ਹੈ ਅਤੇ ਮੁੰਡੇ ਦੇ ਸਹੁਰਿਆਂ ਵੱਲੋਂ ਸਭ ਵੱਧ ਮਾਣ ਇਨ੍ਹਾਂ ਦਾ ਹੀ ਕੀਤਾ ਜਾਂਦਾ ਹੈ। ਸੋ ਸਿੱਠਣੀਆਂ ਦੇ ਗੱਫ਼ੇ ਵੀ ਇਨ੍ਹਾਂ ਨੂੰ ਹੀ ਮਿਲਦੇ ਹਨ। ਮੇਲਣਾਂ ਸਿੱਠਣੀਆਂ ਦੇਣ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੀਆਂ। ਇੱਕ ਤਾਂ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੀਆਂ ਹਨ ਅਤੇ ਦੂਜੇ ਪਾਸੇ ਉਹ ਆਪਣਾ ਮਨੋਰੰਜਨ ਕਰਦੀਆਂ ਹਨ।

ਸਿੱਠਣੀਆਂ ਦੇਣ ਵਾਲੀਆਂ ਹਾਜ਼ਰ ਜਵਾਬ ਹੁੰਦੀਆਂ ਹਨ। ਉਹ ਤੁਰੰਤ ਨਵਾਂ ਗੀਤ ਜੋੜਨ ਦੇ ਸਮਰੱਥ ਹੁੰਦੀਆਂ ਹਨ। ਜੋ ਚੀਜ਼ ਉਨ੍ਹਾਂ ਦੇ ਸਾਹਮਣੇ ਹੋਵੇ ਉਹ ਉਸ ਨੂੰ ਹੀ ਗੀਤਾਂ ਵਿੱਚ ਫਿੱਟ ਕਰ ਲੈਂਦੀਆਂ ਹਨ। ਘਰ ਵਿੱਚ ਮੰਜੇ ਆਰਾਮ ਕਰਨ ਦਾ ਸਾਧਨ ਹਨ, ਪਰ ਮੇਲਣਾਂ ਅਜਿਹੀਆਂ ਵਸਤਾਂ ਨੂੰ ਵੀ ਆਪਣੀ ਕਲਾ ਦਾ ਸ਼ਿੰਗਾਰ ਬਣਾ ਲੈਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਦੇਖੋ;

ਜੀਜਾ ਜੁੜ ਜਾ ਮੰਜੀ ਦੇ ਨਾਲ
ਮੰਜੀ ਤੇਰੀ ਕੀ ਲੱਗਦੀ?
ਕਿਵੇਂ ਜੁੜ ਜਾ ਮੰਜੀ ਦੇ ਨਾਲ
ਮੰਜੀ ਮੇਰੀ ਮਾਂ ਲੱਗਦੀ।

ਲਾਵਾਂ ਹੋਣ ਤੋਂ ਬਾਅਦ ਲਾੜੇ ਨੂੰ ਅੰਦਰ ਲਿਆਂਦਾ ਜਾਂਦਾ ਹੈ। ਉਸ ਸਮੇਂ ਕੁਝ ਗੀਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਗੀਤਾਂ ਪੂਰੀਆਂ ਕਰਨ ਵੇਲੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਲਾੜੇ ਨੂੰ ਮੱਠੀਆਂ ਖੁਆਈਆਂ ਜਾਂਦੀਆਂ ਹਨ ਉਦੋਂ ਇਸ ਤਰ੍ਹਾਂ ਸਿੱਠਣੀ ਦਿੰਦੀਆਂ ਹਨ;

ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਮਾਂ ਵਿਕੇਂਦੀ ਹੱਟੜੀ।
ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਭੈਣ ਵਿਕੇਂਦੀ ਹੱਟੜੀ।
ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਭੂਆ ਵਿਕੇਂਦੀ ਹੱਟੜੀ।

ਇਸ ਤਰ੍ਹਾਂ ਬਾਕੀ ਰੀਤੀ ਰਿਵਾਜ ਨਿਭਾਉਣ ਵੇਲੇ ਵੀ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਇਹ ਲੋਕ ਗੀਤਾਂ ਦੀ ਸਾਡੇ ਸਭਿਆਚਾਰ ਵਿੱਚ ਮਹੱਤਵਪੂਰਨ ਭੂਮਿਕਾ ਹੈ ਕਿਉਂਕਿ ਇਨ੍ਹਾਂ ਨਾਲ ਖ਼ੁਸ਼ੀ ਵਿੱਚ ਹੋਰ ਵਾਧਾ ਹੁੰਦਾ ਹੈ।

# ਪੰਜਾਬੀ ਲੋਕ ਸੰਗੀਤ ਦਾ ਸਾਜ਼ ਬੀਨ



ਪ੍ਰੋ. ਜਗਪਿੰਦਰ ਪਾਲ ਸਿੰਘ

ਬੀਨ ਸਾਜ਼ ਪੰਜਾਬੀ ਸੰਗੀਤ ਵਿਰਾਸਤ ਵਿੱਚ ਪ੍ਰਚਲਿਤ ਸ਼ੁਸ਼ਿਰ ਸਾਜ਼ਾਂ ਦੀ ਸ਼੍ਰੇਣੀ ਦਾ ਮਹੱਤਵਪੂਰਨ ਸਾਜ਼ ਹੈ। ਇਸ ਦਾ ਪ੍ਰਯੋਗ ਲਗਭਗ ਸਮੁੱਚੇ ਭਾਰਤ ਦੀਆਂ ਲੋਕ ਸੰਗੀਤ ਪਰੰਪਰਾਵਾਂ 'ਚ ਵੇਖਣ ਨੂੰ ਮਿਲਦਾ ਹੈ। ਬੀਨ ਸਾਜ਼ ਜੋਗੀ ਨਾਥਾਂ ਅਤੇ ਸਪੇਰਿਆਂ ਦਾ ਪ੍ਰਮੁੱਖ ਸਾਜ਼ ਹੈ। ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ ਆਦਿ ਪ੍ਰਾਂਤਾਂ 'ਚ ਬੀਨ ਸਾਜ਼ ਧਾਰਮਿਕ ਆਸਥਾ ਦਾ ਵੀ ਸਾਜ਼ ਹੈ। ਦੱਖਣੀ ਭਾਰਤ 'ਚ ਇਸ ਨੂੰ ਮਗੁੜੀ, ਮਹੂਡੀ, ਪੂੰਗੀ ਅਤੇ ਪੰਬਾਤੀਕੁਜ਼ਹਾਲ ਨਾਂਅ ਨਾਲ ਜਾਣਿਆ ਜਾਂਦਾ ਹੈ। ਭਾਰਤ ਤੋਂ ਇਲਾਵਾ ਪਾਕਿਸਤਾਨ, ਨਿਪਾਲ ਆਦਿ 'ਚ ਵੀ ਸਪੇਰਿਆਂ ਦੁਆਰਾ ਬੀਨ ਦਾ ਪ੍ਰਯੋਗ ਜਾਂਦਾ ਹੈ। ਬੀਨ ਸਾਜ਼ ਦਾ ਸੰਬੰਧ ਜੋਗੀ ਨਾਥਾਂ ਨਾਲ ਹੋਣ ਕਾਰਨ ਇਸ ਨੂੰ ਵਜਾਉਣ ਦਾ ਗੁਣ ਜੋਗੀਆਂ ਨੂੰ ਜੱਦੀ ਪੁਸ਼ਤੀ ਪਰੰਪਰਾ 'ਚ ਹੀ ਪ੍ਰਾਪਤ ਹੁੰਦਾ ਹੈ। ਬੀਨ ਦਾ ਪ੍ਰਯੋਗ ਨਾਥ ਜੋਗੀ ਸੱਪਾਂ ਨੂੰ ਫੜਨ ਅਤੇ ਤਮਾਸ਼ਾ ਦਿਖਾਉਣ ਤੋਂ ਇਲਾਵਾ ਭਿਖਿਆ ਮੰਗਣ ਲਈ ਗਲੀਆਂ 'ਚ ਤੁਰਦੇ-ਫਿਰਦੇ ਵੀ ਹਨ।

ਬਾਲੀਵੁੱਡ ਵਿੱਚ ਬਹੁਤ ਸਾਰੀਆਂ ਫ਼ਿਲਮਾਂ 'ਚ ਬੀਨ ਸਾਜ਼ ਸੁਣਨ ਨੂੰ ਮਿਲਦਾ ਹੈ । ਮਸ਼ਹੂਰ ਫ਼ਿਲਮ 'ਨਗੀਨਾ' ਦੇ ਗਾਣੇ 'ਮੈਂ ਨਾਗਣ ਤੂੰ ਸਪੇਰਾ' ਦੇ ਸੰਗੀਤ 'ਚ ਬੀਨ ਸਾਜ਼ ਦਾ ਪ੍ਰਯੋਗ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ ਹੈ। ਬੀਨ ਨੂੰ ਵਜਾਉਣ ਲਈ ਸਖ਼ਤ ਮਿਹਨਤ ਅਤੇ ਅਭਿਆਸ ਦੀ ਜ਼ਰੂਰਤ ਹੁੰਦੀ ਹੈ। ਅਲਗੋਜ਼ਿਆਂ ਨੂੰ ਵਜਾਉਣ ਵਾਂਗ ਹੀ ਬੀਨ ਨੂੰ ਵਜਾਉਣ ਲਈ ਸਾਹ ਪਲਟਾਉਣ ਦੀ ਵਿਧੀ ਦੇ ਅਭਿਆਸ ਦੀ ਜ਼ਰੂਰਤ ਹੁੰਦੀ ਹੈ, ਜੋ ਕਿ ਕਿਸੇ ਚੰਗੇ ਉਸਤਾਦ ਦੀ ਦੇਖ-ਰੇਖ 'ਚ ਹੀ ਸੰਭਵ ਹੁੰਦੀ ਹੈ। ਪੰਜਾਬੀ ਲੋਕ ਸੰਗੀਤ ਵਿਰਾਸਤ 'ਚ ਬੀਨ ਦਾ ਸੰਬੰਧ ਗੋਰਖ ਨਾਥ ਨਾਲ ਜੁੜਿਆ ਹੋਇਆ ਹੈ। ਕੁਝ ਵਿਦਵਾਨਾਂ ਅਨੁਸਾਰ ਗੋਰਖ ਨਾਥ ਤੋਂ ਜਦੋਂ ਰਾਂਝਾ ਜੋਗ ਲੈ ਕੇ ਹੀਰ ਦੇ ਸਹੁਰੇ ਪਿੰਡ ਰੰਗਪੁਰ ਖੇੜੇ ਗਿਆ ਤਾਂ ਉਸ ਨੇ ਉੱਥੇ ਬੀਨ ਸਾਜ਼ ਨੂੰ ਹੀ ਵਜਾਇਆ। ਇਸ ਦਾ ਪ੍ਰਮਾਣ ਪੰਜਾਬੀ ਲੋਕ ਗੀਤਾਂ 'ਚ ਵੀ ਮਿਲਦਾ ਹੈ, ਜਿਵੇਂ ਪੰਜਾਬੀ ਲੋਕ ਗੀਤ, ਬੀਨ ਵਜਾਈ ਰਾਂਝੇ ਚਾਕ ਨੇ ਲੱਗੀ ਮਨ ਨੂੰ ਮੇਰੇ, ਤਖ਼ਤ ਹਜ਼ਾਰੇ ਦਿਆ ਮਾਲਕਾ ਕਿੱਥੇ ਲਾਏ ਨੇ ਡੇਰੇ। ਬੀਨ ਦੇ ਦੋ ਪ੍ਰਮੁੱਖ ਭਾਗ ਹੁੰਦੇ ਹਨ। ਇਸ ਦਾ ਮੁੱਖ ਭਾਗ ਕੱਦੂ ਤੋਂ ਬਣਦਾ ਹੈ।

ਇਸੇ ਲਈ ਇਸ ਦਾ ਆਕਾਰ ਵੱਡਾ ਛੋਟਾ ਹੋਣਾ ਕੱਦੂ ਦੇ ਆਕਾਰ 'ਤੇ ਨਿਰਭਰ ਕਰਦਾ ਹੈ। ਜਿਸ ਕੱਦੂ ਦਾ ਅਗਲਾ ਹਿੱਸਾ ਗੋਲ ਅਤੇ ਪਿਛਲਾ ਹਿੱਸਾ ਲੰਮਾ ਹੋਵੇ, ਉਸ ਤੋਂ ਬੀਨ ਤਿਆਰ ਕੀਤੀ ਜਾਂਦੀ ਹੈ । ਕੱਦੂ ਨੂੰ ਸੁਕਾ ਕੇ ਅੰਦਰੋਂ ਖੋਖਲਾ ਕੀਤਾ ਜਾਂਦਾ ਹੈ ।

ਗੋਲਾਈ ਵਾਲੇ ਪਾਸੇ ਛੋਟਾ ਸੁਰਾਖ ਕਰਕੇ ਇਸ 'ਚ ਬਾਂਸ ਦੀਆਂ ਦੋ ਪੋਰੀਆਂ ਨੂੰ ਮੋਮ ਨਾਲ ਜੋੜਿਆ ਜਾਂਦਾ ਹੈ। ਜੋਗੀ ਬੀਨ ਨੂੰ ਸ਼ਿੰਗਾਰਨ ਲਈ ਸ਼ੀਸ਼ਿਆਂ ਦੇ ਟੁਕੜੇ, ਮੋਤੀ, ਫੁੰਮਣ ਅਤੇ ਡੋਰੀਆਂ ਦਾ ਪ੍ਰਯੋਗ ਬਹੁਤ ਸ਼ੌਕ ਨਾਲ ਕਰਦੇ ਹਨ। ਜੋਗੀਆਂ ਦੀ ਸੰਗੀਤਕ ਵਿਰਾਸਤ ਵਿੱਚ ਵੈਸੇ ਤਾਂ ਲਗਭਗ ਬਹੁਤੇ ਜੋਗੀ ਬੀਨ ਦਾ ਵਾਦਨ ਕਰ ਲੈਂਦੇ ਹਨ, ਪ੍ਰੰਤੂ ਇਨ੍ਹਾਂ 'ਚੋਂ ਨਾਮਵਰ ਅਤੇ ਪ੍ਰਸਿੱਧ ਬੀਨ ਵਾਦਕ ਜੋਗੀ ਬਾਪੂ ਕਾਸ਼ੀ ਨਾਥ ਵਿਸ਼ੇਸ਼ ਹਨ, ਇਨ੍ਹਾਂ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੀ ਗਈ ਇੰਟਰਵਿਊ ਯੂਨੀਵਰਸਿਟੀ ਦੀ ਆਰਕਾਈਵ 'ਚ ਉਪਲਬਧ ਹੈ।




# ਵਿਕਾਸ ਦੇ ਨਾਲ ਵਾਤਾਵਰਣ ਦੀ ਸੰਭਾਲ ਵੀ ਜ਼ਰੂਰੀ

**ਅਸ਼ਵਨੀ ਚਤਰਥ**

## ਵਾਤਾਵਰਣ ਨਾਲ ਛੇੜਛਾੜ ਨਾਲ ਆਉਂਦੀਆਂ ਨੇ ਕੁਦਰਤੀ ਆਫ਼ਤਾਂ

ਨੇਪਾਲ ਵਿੱਚ ਹਾਲ ਹੀ 'ਚ ਅਚਾਨਕ ਆਏ ਹੜ੍ਹਾਂ ਨੇ ਹੁਣ ਤੱਕ ਇੱਕ ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਹੈ ਅਤੇ ਲਗਪਗ ਚਾਰ ਹਜ਼ਾਰ ਤੋਂ ਵੱਧ ਲੋਕ ਹਾਲੇ ਵੀ ਲਾਪਤਾ ਹਨ। ਵੱਡ-ਆਕਾਰੀ ਬਰਫ਼ ਦੇ ਤੋਦੇ ਦੇ ਕੋਸ਼ੀ ਦਰਿਆ ਵਿੱਚ ਡਿੱਗਣ ਕਰਕੇ ਰਾਸੂਵਾ ਜ਼ਿਲ੍ਹੇ ਵਿੱਚ ਹੜ੍ਹਾਂ ਵਾਲੇ ਹਾਲਾਤ ਬਣੇ ਸਨ। ਅਮਰੀਕੀ ਭੂਗੋਲਿਕ ਸਰਵੇ ਮੁਤਾਬਿਕ ਬਰਫ਼ ਦੇ ਤੋਦੇ ਅਤੇ ਪਹਾੜੀ ਦੇ ਕਚਰੇ ਦੇ ਕੋਸ਼ੀ ਦਰਿਆ ਦੀ ਸਹਾਇਕ ਨਦੀ ਲੇਂਡੇ ਖ਼ੋਲਾ ਵਿੱਚ ਡਿੱਗਣ ਕਾਰਨ ਇਲਾਕੇ ਵਿੱਚ 5.2 ਦੇ ਭੂਚਾਲ ਦੇ ਬਰਾਬਰ ਦਾ ਪ੍ਰਭਾਵ ਪੈਦਾ ਹੋਇਆ। ਹਾਲੇ ਇਹ ਪਤਾ ਲਗਾਇਆ ਜਾਣਾ ਬਾਕੀ ਹੈ ਕਿ ਕੀ ਬਰਫ਼ ਦਾ ਪਹਾੜ ਡਿੱਗਣ ਨਾਲ ਭੂਚਾਲੀ ਝਟਕਾ ਲੱਗਾ ਸੀ ਜਾਂ ਭੂਚਾਲੀ ਝਟਕੇ ਲੱਗਣ ਕਾਰਨ ਬਰਫ਼ ਦਾ ਪਹਾੜ ਡਿੱਗਾ ਸੀ।



ਹਿਮਾਲਿਆ ਪਰਬਤ ਅਨੇਕਾਂ ਦੇਸ਼ਾਂ ਵਿੱਚ ਫੈਲਿਆ ਇੱਕ ਵੱਡ ਆਕਾਰੀ ਪਰਬਤ ਹੈ ਜਿਸ ਦੇ ਵੱਖ-ਵੱਖ ਹਿੱਸਿਆਂ ਵਿੱਚ ਅਨੇਕਾਂ ਕੁਦਰਤੀ ਆਫ਼ਤਾਂ ਆਉਂਦੀਆਂਰਹਿੰਦੀਆਂ ਹਨ ਭਾਵ ਕਿ ਜੇਕਰ ਅੱਜ ਨੇਪਾਲ ਵਿੱਚ ਘਟਨਾ ਵਾਪਰੀ ਹੈ ਤਾਂ ਦੂਜਿਆਂ ਦੇਸ਼ਾਂ ਨੂੰ ਵੀ ਇਸ ਪ੍ਰਤੀ ਧਿਆਨ ਦੇਣ ਦੀ ਲੋੜ ਹੈ। ਭੂਚਾਲ ਵਿਗਿਆਨੀਆਂ ਵੱਲੋਂ ਅਨੇਕਾਂ ਵਾਰ ਭਾਰਤ ਨੂੰ ਕੁਦਰਤੀ ਆਫ਼ਤਾਂ ਪ੍ਰਤੀ ਚੇਤੰਨ ਕੀਤਾ ਗਿਆ ਹੈ। ਇਸ ਵਿੱਚ ਉੱਤਰੀ ਭਾਰਤ, ਜੋ ਇਸ ਵਿਸ਼ਾਲ ਪਰਬਤ ਦੀ ਛਾਂ ਹੇਠ ਵੱਸਿਆ ਹੋਇਆ ਹੈ, ਨੂੰ ਖ਼ਾਸ ਕਰਕੇ ਚੇਤੰਨ ਹੋ ਕੇ ਆਪਣੀਆਂ ਨੀਤੀਆਂ ਬਣਾਉਣ ਦੀ ਲੋੜ ਹੈ। ਨੇਪਾਲ ਵਿੱਚ ਗਲੇਸ਼ੀਅਰ ਦੇ ਡਿੱਗਣ ਦੀ ਘਟਨਾ ਤਾਂ ਦੇਸ਼ ਦੇ ਉੱਪਰਲੇ ਹਿੱਸੇ ਵਿੱਚ ਹੋਈ ਸੀ ਪਰ ਇਸ ਦਾ ਪ੍ਰਭਾਵ ਹੇਠਲੇ ਹਿੱਸੇ ਵਿੱਚ ਪਿਆ। ਇਸ ਗੱਲ 'ਤੇ ਧਿਆਨ ਦੇਣਾ ਪਏਗਾ ਕਿ ਹਿਮਾਲਿਆ ਪਰਬਤ ਉੱਤੇ ਬਿਜਲੀ ਤਿਆਰ ਕਰਨ ਅਤੇ ਸਿੰਜਾਈ ਦੀਆਂ ਜਿੰਨੀਆਂ ਵੀ ਯੋਜਨਾਵਾਂ ਚੱਲ ਰਹੀਆਂ ਹਨ, ਸਮੇਂ-ਸਮੇਂ ਸਿਰ ਉਨ੍ਹਾਂ ਦੀ ਤਕਨੀਕੀ ਪੜਚੋਲ ਕੀਤੀ ਜਾਣੀ ਚਾਹੀਦੀ ਹੈ। ਇੱਥੇ ਖ਼ਾਸ ਕਰਕੇ ਜ਼ਿਕਰ ਕਰਨਾ ਬਣਦਾ ਹੈ ਟੇਹਰੀ ਡੈਮ, ਭਾਖੜਾ ਡੈਮ, ਚਮੇਰਾ ਡੈਮ ਅਤੇ ਪੌਂਗ ਡੈਮ ਦਾ, ਜਿਨ੍ਹਾਂ ਨੂੰ ਬਣਾਉਣ ਸਮੇਂ ਵਾਤਾਵਰਣੀ ਚਿੰਤਕਾਂ ਵੱਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ।

ਜੇਕਰ ਪਿਛਲੇ ਸਾਲਾਂ ਵਿੱਚ ਆਈਆਂ ਕੁਦਰਤੀ ਆਫ਼ਤਾਂ ਦੀ ਗੱਲ ਕਰੀਏ ਤਾਂ 'ਕੌਮੀ ਆਫ਼ਤਾਂ ਪ੍ਰਬੰਧਨ ਅਥਾਰਿਟੀ' ਅਨੁਸਾਰ ਪਿਛਲੇ ਕੁਝ ਸਾਲਾਂ ਵਿੱਚ ਬਰਸਾਤੀ ਦਿਨਾਂ ਵਿੱਚ ਬੱਦਲਾਂ ਦੇ ਫਟਣ ਅਤੇ ਅਚਨਚੇਤੀ ਹੜ੍ਹਾਂ ਦੇ ਆਉਣ ਵਿੱਚ ਬਹੁਤ ਤੇਜ਼ੀ ਆਈ ਹੈ। ਇਨ੍ਹਾਂ ਨਾਲ ਦੇਸ਼ ਦੇ ਉੱਤਰ-ਪੂਰਬੀ ਸੂਬਿਆਂ ਤੋਂ ਲੈ ਕੇ ਉੱਤਰਾਖੰਡ ਤੱਕ ਅਤੇ ਆਸਾਮ ਤੋਂ ਲੈ ਕੇ ਜੰਮੂ ਕਸ਼ਮੀਰ ਤੱਕ ਬੱਦਲ ਫਟਣ, ਜ਼ਮੀਨ ਖਿਸਕਣ ਅਤੇ ਢਿੱਗਾਂ ਡਿੱਗਣ ਨਾਲ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਦੀਆਂ ਖ਼ਬਰਾਂ ਅਕਸਰ ਇਨ੍ਹਾਂ ਦਿਨਾਂ ਵਿੱਚ ਆਉਂਦੀਆਂਰਹਿੰਦੀਆਂ ਹਨ। ਹਰ ਸਾਲ ਵੱਡੀ ਗਿਣਤੀ ਵਿੱਚ ਜਾਨੀ ਅਤੇ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਹੋ ਰਿਹਾ ਹੈ। ਵਿਗਿਆਨੀ ਇਨ੍ਹਾਂ ਕੁਦਰਤੀ ਆਫ਼ਤਾਂ ਲਈ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਗਈ ਛੇੜਛਾੜ ਨੂੰ ਜ਼ਿੰਮੇਵਾਰ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਵਾਤਾਵਰਣ ਵਿੱਚ ਆਈਆਂ ਤਬਦੀਲੀਆਂ ਕਾਰਨ ਮੌਨਸੂਨ ਪੌਣਾਂ ਦਾ ਵਿਵਹਾਰ ਅਨਿਸ਼ਚਿਤ ਅਤੇ ਵਿਨਾਸ਼ਕਾਰੀ ਹੋ ਗਿਆ ਹੈ। ਭਾਵ ਕਿ ਕਈ ਵਾਰ ਮੌਨਸੂਨ ਸੀਜ਼ਨ ਦੇ ਦਿਨਾਂ ਵਿੱਚ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਬਹੁਤ ਜ਼ਿਆਦਾ ਮੀਂਹ ਪੈ ਜਾਂਦੇ ਹਨ ਅਤੇ ਉਸ ਤੋਂ ਬਾਅਦ ਮੀਂਹ ਨਾ ਪੈਣ ਕਰਕੇ ਲੰਮੇ ਸਮੇਂ ਲਈ ਸੋਕੇ ਵਰਗੇ ਹਾਲਾਤ ਬਣ ਜਾਂਦੇ ਹਨ।

ਵਿਸ਼ਾ ਮਾਹਿਰ ਇਸ ਨੂੰ ਤਕਨੀਕੀ ਪੱਖੋਂ ਇਸ ਤਰ੍ਹਾਂ ਸਮਝਾਉਂਦੇ ਹਨ ਕਿ ਧਰਤੀ ਦਾ ਵਾਤਾਵਰਣ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਗਰਮ ਹੋ ਗਿਆ ਹੈ, ਜਿਸ ਕਾਰਨ ਸਮੁੰਦਰ ਤੋਂ ਆ ਰਹੀਆਂ ਜਲ-ਵਾਸ਼ਪਾਂ ਨਾਲ ਭਰਪੂਰ ਹਵਾਵਾਂ ਥੋੜ੍ਹੀ ਜਿੰਨੀ ਥਾਂ 'ਤੇ ਹੀ ਵੱਡੀ ਮਾਤਰਾ ਵਿੱਚ ਇਕੱਠੀਆਂ ਹੋ ਕੇ ਸੰਘਣੇ ਬੱਦਲ ਬਣਾਉਂਦੀਆਂ ਹਨ ਜਿਸ ਨਾਲ ਬੱਦਲਾਂ ਦੇ ਫਟਣ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਵਧ ਜਾਂਦੀਆਂ ਹਨ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਮਨੁੱਖੀ ਕਿਰਿਆਵਾਂ ਨਾਲ ਧਰਤੀ ਗਰਮ ਹੁੰਦੀ ਜਾਏਗੀ, ਬੱਦਲਾਂ ਦੇ ਫਟਣ ਦੀਆਂ ਸੰਭਾਵਨਾਵਾਂ ਹੋਰ ਵਧ ਜਾਣਗੀਆਂ।

ਮੌਸਮ ਵਿਭਾਗ ਦੇ ਵਿਗਿਆਨੀਆਂ ਵੱਲੋਂ ਮਨੁੱਖ ਦੁਆਰਾ ਵਾਤਾਵਰਣ ਨਾਲ ਕੀਤੀ ਗਈ ਛੇੜਛਾੜ ਨੂੰ ਅਜਿਹੇ ਸੰਕਟਕਾਲੀ ਹਾਲਾਤ ਲਈ ਜ਼ਿੰਮੇਵਾਰ ਦੱਸਿਆ ਗਿਆ ਹੈ। ਉਨ੍ਹਾਂ ਅਨੁਸਾਰ ਮਨੁੱਖੀ ਕਿਰਿਆਵਾਂ ਨਾਲ ਹਵਾ ਦਾ ਵਧਿਆ ਹੋਇਆ ਤਾਪਮਾਨ ਸਾਡੇ ਚੌਗਿਰਦੇ ਵਿੱਚ ਗੜਬੜੀਆਂ ਪੈਦਾ ਕਰ ਰਿਹਾ ਹੈ। ਗਰਮ ਹਵਾਵਾਂ ਜ਼ਿਆਦਾ ਮਾਤਰਾ ਵਿੱਚ ਪਾਣੀ ਦੇ ਜਲਵਾਸ਼ਪਾਂ (ਪਾਣੀ ਦੀਆਂ ਨਿੱਕੀਆਂ-ਨਿੱਕੀਆਂ ਬੂੰਦਾਂ) ਨੂੰ ਆਪਣੇ ਵਿੱਚ ਸਮੋਅ ਕੇ ਰੱਖਦੀਆਂ ਹਨ ਜਿਸ ਨਾਲ ਬੱਦਲ ਸੰਘਣੇ ਬਣ ਜਾਂਦੇ ਹਨ। ਇਨ੍ਹਾਂ ਦੇ ਫਟਣ ਨਾਲ ਹੀ ਅਚਾਨਕ ਹੜ੍ਹ ਆਉਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਸਮੁੱਚੇ ਸੰਸਾਰ ਦੀ ਵਧ ਰਹੀ ਮਨੁੱਖੀ ਆਬਾਦੀ ਅਤੇ ਕੋਲਾ, ਪੈਟਰੋਲ ਅਤੇ ਡੀਜ਼ਲ ਦੀ ਲਗਾਤਾਰ ਹੋ ਰਹੀ ਵਰਤੋਂ, ਤੇਜ਼ੀ ਨਾਲ ਵਧ ਰਿਹਾ ਸ਼ਹਿਰੀਕਰਨ ਅਤੇ ਜੰਗਲਾਂ ਦੀ ਕਟਾਈ ਕਰਕੇ ਸਾਡੇ ਆਲੇ-ਦੁਆਲੇ ਦਾ ਵਾਤਾਵਰਨ ਤੇਜ਼ੀ ਨਾਲ ਬਦਲ ਰਿਹਾ ਹੈ। ਧਰਤੀ ਦੇ ਔਸਤ ਤਾਪਮਾਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਨ੍ਹਾਂ ਤਬਦੀਲੀਆਂ ਕਰਕੇ ਏਸ਼ੀਆ ਹੀ ਨਹੀਂ ਸਗੋਂ ਵਿਸ਼ਵ ਦੇ ਅਨੇਕਾਂ ਹਿੱਸਿਆਂ ਵਿੱਚ ਪਾਣੀ ਦੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਦੁਨੀਆ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੋਕੇ ਵਾਲੇ ਹਾਲਾਤ ਬਣ ਸਕਦੇ ਹਨ।ਇਸ ਦੀ ਇੱਕ ਤਾਜ਼ਾ ਉਦਾਹਰਨ ਦੱਖਣੀ ਬਰਾਜ਼ੀਲ ਦੀ ਹੈ। ਇਹ ਇਲਾਕਾ ਕਿਸੇ ਸਮੇਂ ਹਰਿਆ-ਭਰਿਆ ਹੋਇਆ ਕਰਦਾ ਸੀ। ਐਮਾਜ਼ੋਨ ਜੰਗਲਾਂ ਦੀ ਕਟਾਈ ਕਰਨ ਨਾਲ ਇਸ ਇਲਾਕੇ ਨੂੰ ਬੱਦਲਾਂ ਦੇ ਮੀਂਹ ਦਾ ਪਾਣੀ ਮਿਲਣਾ ਬੰਦ ਹੋ ਗਿਆ ਹੈ, ਜਿਸ ਕਰਕੇ ਦੱਖਣੀ ਬਰਾਜ਼ੀਲ ਇਲਾਕੇ ਵਿੱਚ ਸੋਕੇ ਵਰਗੇ ਹਾਲਾਤ ਬਣ ਗਏ ਹਨ। ਕੁਦਰਤ ਨਾਲ ਖਿਲਵਾੜ ਮਨੁੱਖੀ ਹੋਂਦ ਲਈ ਖ਼ਤਰਾ ਬਣ ਰਿਹਾ ਹੈ, ਇਸ ਲਈ ਸਮਾਂ ਆ ਗਿਆ ਹੈ ਕਿ ਅਸੀਂ ਵਾਤਾਵਰਣ ਦੀ ਸੰਭਾਲ ਨੂੰ ਆਪਣੀ ਪਹਿਲ ਬਣਾਈਏ ਤਾਂ ਜੋ ਧਰਤੀ ਨੂੰ ਤਬਾਹੀ ਤੋਂ ਬਚਾਇਆ ਜਾ ਸਕੇ।

# ਸ਼ਹਿਰਾਂ ਨੂੰ ਠੰਡਾ ਰੱਖਣ ਲਈ ਰੁੱਖ ਜ਼ਰੂਰੀ

**ਡਾਇਚੇ ਵੇਲੇ**


## ਪਰ ਹੁਣ ਰੁੱਖਾਂ ਨੂੰ ਵੀ ਹੈ ਮਦਦ ਦੀ ਲੋੜ



ਇਸ ਵਾਰ, ਰਿਕਾਰਡ ਤੋੜ ਗਰਮੀ ਵਿੱਚ ਰੁੱਖਾਂ ਦੀ ਛਾਂ ਵਿੱਚ ਤੁਰਦੇ ਹੋਏ, ਕਈ ਵਾਰ ਅਜਿਹਾ ਮਹਿਸੂਸ ਹੁੰਦਾ ਸੀ ਜਿਵੇਂ ਪਤਝੜ ਸਮੇਂ ਤੋਂ ਪਹਿਲਾਂ ਆ ਗਈ ਹੋਵੇ। ਸੁੱਕੇ ਅਤੇ ਬੇਜਾਨ ਪੱਤੇ ਪੈਰਾਂ ਹੇਠ ਕੁਚਲ ਰਹੇ ਸਨ ਅਤੇ ਰੁੱਖਾਂ ਦੀਆਂ ਉੱਪਰਲੀਆਂ ਟਾਹਣੀਆਂ ਜਾਂ ਤਾਂ ਪੀਲੀਆਂ ਹੋ ਗਈਆਂ ਸਨ ਜਾਂ ਪੂਰੀ ਤਰ੍ਹਾਂ ਨੰਗੀਆਂ ਸਨ। ਇਹ ਇੱਕ ਵੱਡੀ ਸਮੱਸਿਆ ਹੈ, ਕਿਉਂਕਿ ਵੱਡੇ ਅਤੇ ਸੰਘਣੇ ਰੁੱਖ ਸਾਡੇ ਸ਼ਹਿਰਾਂ ਨੂੰ ਰਹਿਣ ਯੋਗ ਬਣਾਉਣ ਵਿੱਚ ਮਦਦ ਕਰਦੇ ਹਨ। ਇਹ ਸੂਰਜ ਦੀ ਰੌਸ਼ਨੀ ਨੂੰ ਰੋਕਦੇ ਹਨ, ਪ੍ਰਦੂਸ਼ਣ ਘਟਾਉਂਦੇ ਹਨ, ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ, ਜੰਗਲੀ ਜੀਵਾਂ ਲਈ ਰਿਹਾਇਸ਼ ਪ੍ਰਦਾਨ ਕਰਦੇ ਹਨ, ਭਾਰੀ ਮੀਂਹ ਦੇ ਪਾਣੀ ਨੂੰ ਸੋਖਦੇ ਹਨ ਅਤੇ ਇੱਥੋਂ ਤੱਕ ਕਿ ਲੋਕਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਵੀ ਸੁਧਾਰਦੇ ਹਨ। ਤਿੰਨ ਵਿੱਚੋਂ ਇੱਕ ਰੁੱਖ ਖਤਰੇ ਵਿੱਚ ਹੈ। ਅਮਰੀਕਾ ਵਿੱਚ ਕਾਰਨੇਲ ਯੂਨੀਵਰਸਿਟੀ ਵਿੱਚ ਅਰਬਨ ਹਾਰਟੀਕਲਚਰ ਇੰਸਟੀਚਿਊਟ ਚਲਾਉਂਦੀ ਨੀਨਾ ਬਾਸੁਕ ਨੇ ਦੱਸਿਆ ਕਿ ਜਦੋਂ ਰੁੱਖ ਅਲੋਪ ਹੋ ਜਾਂਦੇ ਹਨ, ਤਾਂ ਇਹ ਚੀਜ਼ਾਂ ਅਲੋਪ ਹੋ ਜਾਂਦੀਆਂ ਹਨ। ਵਿਗਿਆਨੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਰੁੱਖਾਂ ਨੂੰ ਕਿਵੇਂ ਬਚਾਇਆ ਜਾਵੇ ਅਤੇ ਭਵਿੱਖ ਲਈ ਬਿਹਤਰ ਰੁੱਖ ਕਿਵੇਂ ਚੁਣੇ ਜਾਣ? ਸ਼ਹਿਰਾਂ ਵਿੱਚ ਰੁੱਖਾਂ ਦੀ ਲੋੜ ਕਿਉਂ ਹੈ? ਮਨੁੱਖਾਂ ਨੇ ਉਦਯੋਗਾਂ ਨੂੰ ਚਲਾਉਣ ਅਤੇ ਘਰਾਂ ਨੂੰ ਗਰਮ ਕਰਨ ਲਈ ਜੈਵਿਕ ਬਾਲਣ ਸਾੜਿਆ ਹੈ, ਜਿਸ ਨਾਲ ਧਰਤੀ ਗਰਮ ਹੋਈ ਹੈ। ਜਲਵਾਯੂ ਤਬਦੀਲੀ ਤੇਜ਼ੀ ਨਾਲ ਹੋ ਰਹੀ ਹੈ। ਅਜਿਹੀ ਸਥਿਤੀ ਵਿੱਚ, ਸ਼ਹਿਰੀ ਰੁੱਖਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਲੂਣ ਮਜ਼ਦੂਰ ਪੱਖੇ ਅਤੇ ਰੁੱਖਾਂ ਦੀ ਛਾਂ ਤੋਂ ਬਿਨਾਂ ਜਾਨਲੇਵਾ ਹਾਲਤਾਂ ਵਿੱਚ ਕਿਵੇਂ ਕੰਮ ਕਰਦੇ ਹਨ? ਅਜਿਹਾ ਕਿਉਂ ਹੈ? ਇਹ ਇਸ ਲਈ ਹੈ ਕਿਉਂਕਿ ਇਹ ਰੁੱਖ ਅਸਲ ਵਿੱਚ ਵਿਸ਼ਾਲ ਏਅਰ ਕੰਡੀਸ਼ਨਰਾਂ ਵਾਂਗ ਕੰਮ ਕਰਦੇ ਹਨ, ਜੋ ਗਰਮ ਸ਼ਹਿਰਾਂ ਵਿੱਚ ਇੱਕ ਮਹੱਤਵਪੂਰਨ ਫ਼ਰਕ ਪਾਉਂਦੇ ਹਨ। ਇੱਕ ਰੁੱਖ ਦੀ ਸੰਘਣੀ ਛਾਂ ਹੇਠ ਤਾਪਮਾਨ ਆਲੇ ਦੁਆਲੇ ਦੇ ਖੇਤਰ ਨਾਲੋਂ ਤਿੰਨ ਡਿਗਰੀ ਤੱਕ ਘੱਟ ਹੋ ਸਕਦਾ ਹੈ। ਇਹ ਭਾਫ਼-ਪ੍ਰਸਾਰਣ ਦੇ ਕਾਰਨ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚ, ਰੁੱਖ ਪਾਣੀ ਨੂੰ ਸੋਖ ਲੈਂਦੇ ਹਨ ਅਤੇ ਆਪਣੇ ਪੱਤਿਆਂ ਰਾਹੀਂ ਪਾਣੀ ਦੀ ਭਾਫ਼ ਛੱਡਦੇ ਹਨ। ਇਸ ਤੋਂ ਇਲਾਵਾ, ਰੁੱਖ ਛਾਂ ਪ੍ਰਦਾਨ ਕਰਦੇ ਹਨ, ਆਲੇ ਦੁਆਲੇ ਦੇ ਖੇਤਰ ਨੂੰ ਬਹੁਤ ਜ਼ਿਆਦਾ ਗਰਮ ਹੋਣ ਤੋਂ ਰੋਕਦੇ ਹਨ। ਬ੍ਰੌਨਸ਼ਵੇਗ ਦੀ ਟੈਕਨੀਕਲ ਯੂਨੀਵਰਸਿਟੀ ਦੇ ਇੰਸਟੀਚਿਊਟ ਆਫ਼ ਜੀਓਈਕੋਲੋਜੀ ਦੇ ਹਾਈਡ੍ਰੋਲੋਜਿਸਟ ਮੈਥਿਆਸ ਬੇਅਰ ਕਹਿੰਦੇ ਹਨ ਕਿ ਜਦੋਂ ਅਸੀਂ ਇੱਕ ਰੁੱਖ ਦੇ ਹੇਠਾਂ ਖੜ੍ਹੇ ਹੁੰਦੇ ਹਾਂ, ਤਾਂ ਅਸੀਂ ਜੋ ਤਾਪਮਾਨ ਮਹਿਸੂਸ ਕਰਦੇ ਹਾਂ ਉਹ ਇਸਦੇ ਨਾਲ ਵਾਲੇ ਤਾਪਮਾਨ ਨਾਲੋਂ 10 ਤੋਂ 12 ਡਿਗਰੀ ਸੈਲਸੀਅਸ ਘੱਟ ਹੋ ਸਕਦਾ ਹੈ। ਕਈ ਅਧਿਐਨਾਂ ਨੇ ਸੰਘਣੇ ਅਤੇ ਮਜ਼ਬੂਤ ਰੁੱਖਾਂ ਦੇ ਕਈ ਹੋਰ ਫਾਇਦੇ ਦੱਸੇ ਹਨ। ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਜ਼ਿਆਦਾ ਰੁੱਖਾਂ ਵਾਲੇ ਸ਼ਹਿਰਾਂ ਵਿੱਚ ਦਿਲ ਦੀ ਬਿਮਾਰੀ ਦੀ ਦਰ ਘੱਟ ਸੀ। ਇੱਕ ਹੋਰ ਅਧਿਐਨ ਨੇ ਸਿੱਟਾ ਕੱਢਿਆ ਕਿ ਸਕੂਲਾਂ ਦੇ ਆਲੇ ਦੁਆਲੇ ਜਿੰਨੀ ਜ਼ਿਆਦਾ ਹਰਿਆਲੀ ਹੋਵੇਗੀ, ਹਾਈ ਸਕੂਲ ਦੇ ਵਿਦਿਆਰਥੀਆਂ ਦੇ ਗ੍ਰੇਡ ਓਨੇ ਹੀ ਵਧੀਆ ਹੋਣਗੇ। ਹੋਰ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਗਰਭ ਅਵਸਥਾ ਦੌਰਾਨ ਹਰਿਆਲੀ ਵਿੱਚ ਜ਼ਿਆਦਾ ਸਮਾਂ ਬਿਤਾਉਣ ਨਾਲ ਨਵਜੰਮੇ ਬੱਚਿਆਂ ਦੀ ਸਿਹਤ ਵਿੱਚ ਸੁਧਾਰ ਹੋ ਸਕਦਾ ਹੈ। ਸੋਕੇ ਵਿੱਚ ਰੁੱਖਾਂ ਨੂੰ ਜਿਉਣ ਲਈ ਕਿੰਨਾ ਪਾਣੀ ਚਾਹੀਦਾ ਹੈ? ਜਦੋਂ ਕਿ ਗਰਮ ਮੌਸਮ ਰੁੱਖਾਂ ਦੀਆਂ ਜ਼ਰੂਰਤਾਂ ਨੂੰ ਵਧਾਉਂਦੇ ਹਨ, ਉਹ ਉਨ੍ਹਾਂ ਲਈ ਵਧਣ-ਫੁੱਲਣ ਨੂੰ ਵੀ ਮੁਸ਼ਕਿਲ ਬਣਾਉਂਦੇ ਹਨ। ਸਿਹਤਮੰਦ ਰੁੱਖਾਂ ਨੂੰ ਰੋਜ਼ਾਨਾ ਘੱਟੋ-ਘੱਟ 10 ਤੋਂ 15 ਲੀਟਰ ਪਾਣੀ ਦੀ ਲੋੜ ਹੁੰਦੀ ਹੈ, ਪਰ ਸੰਘਣੇ ਪੱਤਿਆਂ ਦੇ ਢੱਕਣ ਵਾਲੇ ਪੂਰੀ ਤਰ੍ਹਾਂ ਵਧੇ ਹੋਏ ਰੁੱਖਾਂ ਨੂੰ ਚਾਰ ਗੁਣਾ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਜਦੋਂ ਕਿ ਸ਼ਹਿਰ ਅਕਸਰ ਨਵੇਂ ਰੁੱਖ ਲਗਾਉਣ 'ਤੇ ਧਿਆਨ ਕੇਂਦ੍ਰਤ ਕਰਦੇ ਹਨ ਜਿਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅਸਲ ਤਰਜੀਹ ਉਨ੍ਹਾਂ ਪੁਰਾਣੇ ਰੁੱਖਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਜੋ ਇਸ ਮੌਸਮ ਵਿੱਚ ਬਚਣ ਲਈ ਸੰਘਰਸ਼ ਕਰ ਰਹੇ ਹਨ। ਖੋਜ ਦਰਸਾਉਂਦੀ ਹੈ ਕਿ 20-ਮੀਟਰ ਦੇ ਘੇਰੇ ਵਾਲੇ ਇੱਕ ਪੁਰਾਣੇ ਰੁੱਖ ਦੇ ਫਾਇਦਿਆਂ ਦੀ ਭਰਪਾਈ ਕਰਨ ਲਈ ਲਗਭਗ 400 ਪੌਦੇ ਲੱਗਣਗੇ। ਇੱਕ ਵਾਰ ਰੁੱਖ ਪੂਰੀ ਤਰ੍ਹਾਂ ਵਧ ਜਾਣ ਤੋਂ ਬਾਅਦ, ਉਨ੍ਹਾਂ ਦੇ ਫਾਇਦੇ ਕਈ ਗੁਣਾ ਹੋ ਜਾਂਦੇ ਹਨ, ਪਰ ਇਸ ਲਈ ਸਮਾਂ ਅਤੇ ਦੇਖਭਾਲ ਦੀ ਲੋੜ ਹੁੰਦੀ ਹੈ। ਸਵੀਡਿਸ਼ ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਿਜ਼ ਦੇ ਖੋਜਕਰਤਾ ਹੈਨਰਿਕ ਸਜੋਮੈਨ ਕਹਿੰਦੇ ਹਨ ਕਿ ਬਹੁਤ ਸਾਰੇ ਰੁੱਖ ਵਾਤਾਵਰਣ ਅਤੇ ਮਨੁੱਖਾਂ ਲਈ ਪੂਰੀ ਤਰ੍ਹਾਂ ਲਾਭਦਾਇਕ ਬਣਨ ਲਈ 40-50 ਸਾਲ ਲੈਂਦੇ ਹਨ। ਰੁੱਖਾਂ ਨੂੰ ਪਾਣੀ ਦੇਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਰੁੱਖਾਂ ਨੂੰ ਥੋੜ੍ਹੇ ਸਮੇਂ ਵਿੱਚ ਵੱਡੀ ਮਾਤਰਾ ਵਿੱਚ ਪਾਣੀ ਦਿੱਤਾ ਜਾਵੇ, ਤਾਂ ਜੋ ਇਹ ਮਿੱਟੀ ਦੀਆਂ ਉੱਪਰਲੀਆਂ ਪਰਤਾਂ ਵਿੱਚ ਰਹਿਣ ਦੀ ਬਜਾਏ ਮਿੱਟੀ ਵਿੱਚ ਡੂੰਘਾਈ ਨਾਲ ਪ੍ਰਵੇਸ਼ ਕਰ ਜਾਵੇ ਜਿੱਥੇ ਜ਼ਿਆਦਾਤਰ ਪਾਣੀ ਭਾਫ਼ ਬਣ ਜਾਂਦਾ ਹੈ। ਨਵੇਂ ਲਗਾਏ ਗਏ ਰੁੱਖਾਂ ਲਈ, ਅਕਸਰ ਤਣੇ ਦੇ ਆਲੇ-ਦੁਆਲੇ ਇੱਕ ਧਾਤ ਜਾਂ ਮਜ਼ਬੂਤ ਪਲਾਸਟਿਕ ਦੀ ਰਿੰਗ ਰੱਖੀ ਜਾਂਦੀ ਹੈ। ਜਿੱਥੇ ਇਹ ਉਪਲਬਧ ਨਹੀਂ ਹੈ, ਉੱਥੇ ਪਾਣੀ ਇਕੱਠਾ ਕਰਨ ਲਈ ਰੁੱਖ ਦੇ ਦੁਆਲੇ ਇੱਕ ਖੋਖਲਾ ਡਿਪਰੈਸ਼ਨ ਪੁੱਟਿਆ ਜਾ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਜ਼ਮੀਨ ਦੇ ਉੱਪਰਲੀਆਂ ਜੜ੍ਹਾਂ ਨੂੰ ਨੁਕਸਾਨ ਨਾ ਪਹੁੰਚਾਉਣ ਦਾ ਧਿਆਨ ਰੱਖਣਾ ਚਾਹੀਦਾ ਹੈ।

ਜਦੋਂ ਜਲਵਾਯੂ ਅਨੁਕੂਲਨ ਦੀ ਗੱਲ ਆਉਂਦੀ ਹੈ, ਤਾਂ ਮੁੱਖ ਸਵਾਲ ਇਹ ਹੈ ਕਿ ਕਿਹੜੇ ਰੁੱਖ ਲਗਾਉਣੇ ਹਨ। ਸਯੋਮਨ ਕਹਿੰਦਾ ਹੈ ਕਿ ਪਹਿਲਾਂ, ਸ਼ਹਿਰੀ ਪੌਦੇ ਲਗਾਉਣ ਲਈ ਰੁੱਖਾਂ ਨੂੰ ਸੁਹਜ ਅਤੇ ਡਿਜ਼ਾਈਨ ਦੇ ਆਧਾਰ 'ਤੇ ਚੁਣਿਆ ਜਾਂਦਾ ਸੀ। ਇਸ ਨਾਲ ਇੱਕੋ ਕਿਸਮ ਦੇ ਰੁੱਖ ਦੀ ਜ਼ਿਆਦਾ ਬਿਜਾਈ ਹੋਈ, ਜੋ ਕਿ ਕੀੜਿਆਂ ਅਤੇ ਬਿਮਾਰੀਆਂ ਲਈ ਆਸਾਨੀ ਨਾਲ ਕਮਜ਼ੋਰ ਸੀ। 20ਵੀਂ ਸਦੀ ਵਿੱਚ ਡੱਚ ਐਲਮ ਬਿਮਾਰੀ ਦੁਆਰਾ ਪੂਰੀ ਰੁੱਖਾਂ ਦੀ ਆਬਾਦੀ ਨੂੰ ਮਿਟਾਉਣ ਦੀਆਂ ਡਰਾਉਣੀਆਂ ਕਹਾਣੀਆਂ ਨੇ ਸ਼ਹਿਰੀ ਜੰਗਲਾਤ ਯੋਜਨਾਬੰਦੀ ਨੂੰ ਬਦਲਣ ਵਿੱਚ ਮਦਦ ਕੀਤੀ, ਜਿਸ ਨਾਲ ਵਿਭਿੰਨ ਰੁੱਖਾਂ ਦੀਆਂ ਕਿਸਮਾਂ ਅਤੇ ਜਲਵਾਯੂ-ਅਨੁਕੂਲ ਰੁੱਖਾਂ 'ਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਗਿਆ।

(ਬਾਕੀ ਸਫ਼ਾ 27 'ਤੇ)



# ਕੋਟੀ

ਮੰਗਤ ਕੁਲਜਿੰਦ

ਛੇ ਮਹੀਨੇ ਹੋ ਗਏ ਮਨਮੀਤ ਨੂੰ ਇਹ ਦੁਨੀਆ ਛੱਡ ਕੇ ਗਿਆਂ, ਸ੍ਰਿਸ਼ਟੀ ਅਜੇ ਤੱਕ ਸਹਿਜ ਨਹੀਂ ਸੀ ਹੋ ਸਕੀ। ਜ਼ਿੰਦਗੀ ਉਹਨੂੰ ਬੋਝ ਜਾਪਦੀ ਸੀ, ਅੱਖਾਂ 'ਚੋਂ ਅੱਥਰੂ ਮੁੱਕਣ ਦਾ ਨਾਂ ਨਹੀਂ ਸਨ ਲੈ ਰਹੇ। "ਉਹਦੇ ਬਿਨਾਂ ਪਹਾੜ ਜਿੱਡੀ ਜ਼ਿੰਦਗੀ ਕਿਵੇਂ ਨਿਕਲੇਗੀ ?" ਕਈ ਵਾਰ ਉਹ ਸੋਚਦੀ, "ਜਾਣ ਦੀ ਤਿਆਰੀ ਤਾਂ ਮੇਰੀ ਸੀ, ਆਹ ਅਚਿੰਤੇ ਬਾਜ਼ ਪਤਾ ਨਹੀਂ ਕਿੱਥੋਂ ਆਣ ਪਏ ?" ਅਜੇ ਇੰਨਾ ਕੁ ਸਕੂਨ ਤਾਂ ਮਨ ਨੂੰ ਸੀ ਕਿ ਨੌਕਰੀਆਂ ਕਰਦੇ ਪੁੱਤਰ ਅਤੇ ਉਨ੍ਹਾਂ ਦੀਆਂ ਘਰਵਾਲੀਆਂ ਦੁੱਖ-ਸੁੱਖ ਪੁੱਛਦੇ ਰਹਿੰਦੇ ਸਨ। ਪੁੱਤਰਾਂ ਨੂੰ ਤਾਂ ਬਾਹਲੀ ਚਿੰਤਾ ਰਹਿੰਦੀ, ਹੌਸਲਾ ਦਿੰਦੇ ਰਹਿੰਦੇ। ਉਂਝ ਆਉਣ-ਜਾਣ ਵਾਲਿਆਂ ਦਾ ਸਿਲਸਿਲਾ ਵੀ ਦਿਨੋ-ਦਿਨ ਘੱਟ ਗਿਆ ਸੀ। "ਮੰਮੀ... ਕਿਸੇ ਦਿਨ ਡੈਡੀ ਦੇ ਕਮਰੇ ਦੀ ਸਾਫ਼-ਸਫ਼ਾਈ ਕਰ ਦੇਈਏ, ਅਸੀਂ ਨਾਲ ਲੱਗ ਜਾਵਾਂਗੇ ਪਰ ਉਂਝ ਜੇ ਤੁਸੀਂ ਹੀ ਕਰ ਲਿਆ ਕਰੋ ਹੌਲੀ-ਹੌਲੀ ਤਾਂ ਥੋਡਾ ਟਾਈਮ ਪਾਸ ਹੋ ਜਾਇਆ ਕਰੂ...!" ਵੱਡੇ ਪੁੱਤਰ ਨੇ ਕਿਹਾ। "ਪੁੱਤ ਕਰਾਂਗੀ ਤਾਂ ਮੈਂ ਹੀ ਕਿਸੇ ਦਿਨ, ਮੇਰਾ ਚਿੱਤ ਜਰਾ ਟਿਕ ਲੈਣ ਦਿਓ...!" "ਨਾਲੇ ਜੇ ਕੋਈ ਵਾਧੂ ਸਾਮਾਨ ਹੋਇਆ, ਕੱਢ ਦੇਣਾ- ਸੁੱਟ ਦੇਵਾਂਗੇ। ਜੇ ਕਿਸੇ ਦੇ ਕੰਮ ਆਉਣ ਵਾਲਾ ਹੋਇਆ ਤਾਂ ਉਨ੍ਹਾਂ ਨੂੰ ਦੇ ਦਿਆਂਗੇ।" ਪੁੱਤਰ ਨੇ ਸੁਭਾਵਿਕ ਹੀ ਕਿਹਾ, "ਨਾਲੇ ਸਾਮਾਨ ਕੀ ਹੋਣੈ ? ਕਿਤਾਬਾਂ, ਰਸਾਲੇ, ਕਾਪੀਆਂ ਹੀ ਹੋਣਗੇ, ਕਿਸੇ ਦੇ ਕੀ ਕੰਮ ਆਉਣਗੇ ?" ਸ੍ਰਿਸ਼ਟੀ ਨੂੰ ਸੁਣ ਕੇ ਕੁਝ ਮਹਿਸੂਸ ਹੋਇਆ ਜਦੋਂਕਿ ਉਹ ਆਪ ਸਾਰੀ ਉਮਰ ਮਨਮੀਤ ਨਾਲ ਸਹਿਮਤ ਨਹੀਂ ਸੀ ਹੋ ਸਕੀ। ਉਸਦੇ ਚੌਵੀਂ ਘੰਟੇ ਆਹ ਲਿਖਣ-ਪੜ੍ਹਨ ਦੇ ਆਹਰੇ ਲੱਗੇ ਰਹਿਣ, ਕਿਤਾਬਾਂ ਛਪਵਾਉਣ 'ਤੇ ਢੇਰਾਂ ਖਰਚੇ ਕਰਨ, ਪ੍ਰੋਗਰਾਮਾਂ 'ਤੇ ਤੁਰੇ ਰਹਿੰਦਿਆਂ ਕਿਰਾਏ ਭਾੜੇ ਯਾਨੀ ਕਿ ਘਰ ਫੂਕ ਤਮਾਸ਼ਾ ਦੇਖਣ ਅਤੇ ਘਰ ਦੇ ਕੰਮਾਂ (ਉਸਦੇ ਅਤੇ ਬੱਚਿਆਂ ਦੇ ਮੁਤਾਬਿਕ) ਤੋਂ ਟਲਦੇ ਰਹਿਣ ਦੀ ਆਦਤ ਤੋਂ ਅਕਸਰ ਹੀ ਔਖੀ ਰਹਿੰਦੀ ਸੀ ਪਰ ਅੱਜ 'ਸੁੱਟ ਦਿਆਂਗੇ' ਸ਼ਬਦ ਉਸ ਦੇ ਮਨ 'ਤੇ ਚੋਟ ਜਿਹੀ ਪਹੁੰਚਾ ਗਏ ਕਿ ਬੰਦਾ ਤਾਂ ਅਜੇ ਰਾਹੇ ਤੁਰਿਆ ਜਾ ਰਿਹਾ ਹੁੰਦਾ ਹੈ ਤੇ ਉਸ ਦਾ ਸਾਮਾਨ ਇਉਂ ਹੀ ਵਾਧੂ ਹੋ ਜਾਂਦਾ ਹੈ ? 'ਕੀ ਸਭ ਦਾ ਅਜਿਹਾ ਹੀ ਹਾਲ ਹੁੰਦੈ ?' ਮਨ ਉਚਾਟ ਹੋਣ ਲੱਗਿਆ ਸੀ ਪਰ ਯਾਦ ਆ ਗਿਆ- ਕਿਸੇ ਵੇਲੇ, ਆਪਣੇ ਸਹੁਰੇ ਦੀ ਮੌਤ ਤੋਂ ਬਾਅਦ ਸ੍ਰਿਸ਼ਟੀ ਦੀ ਭਰਜਾਈ ਵੱਲੋਂ ਕਹੀ ਗੱਲ ਕਿ ਆਹ ਬਾਈ ਜੀ ਦਾ ਵਾਧੂ ਪਿਆ ਸਾਮਾਨ ਸੁੱਟ ਦੇਈਏ, ਉਦੋਂ ਗੁੱਸੇ ਹੋਈ ਸ੍ਰਿਸ਼ਟੀ ਨੂੰ ਸਮਝਾਉਂਦਿਆਂ ਮਨਮੀਤ ਨੇ ਕਿਹਾ ਸੀ, "ਕਿਉਂ ਐਵੇਂ ਮਨ ਨੂੰ ਤਪਾਈ ਜਾਨੀ ਐਂ ? ਆਪਾਂ ਨੂੰ ਪਤੈ ਜੋ ਚਲਾ ਗਿਆ ਉਸਦਾ ਸਾਮਾਨ ਕਿਸੇ ਦੇ ਕੀ ਕੰਮ ਆਉਣੈ ? ਵੱਡੇ-ਵੱਡੇ ਰਾਜਿਆਂ ਮਹਾਰਾਜਿਆਂ ਦੇ ਢੇਰਾਂ ਦੇ ਢੇਰ ਸਾਮਾਨ ਉਨ੍ਹਾਂ ਦੇ ਗਿਆਂ ਮਗਰੋਂ ਸੁੱਟ ਹੀ ਦਿੱਤੇ ਗਏ ਨੇ, ਅੱਜ ਕਿੱਥੇ ਨੇ ਮਹਿਲਾਂ ਵਿੱਚ ਉਨ੍ਹਾਂ ਦੇ ਸਾਮਾਨ ਦੇ ਅੰਬਾਰ ? ਜੀਹਦਾ ਸਾਮਾਨ ਹੁੰਦੈ ਉਹਦੇ ਨਾਲ ਹੀ ਉਸਦੀ ਕੀਮਤ ਖ਼ਤਮ ਹੋ ਜਾਂਦੀ ਹੈ, ਦੂਸਰੇ ਲਈ ਤਾਂ ਉਹ ਕਬਾੜ ਹੀ ਹੁੰਦਾ ਹੈ। ਨਾਲੇ ਪੁਰਾਣਾ ਸਾਮਾਨ ਬਾਹਰ ਜਾਵੇਗਾ ਤਾਂ ਹੀ ਨਵਾਂ ਅੰਦਰ ਆਵੇਗਾ। ਇਹ ਆਉਣਾ-ਜਾਣਾ ਤਾਂ ਬਣਿਆ ਹੀ ਰਹਿੰਦੈ, ਜੇ ਕੋਈ ਕਹਿ ਵੀ ਦੇਵੇ ਤਾਂ ਦੁੱਖ ਕਾਹਦਾ ?" "ਪਰ ਕੀਤਾ ਵੀ ਕੀ ਜਾਵੇ, ਚੰਦਰਾ ਮਨ ਤਾਂ ਤੜਪਦਾ ਹੀ ਹੈ, ਅੱਖਾਂ ਸਾਹਮਣੇ ਇਹ ਕੁਝ ਹੁੰਦਿਆਂ ਦੇਖ ਦੁੱਖ ਤਾਂ ਹੁੰਦਾ ਹੀ ਹੈ।" ਇੱਕ ਦਿਨ ਮਨ ਤਕੜਾ ਜਿਹਾ ਕਰਕੇ ਸ੍ਰਿਸ਼ਟੀ ਨੇ ਆਪਣੇ ਆਪ ਨੂੰ ਕਿਹਾ, "ਚੱਲ ਮਨਾਂ, ਅੱਜ ਬੱਚੇ ਵੀ ਬਾਹਰ ਗਏ ਨੇ ਕਮਰੇ 'ਚ ਹੱਥ ਮਾਰ ਲਵਾਂ। ਕਿੰਨਾ ਚਿਰ ਹੋ ਗਿਆ, ਕਦੇ ਉਹਦੇ ਕਮਰੇ ਦੀ ਸਫ਼ਾਈ ਹੀ ਨਹੀਂ ਕੀਤੀ। ਆਪ ਭਾਵੇਂ ਉਹ ਲੇਖਕਾਂ ਵਾਂਗੂੰ ਮਨਮੌਜੀ ਹੀ ਸੀ ਪਰ ਫਿਰ ਵੀ ਵਰ੍ਹੇ-ਛਿਮਾਹੀ ਕਿਤਾਬਾਂ ਅਲਮਾਰੀਆਂ ਦੀ ਝਾੜ-ਪੂੰਝ ਤਾਂ ਕਰ ਹੀ ਲੈਂਦਾ ਸੀ।" ਅੰਦਰ ਵੜਦਿਆਂ ਹੀ ਇੱਕ ਚੀਸ ਜਿਹੀ ਕਾਲਜੇ 'ਚ ਉੱਠੀ, "ਇੱਥੇ ਬੈਠੇ ਰਹਿੰਦੇ 'ਸ੍ਰਿਸ਼ਟੀ ਚਾਹ ਲਿਆਈਂ, ਸ੍ਰਿਸ਼ਟੀ ਰੋਟੀ ਉਰਾਂ ਹੀ ਫੜਾ ਜਾ' ਹੁਕਮ ਝਾੜੀ ਜਾਂਦੇ। ਆਹ ਪਈ ਕੁਰਸੀ... ਹੁਣ ਭਾਂਅ ਭਾਂਅ ਕਰਦੀ। ਹੁਣ ਕਦੋਂ ਬੈਠਣਾ ਉਸ ਆ ਕੇ ?"

ਉਹਨੂੰ ਕੁਝ ਸਮਝ ਨਾ ਆਵੇ ਕਿੱਧਰੋਂ ਸ਼ੁਰੂ ਕਰੇ ? ਜਿਉਂ ਹੀ ਉਸ ਨੇ ਪਹਿਲੀ ਕਿਤਾਬ ਨੂੰ ਹੱਥ ਲਾਇਆ ਤਾਂ ਗਰਦ ਉਡ ਕੇ ਉਸਦੇ ਮੂੰਹ ਨੂੰ ਚੁੰਮ ਗਈ। ਨਾਲੇ ਇਹ ਗਰਦ ਕੋਈ ਇੱਕ ਦੋ ਦਿਨਾਂ ਦੀ ਤਾਂ ਨਹੀਂ ਸੀ, ਇਹ ਤਾਂ ਜਦੋਂ ਦਾ ਮਨਮੀਤ ਨਰਵ-ਸਿਸਟਮ ਦੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ ਮੰਜੇ ਨਾਲ ਜੁੜ ਗਿਆ ਅਤੇ ਚਾਰ ਸਾਲ ਦਾ ਸਮਾਂ ਉਸ ਮੰਜੇ 'ਤੇ ਹੀ ਕੱਟਿਆ ਸੀ। ਕਮਰੇ ਵਿੱਚ ਝਾੜਨ ਦਾ ਕੰਮ ਤਾਂ ਕਿਸੇ ਨੇ ਕੀਤਾ ਹੀ ਨਹੀਂ ਸੀ। ਜਦੋਂ ਉਹ ਬਿਮਾਰ ਹੋਇਆ ਸੀ ਤਾਂ ਡਾਕਟਰਾਂ ਨੇ ਗਰਦ ਤੋਂ ਬਚਾਅ ਰੱਖਣ ਦੀ ਤਾਕੀਦ ਕੀਤੀ ਸੀ। ਭਾਵੇਂ ਗਰਦ ਤੋਂ ਬਚਾਅ ਲਈ ਸ੍ਰਿਸ਼ਟੀ ਨੂੰ ਵੀ ਹਦਾਇਤਾਂ ਸਨ ਪਰ ਫਿਰ ਵੀ ਅੱਜ ਉਸਨੇ ਪਾਟੇ ਪੁਰਾਣੇ ਕੱਪੜੇ ਲੈ ਕੇ ਹੌਲੀ-ਹੌਲੀ ਅਲਮਾਰੀਆਂ 'ਚ ਪਈਆਂ ਕਿਤਾਬਾਂ ਨੂੰ ਝਾੜਨਾ ਸ਼ੁਰੂ ਕੀਤਾ। ਇੱਕ ਅਲਮਾਰੀ 'ਚ ਤੁੰਨੀਆਂ ਪਈਆਂ ਫਾਈਲਾਂ ਉਪਰ ਕੱਪੜਾ ਮਾਰਿਆ ਹੀ ਸੀ ਕਿ ਉਪਰਲੇ ਖਾਨੇ 'ਚੋਂ ਥੱਬਾ ਫਾਈਲਾਂ ਥੱਲੇ ਡਿੱਗ ਕੇ ਖਿੱਲਰ ਗਈਆਂ। ਫਾਈਲਾਂ ਦੀ ਫਰੋਲਾ-ਫਰਾਲੀ ਕਰਦਿਆਂ ਇੱਕ ਘਸਿਆ ਜਿਹਾ ਫਾਈਲ ਕਵਰ, ਜਿਸ ਵਿੱਚ ਉਸ ਨੂੰ ਕਾਗਜ਼ਾਂ ਦੀ ਥਾਂ ਕੁਝ ਹੋਰ ਪਿਆ ਲੱਗਿਆ। ਜਿਉਂ ਹੀ ਉਸ ਨੇ ਫਾਈਲ 'ਤੇ ਬੰਨੇ ਫੀਤੇ ਨੂੰ ਖੋਲ੍ਹਿਆ ਤਾਂ ਉਸ ਵਿੱਚ ਕਾਗਜ਼ਾਂ ਦੀ ਥਾਂ ਕਈ ਲਿਫਾਫਿਆਂ ਵਿੱਚ ਵਲੇਟਿਆ ਕੁਝ ਕੂਲਾ ਜਿਹਾ ਕੱਪੜਾ ਉਸਦੇ ਸਾਹਮਣੇ ਸੀ। ਜਿਉਂ ਹੀ ਉਸਨੇ ਬਾਹਰ ਕੱਢਿਆ ਤਾਂ ਕੱਪੜੇ ਤੋਂ ਭੁਰੇ ਲੂੰਅ ਜਿਹੇ ਉਸਦੀ ਮੁੱਠੀ ਵਿੱਚ ਆ ਗਏ, ਕੁਝ ਥੱਲੇ ਖਿੰਡ ਗਏ। ਉਸ ਨੇ ਜਿਉਂ ਹੀ ਉਸ ਦੀ ਤਹਿ ਖੋਲ੍ਹੀ ਤਾਂ ਉਸਦੇ ਮੂੰਹੋਂ ਨਿਕਲਿਆ,

"ਹੈਂਅ... ਉਹ ਕੋਟੀ...! ਇਹਦੇ ਬਾਰੇ ਤਾਂ ਉਹ ਕਹਿੰਦੇ ਸੀ ਮੈਂ ਸ੍ਰੀਨਗਰ ਹੋਟਲ ਵਿੱਚ ਭੁੱਲ ਆਇਆ ਹਾਂ," ਜਿੱਥੇ ਅੱਜ ਤੋਂ ਸੱਤ ਸਾਲ ਪਹਿਲਾਂ ਸੈਰ ਕਰਨ ਗਏ ਅਸੀਂ ਕਈ ਦਿਨਾਂ ਲਈ ਠਹਿਰੇ ਸੀ। ਉੱਥੇ ਵੀ ਇਨ੍ਹਾਂ ਨੇ ਕਈ ਵਾਰ ਇਹ ਕੋਟੀ ਪਾਈ ਸੀ, ਮੈਨੂੰ ਬਿਲਕੁਲ ਚੰਗੀ ਨਹੀਂ ਸੀ ਲੱਗਦੀ। ਆਪ ਹੀ ਉਹ ਇਸ ਕੋਟੀ ਨੂੰ ਸੰਭਾਲਦੇ ਸੀ। ਉੱਥੋਂ ਤੁਰਨ ਲੱਗਿਆਂ ਮੈਂ ਵੀ ਨਹੀਂ ਪੁੱਛਿਆ ਤੇ ਉਸ ਵੀ ਕੋਈ ਗੱਲ ਨਹੀਂ ਸੀ ਕੀਤੀ।

ਇਹ ਤਾਂ ਆਇਆਂ ਤੋਂ ਤੀਜੇ ਦਿਨ ਉਸਨੇ ਕਿਹਾ ਸੀ, "ਮੈਂ ਤਾਂ ਕੋਟੀ ਹੀ ਉੱਥੇ ਭੁੱਲ ਆਇਆਂ ਹਾਂ" ਤੇ ਮੈਂ ਵੀ ਵਿਅੰਗ ਕੱਸਦੀ ਨੇ ਕਿਹਾ ਸੀ, "ਬਿੱਲ 'ਤੇ ਹੋਟਲ ਵਾਲਿਆਂ ਦਾ ਨੰਬਰ ਹੈਗਾ, ਪੁੱਛ ਲਓ ਉਨ੍ਹਾਂ ਨੂੰ।" ਪਰ ਅੰਦਰੋਂ ਮੈਂ ਖੁਸ਼ ਸੀ, 'ਚਲੋ ਖਹਿੜਾ ਤਾਂ ਛੁੱਟਿਆ ਉਸਤੋਂ।' ਪਹਿਲਾਂ ਵੀ ਮੈਂ ਕਈ ਵਾਰੀ ਆਸੇ-ਪਾਸੇ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਕਿਵੇਂ ਨਾ ਕਿਵੇਂ ਮੁੜ-ਘੁੜ ਇਨ੍ਹਾਂ ਕੋਲ ਪਹੁੰਚ ਜਾਂਦੀ। ਉਦੋਂ ਇਨ੍ਹਾਂ ਨੇ ਵੀ ਥੋੜ੍ਹਾ ਮੂੰਹ ਮਸੋਸ ਕੇ ਕਿਹਾ ਸੀ, "ਚੱਲ... ਕਿਸੇ ਗਰੀਬ-ਗੁਰਬੜੇ ਦੇ ਕੰਮ ਆ ਜਾਵੇਗੀ।" ਪਰ ਉਦੋਂ ਇਨ੍ਹਾਂ ਲਿਆ ਕੇ ਇੱਥੇ ਲੁਕੋ ਦਿੱਤੀ ਹੋਵੇਗੀ। ਪਤਾ ਨਹੀਂ ਕਦੋਂ-ਕਦੋਂ ਕੱਢ ਕੇ ਇਹਨੂੰ ਵੇਂਹਦਾ ਹੋਵੇਗਾ ? ਮੇਰੇ ਮਨ 'ਚ ਓਨਾ ਚਿਰ ਵਹਿਮ ਹੀ ਰਿਹਾ ਸੀ ਕਿ ਇਸ ਕੋਟੀ ਨਾਲ ਇਹਦੀ ਕਿਸੇ ਪੁਰਾਣੇ ਇਸ਼ਕ ਦੀ ਕਹਾਣੀ ਜੁੜੀ ਹੋਵੇਗੀ, ਪਤਾ ਨਹੀਂ ਕਿਹੜੀ ਡੈਣ ਦੀ ਨਿਸ਼ਾਨੀ ਹੋਵੇਗੀ ? ਮੇਰੇ ਵਾਰ-ਵਾਰ ਪੁੱਛਣ 'ਤੇ ਵੀ ਇਹ ਗੱਲ ਨੂੰ ਹੱਸ ਕੇ ਟਾਲ ਦਿੰਦੇ ਸਨ। ਉਸ ਦਿਨ ਥੋੜ੍ਹਾ ਜਿਹਾ ਅਹਿਸਾਸ ਹੋਇਆ ਸੀ ਕਿ ਕੋਈ ਹੋਰ ਗੱਲ ਵੀ ਹੋ ਸਕਦੀ ਹੈ ਜਿੱਦਣ ਸਿਮਰਨ ਵੱਡੀ ਭੈਣ ਨੇ ਹੱਸਦਿਆਂ ਕਿਹਾ ਸੀ, "ਦੱਸ ਦਿਆਂ ਫਿਰ ਸ੍ਰਿਸ਼ਟੀ ਨੂੰ, ਕਾਲਜ ਜਾਂਦਿਆਂ ਕਿਵੇਂ ਰੁੱਸਿਆ ਸੀ ਅਤੇ ਮਾਂ ਨੇ ਦਿੱਤੀ ਸੀ ਧਨੇਸੜੀ।" ਗੱਲ ਓਦਣ ਇੰਝ ਹੋਈ ਸੀ- ਮੈਂ ਜਦੋਂ ਪੇਕੀ ਮਹੀਨਾ ਲਾ ਕੇ ਆਈ ਸੀ ਤਾਂ ਛੋਹਟੇ ਤੋਂ ਭਰਾ ਦੇ ਦੋਸਤ ਦੀ ਦੁਕਾਨ 'ਤੇ ਆਏ ਨਵੇਂ ਸਟਾਕ ਵਿੱਚ ਬਹੁਤ ਹੀ ਖਿੱਚ ਪਾਉਣ ਵਾਲੇ ਡਿਜ਼ਾਈਨ ਦੀ ਕੋਟੀ ਆਈ ਸੀ। ਉਸਨੇ ਸਪੈਸ਼ਲ ਆਪਣੇ ਜੀਜੇ ਲਈ ਉਹ ਕੋਟੀ ਭੇਜੀ ਸੀ ਅਤੇ ਆਉਂਦਿਆਂ ਮੈਂ ਜ਼ਿੱਦ ਕਰਕੇ ਉਹ ਕੋਟੀ ਭੈਣ ਦੇ ਬੈਠਿਆਂ ਇਨ੍ਹਾਂ ਨੂੰ ਪੁਵਾ ਦਿੱਤੀ। ਭੈਣ ਨੇ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਇਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਤਾਂ ਸੀ ਪਰ ਮੈਨੂੰ ਤਾਂ ਲੱਗ ਹੀ ਰਿਹਾ ਸੀ ਕਿ ਇਹ ਵੀ ਇਹਦੇ ਪਸੰਦ ਨਹੀਂ ਆਈ। ਉਦੋਂ ਭੈਣਜੀ ਨੇ ਮਿੱਠੀ ਝਿੜਕ ਦਿੰਦਿਆਂ ਕਿਹਾ ਸੀ, "ਮਹਾਰਾਜ ਜੀ... ਹੁਣ ਤਾਂ ਭਾਬੀ ਦਾ ਧੰਨਵਾਦ ਕਰਦੇ ਕਿ ਦੱਸ ਦਿਆਂ ਤੇਰੇ ਰੁੱਸਣ ਵਾਲੀ ਘਟਨਾ।" ਇਨ੍ਹਾਂ ਨੇ ਉਦੋਂ ਹੱਸ ਕੇ ਕਿਹਾ ਸੀ, "ਅਜਿਹੀਆਂ ਗੱਲਾਂ ਕੋਈ ਯਾਦ ਕਰਨ ਵਾਲੀਆਂ ਥੋੜ੍ਹਾ ਹੁੰਦੀਆਂ ਨੇ ?" ਪਰ ਮੇਰੀ ਜਗਿਆਸਾ ਵਧ ਗਈ ਸੀ। ਮੇਰੇ ਵਾਰ-ਵਾਰ ਪੁੱਛਣ 'ਤੇ ਭੈਣ ਜੀ ਨੇ ਦੱਸਿਆ ਸੀ ਜਦੋਂ ਇਹ ਅੰਮ੍ਰਿਤਸਰ ਡਾਕਟਰੀ ਦਾ ਕੋਰਸ ਕਰਨ ਆਇਆ ਸੀ ਉਨ੍ਹਾਂ ਸਾਲਾਂ 'ਚ ਰਿਕਾਰਡ-ਤੋੜ ਠੰਢ ਪਈ ਸੀ। ਅੰਮ੍ਰਿਤਸਰ ਸਭ ਤੋਂ ਵੱਧ ਠੰਢ ਪੈਂਦੀ ਸੀ। ਆਪਣੇ ਘਰ ਦੇ ਹਾਲਾਤ ਉਦੋਂ ਵਧੀਆ ਨਹੀਂ ਸਨ। ਬਾਈ ਜੀ ਬਿਮਾਰ ਰਹਿੰਦੇ ਸੀ, ਵੱਡਾ ਭਰਾ ਬੇਰੁਜ਼ਗਾਰ ਫਿਰਦਾ ਸੀ। ਛੋਟੀ ਜਿਹੀ ਦੁਕਾਨ 'ਚੋਂ ਘਰ ਦਾ ਖਰਚਾ ਮਸਾਂ ਨਿਕਲਦਾ ਸੀ। ਬਾਈ ਸੀ ਚਾਹੁੰਦੇ ਸਨ ਕਿ ਡਿੱਗਦਾ ਢਹਿੰਦਾ ਇਹ ਕੋਰਸ ਕਰਕੇ ਆਪਣੀ ਰੋਟੀ ਜੋਗਾ ਹੋ ਜਾਵੇ। ਉਦੋਂ ਇਹਦੇ ਕੋਲ ਇਕੋ ਹੀ ਸਵੈਟਰ ਹੁੰਦਾ ਸੀ। ਲੋਹੜਿਆਂ ਦੀ ਠੰਢ ਪੈ ਰਹੀ ਸੀ, ਕਾਲਜ 'ਚ ਛੁੱਟੀਆਂ ਹੋ ਜਾਣ ਕਰਕੇ ਇਹ ਵੀ ਘਰ ਆਇਆ ਸੀ। ਜਾਣ ਲੱਗਿਆ ਅੜ ਗਿਆ ਮੈਂ ਤਾਂ ਕੋਟੀ ਲੈਣੀ ਐ, ਉੱਥੇ ਕਲਾਸ ਦੇ ਸਾਰੇ ਮੁੰਡਿਆਂ ਕੁੜੀਆਂ ਦੇ ਨਵੀਆਂ ਤੋਂ ਨਵੀਆਂ ਕੋਟੀਆਂ ਪਾਈਆਂ ਹੁੰਦੀਆਂ ਹਨ। ਮੈਂ ਹੀ 'ਕੱਲਾ ਸਵੈਟਰ ਵਾਲਾ ਹੁੰਦਾ ਹਾਂ...! ਕੋਟੀ ਕਿੱਥੋਂ ਲੈ ਕੇ ਦਿੰਦੇ, ਘਰੇ ਤਾਂ ਦੋ ਡੰਗ ਦੀ ਰੋਟੀ ਦਾ ਵੀ ਫਿਕਰ ਰਹਿੰਦਾ ਸੀ। ਇਹ ਤਾਂ ਖਫ਼ਾ ਗਿਆ, ਤਿੰਨ ਡੰਗ ਰੋਟੀ ਹੀ ਨਾ ਖਾਧੀ। ਮਾਂ ਦਾ ਸੁਭਾਅ ਬਾਹਲਾ ਹੀ ਗਰਮ ਸੀ, ਇਹਦੇ ਲਾ ਵੀ ਦਿੱਤੀਆਂ, ਇਹ ਟੱਸ ਤੋਂ ਮੱਸ ਨਾ ਹੋਇਆ ਤਾਂ ਮਾਂ ਨੇ ਵੀ ਕਹਿਤਾ, "ਛੱਡੋ... ਨਾ ਜਾਣ ਦਿਓ ਪੜ੍ਹਨ ਇਹਨੂੰ, ਇੱਥੇ ਕਿਸੇ ਦੀ ਦੁਕਾਨ 'ਤੇ ਨੌਕਰ ਰਖਵਾਓ ਨਾਲੇ ਚਾਰ ਪੈਸੇ ਘਰੇ ਆਉਣਗੇ। ਆਪੇ ਸੁਰਤ ਟਿਕਾਣੇ ਆਜੂ।" "ਬਾਈ ਜੀ ਨੇ ਇਸਨੂੰ ਮਸਾਂ ਜਾਣ ਲਈ ਮਨਾਇਆ ਪਰ ਜਾਣ ਲੱਗਿਆ ਰੋਟੀ ਵੀ ਨਾ ਖਾ ਕੇ ਗਿਆ। ਸਾਨੂੰ ਦੁੱਖ ਤਾਂ ਬਹੁਤ ਹੋਇਆ ਪਰ ਕਰ ਕੁਝ ਨਾ ਸਕੇ। ਉਥੇ ਜਾ ਕੇ ਇਹਦਾ ਪਤਾ ਨਹੀਂ ਕੀ ਮਨ ਬਦਲਿਆ ਅਗਲੇ ਦੋ ਸਾਲ ਇਹਨੇ ਕੋਟੀ ਨਹੀਂ ਮੰਗੀ ਸਗੋਂ ਉਸੇ ਸਵੈਟਰ 'ਚ ਹੀ ਕੋਰਸ ਪੂਰਾ ਕੀਤਾ। ਮੈਂ ਕੋਸ਼ਿਸ਼ ਕੀਤੀ ਥੋਡੇ ਜੀਜੇ ਦੇ ਲਿਆਂਦੇ ਸਵੈਟਰ ਇਹਨੂੰ ਦੇਣ ਲਈ ਪਰ ਇਸ ਨੇ ਉਹ ਵੀ ਨਾ ਲਏ।"

"ਪਰ ਭੈਣ ਜੀ ਉਸ ਕੋਟੀ ਨਾਲ ਕੀ ਸੰਬੰਧ ਹੈ, ਜੀਹਦਾ ਇਹ ਭੋਰਾ ਵਿਸਾਹ ਨਹੀਂ ਕਰਦੇ।" "ਇਹਦਾ ਤਾਂ ਮੈਨੂੰ ਵੀ ਨਹੀਂ ਪਤਾ, ਕਹਿ ਦਿੰਦਾ ਮੈਨੂੰ ਇਹ ਕੋਟੀ ਬਹੁਤ ਹੀ ਵਧੀਆ ਲੱਗਦੀ ਹੈ।" ਅਨੇਕਾਂ ਟੈਸਟ ਕਰਨ ਤੋਂ ਬਾਅਦ ਜਦੋਂ ਡਾਕਟਰਾਂ ਨੇ ਮੇਰੇ ਬਾਰੇ ਕਿਹਾ ਸੀ ਕਿ ਇਹ ਫਿਰ ਹੀ ਬਚ ਸਕਦੀ ਹੈ ਜੇ ਆਪਾਂ ਇਹਦਾ ਲਿਵਰ, ਕਿਸੇ ਤੋਂ ਲਿਵਰ ਦਾਨ ਲੈ ਕੇ ਬਦਲੀਏ। ਉਦੋਂ ਇਹਦੀ ਦਿਨ-ਰਾਤ ਇੱਕ ਕਰ ਦੇਣ ਅਤੇ ਭੱਜ ਦੌੜ ਨੂੰ ਦੇਖ, ਮੈਨੂੰ ਆਪਣੇ ਆਪ ਨੂੰ ਲੱਗਦਾ ਸੀ ਕਿ ਇਹਦੀ ਜ਼ਿੰਦਗੀ ਵੀ ਮੈਂ ਨਰਕ ਬਣਾ ਦਿੱਤੀ। ਕਈ ਵਾਰ ਸੋਚਦੀ ਸਾਂ- ਰੱਬਾ ਜਲਦੀ ਲੈ ਜਾ ਮੈਨੂੰ। ਮੈਨੂੰ ਉਦਾਸ ਦੇਖ ਕੇ ਹੌਸਲਾ ਦੇਣ ਲਈ ਕੋਈ ਨਾ ਕੋਈ ਗੱਲ ਸੁਣਾਉਣ ਲੱਗਦੇ ਤਾਂ ਕਿ ਮੇਰਾ ਮਨ ਖੁਸ਼ ਰਹੇ। ਇਕ ਦਿਨ ਕਈ ਸਾਲਾਂ ਤੋਂ ਛੁਪਾ ਰੱਖਿਆ ਕੋਟੀ ਦਾ ਰਾਜ਼ ਵੀ ਇਨ੍ਹਾਂ ਖੋਲ੍ਹ ਦਿੱਤਾ, "ਸ੍ਰਿਸ਼ਟੀ, ਗੱਲ ਦੱਸਾਂ ਤੈਨੂੰ! ਤੂੰ ਮੈਨੂੰ ਵਾਰ-ਵਾਰ ਪੁੱਛਦੀ ਰਹਿੰਦੀ ਹੈ ਕਿ ਇਸ ਕੋਟੀ 'ਚ ਅਜਿਹਾ ਕੀ ਹੈ ਇਹਦਾ ਖਹਿੜਾ ਹੀ ਨਹੀਂ ਛੱਡਦੇ ਤਾਂ ਸੁਣ... ਭੈਣ ਜੀ ਨੇ ਓਦਣ ਤੈਨੂੰ ਮੁੱਢਲੀ ਗੱਲ ਮੇਰੇ ਕੋਰਸ ਵੇਲੇ ਦੀ, ਉਥੋਂ ਦੀ ਠੰਢ ਬਾਰੇ ਦੱਸ ਦਿੱਤੀ ਸੀ। ਉਥੇ ਉਸ ਉਮਰ ਵਿੱਚ ਸਾਥੀਆਂ-ਸਾਥਣਾਂ ਵਿੱਚ ਸਾਰੀ ਠੰਢ ਮੈਂ ਇੱਕ ਸਵੈਟਰ 'ਚ ਫਿਰਦਾ ਗਿਲਾਨੀ ਮਹਿਸੂਸ ਕਰਦਾ ਰਹਿੰਦਾ ਸੀ।

ਮੁੰਡੇ ਕੁੜੀਆਂ ਦੇ ਨਵੇਂ ਨਵੇਂ ਡਿਜ਼ਾਈਨ ਦੀਆਂ ਪਾਈਆਂ ਕੋਟੀਆਂ ਮੈਨੂੰ ਅੱਗ ਲਾ ਦਿੰਦੀਆਂ ਸਨ- ਕਦੇ ਸੋਚਦਾ ਯਾਰ ਮੈਂ ਕਿਸੇ ਦੀ ਕੋਟੀ ਚੋਰੀ ਕਰ ਲਵਾਂ ਜਾਂ ਕੋਈ ਮੁੰਡਾ ਹੀ ਮੈਨੂੰ ਆਪਣੀ ਕੋਟੀ ਦੇ ਦੇਵੇ। ਮੈਂ ਸੋਚਦਾ ਐਤਕੀਂ ਪਿੰਡ ਗਿਆਂ ਕਿਵੇਂ ਵੀ ਕਰਾਂ ਨਵੀਂ ਕੋਟੀ ਲੈ ਕੇ ਆਵਾਂਗਾ ਪਰ ਹਰ ਵਾਰ ਲੜ ਲੜਾ ਕੇ ਵਾਪਿਸ ਆ ਜਾਂਦਾ। ਇੱਕ ਵਾਰ ਬਾਈ ਜੀ ਜਦ ਮੈਨੂੰ ਸਮਝਾ ਰਹੇ ਸਨ, ਛੁਪਾਉਣ ਦਾ ਯਤਨ ਕਰਦਿਆਂ ਵੀ ਉਨ੍ਹਾਂ ਦੀਆਂ ਭਰੀਆਂ ਅੱਖਾਂ ਛੁਪੀਆਂ ਨਾ ਰਹੀਆਂ ਜਦੋਂ ਉਨ੍ਹਾਂ ਆਪਣੇ ਉਪਰ ਮਾਰੀ ਖੇਸ ਦੀ ਬੁੱਕਲ ਲਾਹੀ ਅਤੇ ਉਨ੍ਹਾਂ ਦੇ ਪਾਏ ਸਵੈਟਰ ਨੂੰ ਥਾਂ-ਥਾਂ ਲੱਗੇ ਟਾਂਕੇ ਦੇਖ ਨਵੀਂ ਕੋਟੀ ਲੈਣ ਦਾ ਮੇਰਾ ਚਾਅ ਰਫੂ ਚੱਕਰ ਹੋ ਗਿਆ। ਸਾਹ ਦੀ ਬਿਮਾਰੀ ਦੇ ਮਰੀਜ਼ ਹੁੰਦਿਆਂ ਵੀ ਉਹ ਕਈ ਕਈ ਕੁੜਤੇ ਉੱਤੋਂ ਦੀ ਉੱਤੋਂ ਪਾ ਕੇ ਠੰਢ ਤੋਂ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ। ਵੱਡੇ ਭਰਾ ਕੋਲ ਵੀ ਇਕੋ ਹੀ ਸਵੈਟਰ ਸੀ, ਉਸ ਇਸ਼ਾਰਾ ਵੀ ਕੀਤਾ ਸੀ ਕਿ ਤੂੰ ਆਹ ਵੀ ਲੈ ਜਾ। ਮੈਂ ਤਾਂ ਖੇਸ ਖੁਸ ਦੀ ਬੁੱਕਲ ਮਾਰ ਲਿਆ ਕਰਾਂਗਾ। ਓਦਣ ਮੈਂ ਮਨ 'ਚ ਧਾਰ ਲਈ ਸੀ ਕਿ ਜਿੰਨਾ ਚਿਰ ਮੈਂ ਨੌਕਰੀ 'ਤੇ ਨਹੀਂ ਲੱਗ ਜਾਂਦਾ ਕੋਟੀ ਤਾਂ ਕੀ ਸਵੈਟਰ ਵੀ ਨਵਾਂ ਨਹੀਂ ਮੰਗਾਂਗਾ। ਜਦੋਂ ਵੀ ਮੌਕਾ ਲੱਗਿਆ ਪਹਿਲੀ ਕੋਟੀ ਮੈਂ ਬਾਈ ਜੀ ਨੂੰ ਲਿਆ ਕੇ ਦੇਵਾਂਗਾ, ਉਹ ਤਾਂ ਕੁਦਰਤ ਨੇ ਮੌਕਾ ਹੀ ਨਾ ਦਿੱਤਾ, ਉਹ ਤਾਂ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਜਦੋਂ ਮੈਨੂੰ ਨੌਕਰੀ ਮਿਲੀ ਉਹ ਘਰੋਂ ਦੂਰ ਅੰਮ੍ਰਿਤਸਰ ਜ਼ਿਲ੍ਹੇ ਦੇ ਕਿਸੇ ਛੋਟੇ ਜਿਹੇ ਸ਼ਹਿਰ 'ਚ ਹੀ ਮਿਲੀ ਸੀ। ਤਨਖਾਹ ਮਿਲਦਿਆਂ ਹੀ ਮੈਂ ਸ਼ਹਿਰੋਂ ਆਹ ਕੋਟੀ ਲੈ ਕੇ ਆਇਆ ਸੀ, ਕਸਮ ਨਾਲ ਪਹਿਲੇ ਦਿਨ, ਪਹਿਲੀ ਵਾਰ ਪਹਿਨ ਕੇ ਜਿਹੜਾ ਆਨੰਦ ਮੈਨੂੰ ਮਹਿਸੂਸ ਹੋਇਆ ਸੀ ਉਹ ਅੱਜ ਤੱਕ ਵੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਦੀਆਂ ਕੋਟੀਆਂ-ਸਵੈਟਰਾਂ, ਹੁੱਡਾਂ, ਕੋਟ-ਪੈਂਟ ਪਾ ਕੇ ਵੀ ਨਹੀਂ ਹੋਇਆ, ਓਹੀ ਆਨੰਦ ਮੇਰੀਆਂ ਯਾਦਾਂ ਵਿੱਚ ਵਸਿਆ ਹੋਇਆ ਹੈ ਇਸੇ ਕਰਕੇ ਮੈਂ ਇਸ ਕੋਟੀ ਦਾ ਮੋਹ ਨਹੀਂ ਤਿਆਗ ਸਕਿਆ- ਤੁਸੀਂ ਸਾਰੇ ਮੈਨੂੰ ਭਾਵੇਂ ਕੁਝ ਵੀ ਕਹਿੰਦੇ ਰਹੇ।" "ਆਹ ਕੀ ਮੰਮੀ ? ਤੂੰ ਤਾਂ ਕਹਿੰਦੀ ਸੀ ਕਿ ਡੈਡੀ ਕਹਿੰਦੇ ਸੀ ਆਪਾਂ ਕੋਟੀ ਸ੍ਰੀਨਗਰ ਭੁੱਲ ਆਏ ਸਾਂ।"

ਅਚਾਨਕ ਘਰੇ ਵਾਪਿਸ ਪਹੁੰਚੇ ਬੱਚਿਆਂ ਨੇ ਸ੍ਰਿਸ਼ਟੀ ਦੇ ਹੱਥ 'ਚ ਫੜੀ ਕੋਟੀ ਦੇਖ ਕੇ ਪੁੱਛਿਆ। "ਮੈਂ ਤਾਂ ਆਪ ਹੈਰਾਨ ਹਾਂ... ਆਹ ਤਾਂ ਹੁਣ ਕਿਤਾਬਾਂ 'ਚ ਲੁਕੋਈ ਪਈ ਥਿਆਈ ਹੈ।" "ਊਂ ਤਾਂ ਜਮਾਂ ਹੀ ਥੋਥੀ ਹੋਈ ਪਈ ਹੈ, ਇਹ ਤਾਂ ਕਿਸੇ ਦੇ ਪਾਉਣ ਦੇ ਕੰਮ ਵੀ ਨਹੀਂ ਆਉਣੀ, ਇਹ ਤਾਂ ਸੁੱਟਣੀ ਹੀ ਪਵੇਗੀ।" ਜਿਵੇਂ ਹੀ ਮੁੰਡਿਆਂ ਨੇ ਕਿਹਾ ਉਹ ਕੰਬ ਹੀ ਗਈ, ਸੰਭਲਦਿਆਂ ਬੋਲੀ, "ਕੋਈ ਨਾ ਪੁੱਤ... ਵੇਂਹਦੇ ਹਾਂ, ਪਹਿਲਾਂ ਤੁਸੀਂ ਚਾਹ ਬਣਾਓ, ਮੈਂ ਵੀ ਤੁਹਾਨੂੰ ਉਡੀਕੀ ਜਾਂਦੀ ਸੀ ਕਿ ਤੁਸੀਂ ਆਵੋਂ ਤੇ ਚਾਹ ਪੀਵਾਂ।" ਝੱਟ ਉਸਨੇ ਉਹ ਕੋਟੀ 'ਕੱਠੀ ਕਰਕੇ ਲਿਫਾਫੇ ਵਿੱਚ ਪਾ ਕੇ ਕਿਤਾਬਾਂ ਦੇ ਢੇਰ ਹੇਠ ਰੱਖ ਦਿੱਤੀ। ਇਹ ਸੋਚਦਿਆਂ ਕਿ ਜੇ ਉਹ ਪਹਿਲਾਂ ਦੱਸ ਦਿੰਦੇ ਤਾਂ ਜਾਂਦੇ ਦੇ ਗਲ਼ ਇਹ ਵੀ ਪਾ ਦਿੰਦੇ ਪਰ ਕੋਈ ਗੱਲ ਨਹੀਂ ਬੱਚਿਆਂ ਨੂੰ ਸਮਝਾ ਲਊ ਕਿ ਮੇਰੇ ਗਲ਼ ਇਹ ਜ਼ਰੂਰ ਪਾ ਦੇਣੀ।

## ਮਿੰਨੀ ਕਹਾਣੀ

### ਮਾਇ ਲਾਈਫ

ਦਵਿੰਦਰ ਕੌਰ ਸੰਧੂ

ਵਰ੍ਹਿਆਂ ਮਗਰੋਂ ਪਰਿਵਾਰ ਸਮੇਤ ਆਪਣੇ ਦੇਸ਼ ਪਰਤਿਆ ਤਾਂ ਕੁਝ ਦਿਨ ਘਰ ਰਹਿਣ ਤੋਂ ਬਾਅਦ ਦੂਰ ਨੇੜੇ ਦੀਆਂ ਰਿਸ਼ਤੇਦਾਰੀਆਂ ਨੂੰ ਮਿਲਣ ਗਏ। ਇੱਕ ਪਰਿਵਾਰ ਨੂੰ ਮਿਲਣ ਗਿਆ ਜਿਥੇ ਦੋ ਭਰਾਵਾਂ ਦੇ ਪਰਿਵਾਰ ਸਾਂਝੇ ਰਹਿੰਦੇ ਸਨ। ਘਰ ਦਾ ਬਜ਼ੁਰਗ ਭੁੱਲ ਜਾਣ ਵਾਲੀ ਬਿਮਾਰੀ ਤੋਂ ਗ੍ਰਸਤ ਅਤੇ ਕੁਝ ਕਮਜ਼ੋਰ ਵੀ ਸੀ। ਸਾਰੇ ਪਰਿਵਾਰ ਦੇ ਬੱਚੇ ਬਜ਼ੁਰਗ ਨਾਲ ਹਾਸਾ ਠੱਠਾ ਕਰ ਉਸ ਨੂੰ ਕੁਝ ਨਾ ਕੁਝ ਯਾਦ ਕਰਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਵੱਡਾ ਪੋਤਰਾ ਬਜ਼ੁਰਗ ਦੇ ਨਾਲ ਹੀ ਲੇਟਿਆ ਹੋਇਆ ਸੀ। ਉਸ ਨੇ ਆਪਣੇ ਫੋਨ 'ਤੇ ਗੁਰਬਾਣੀ ਚਲਾ ਕੇ ਫੋਨ ਬਜ਼ੁਰਗ ਦੇ ਕੰਨ ਨੂੰ ਲਾਇਆ ਤਾਂ ਬਜ਼ੁਰਗ ਨੇ ਕੁਝ ਹਾਂ-ਪੱਖੀ ਹੁੰਗਾਰਾ ਭਰਿਆ ਜਿਸ ਨੂੰ ਵੇਖ ਕੇ ਸਾਰੇ ਬੱਚੇ ਖੁਸ਼ ਹੋ ਰਹੇ ਸਨ। ਵਾਪਸੀ ਸਮੇਂ ਮੇਰੇ ਪੁੱਤਰ ਨੇ ਮੈਨੂੰ ਪੁੱਛਿਆ, "ਪਾਪਾ ਉਹਨਾਂ ਦੇ ਗ੍ਰੈਂਡ ਪਾ ਨੂੰ ਕੀ ਪ੍ਰੋਬਲਮ ਹੈ ?" ਮੇਰੀ ਪਤਨੀ ਨੇ ਕਿਹਾ ਉਹ ਬੁਢਾਪੇ ਵਿੱਚ ਭੁੱਲ ਜਾਣ ਵਾਲੀ ਬਿਮਾਰੀ ਤੋਂ ਪੀੜਤ ਹਨ। "ਸਾਰਾ ਪਰਿਵਾਰ ਕਿੰਨੀ ਸੇਵਾ ਕਰ ਰਿਹਾ ਹੈ," ਮੈਂ ਸਹਿਜ ਸੁਭਾਅ ਕਿਹਾ।

ਮੇਰੀ ਅਤੇ ਮੇਰੀ ਪਤਨੀ ਦੀ ਗੱਲ ਸੁਣ ਕੇ ਮੇਰਾ ਪੁੱਤਰ ਬੋਲਿਆ, "ਪਾਪਾ ਇਨ੍ਹਾਂ ਨੂੰ ਆਪਣੇ ਗ੍ਰੈਂਡ ਪਾ ਨੂੰ ਹੌਸਪੀਟਲ ਵਿੱਚ ਦਾਖ਼ਲ ਕਰਵਾ ਦੇਣਾ ਚਾਹੀਦਾ ਹੈ। ਇਨ੍ਹਾਂ ਦਾ ਕਿੰਨਾ ਸਮਾਂ ਖਰਾਬ ਹੁੰਦਾ ਹੋਵੇਗਾ। ਹੌਸਪੀਟਲ ਵਿੱਚ ਸਾਰੇ ਡਾਕਟਰ ਆਪੇ ਦੇਖ-ਭਾਲ ਕਰ ਲੈਣਗੇ।" ਇਹ ਗੱਲ ਸੁਣ ਮੈਨੂੰ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ। ਮੈਂ ਸੋਚਿਆ ਇਹਨੂੰ ਕਿਵੇਂ ਦੱਸਾਂ ਕਿ ਮੇਰਾ ਬਾਪ ਤਾਂ ਬੁੱਢੇ ਹੋ ਚੁੱਕੇ ਬਲਦ ਨੂੰ ਘਰੋਂ ਨਹੀਂ ਸੀ ਜਾਣ ਦਿੰਦਾ ਕਿ ਇਸ ਬੇਜ਼ੁਬਾਨ ਨੇ ਸਾਰੀ ਉਮਰ ਕਮਾਈ ਕੀਤੀ ਹੈ। ਹੁਣ ਇਸ ਉਮਰ ਵਿੱਚ ਇਸ ਨੂੰ ਧੱਕਾ ਨਹੀਂ ਦੇਣਾ ਤੇ ਉਹ ਤਾਂ ਫਿਰ ਇਨਸਾਨ ਹੈ, ਜਿਸ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਪਰਿਵਾਰ ਲਈ ਹੱਡ-ਤੋੜਵੀਂ ਮਿਹਨਤ ਕਰਕੇ ਆਪਣੇ ਪਰਿਵਾਰ ਲਈ ਵਸੀਲੇ ਪੈਦਾ ਕੀਤੇ। ਧੀਆਂ ਪੁੱਤਰਾਂ ਨੂੰ ਪੜ੍ਹਾਇਆ, ਜ਼ਮੀਨ-ਜਾਇਦਾਦ ਬਣਾਈ, ਪੋਤਰੀ-ਪੋਤਰੀਆਂ ਨੂੰ ਸਾਈਕਲ 'ਤੇ ਬਿਠਾ ਕੇ ਝੂਟੇ ਦਿੱਤੇ। ਪੂਰੇ ਪਰਿਵਾਰ ਲਈ ਆਪਣੀਆਂ ਰੀਝਾਂ ਮਾਰ ਕੇ ਸੁੱਖ ਸਹੂਲਤਾਂ ਪੈਦਾ ਕੀਤੀਆਂ।

ਹੁਣ ਉਸ ਨੂੰ ਕਿਵੇਂ ਧੱਕਾ ਦਿੱਤਾ ਜਾ ਸਕਦਾ ਹੈ। ਮੇਰੇ ਮਨ ਵਿੱਚ ਇਹ ਵਿਚਾਰ ਡੂੰਘੀ ਚਿੰਤਾ ਬਣਦੇ ਜਾ ਰਹੇ ਸਨ। ਬੇਟੇ ਨੇ ਆਪਣੇ ਫੋਨ 'ਤੇ 'ਮਾਇ ਲਾਈਫ' ਗੀਤ ਲਾਇਆ ਤੇ ਤਾਕੀ ਤੋਂ ਬਾਹਰ ਝਾਕਣ ਲੱਗ ਪਿਆ। ਮੈਂ ਦੂਰ ਕਿਧਰੇ ਡੁੱਬਦੇ ਸੂਰਜ ਵੱਲ ਵੇਖ ਰਿਹਾ ਸੀ।

# ਕਾਵਿ ਸੰਸਾਰ

## ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ



ਭਾਈ ਹਰਪਾਲ ਸਿੰਘ ਲੱਖਾ

ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
'ਸਿੰਘ ਸਭਾ' ਬਣਾਉਣ ਦਾ, ਫੁਰਮਾਨ ਅਲਾਇਆ।
ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।
ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।
'ਮਹਾਂ-ਗਿਆਨੀ' ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।
'ਸਾਧੂ' ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।
ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
'ਵਿਖਰ ਨਹੀਂ, ਅਸੀਂ ਸਿੱਖ ਹਾਂ', ਇਹ ਸੱਚ ਸੁਣਾਇਆ।
'ਸਾਧੂ' ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।
ਨਿੰਦਿਆ ਕਰੇਂ ਤੂੰ ਗੁਰੂ ਦੀ, ਉਂ ਰਿਸ਼ੀ ਕਹਾਵੇਂ।
ਘੜ ਝੂਠੀ ਦੀਆਂ ਸਾਜਿਸ਼ਾਂ, ਜਨਤਾ ਭਰਮਾਵੇਂ।
ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ 'ਤੇ ਕਾਬੂ।
ਰੀਸ ਗਿਆਨੀ 'ਹੰਸ' ਦੀ, ਕੀ ਕਰੂ 'ਟਟੀਹਰੀ'।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।
ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।
ਦਿੱਤ ਸਿੰਘ ਜੀ ਤਿੰਨ ਦਫਾ, ਕਰ ਗੋਸ਼ਟਿ ਜਿੱਤੇ।
'ਸਤਿਆਰਥ' ਦੇ ਕੁਫ਼ਰ ਸਭ, ਪਾ ਦਿੱਤੇ ਛਿੱਥੇ।
ਸਿੰਘ ਸਭੀਆਂ ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਹਨਾਂ ਗਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।

## ਸ਼ਬਦ

ਦੀਪ ਜ਼ੀਰਵੀ

ਸ਼ਬਦ ਕਦੇ ਵੀ ਕੰਧਾਂ ਦੇ ਕੈਦੀ ਨਹੀਂ ਬਣ ਸਕਦੇ,
ਉਹ ਹਵਾ ਵਾਂਗ ਹਨ- ਇੱਕ ਵਾਰ ਉਚਾਰ ਦਿੱਤੇ ਜਾਣ,
ਤਾਂ ਕਿਸੇ ਦੀ ਮਲਕੀਅਤ ਨਹੀਂ ਰਹਿੰਦੇ।
ਨਾ ਲੇਖਕ ਦੇ ਰਹਿੰਦੇ ਹਨ, ਨਾ ਵਕਤਾ ਦੇ,
ਉਹ ਚੇਤਨਾਵਾਂ ਦੇ ਸਫ਼ਰ 'ਤੇ ਨਿਕਲ ਪੈਂਦੇ ਹਨ।
ਇੱਕ ਮਨ ਤੋਂ ਦੂਜੇ ਤੱਕ,
ਇੱਕ ਅਨੁਭਵ ਤੋਂ ਦੂਜੇ ਤੱਕ,
ਉਹ ਨਵੇਂ ਨਵੇਂ ਅਰਥਾਂ ਨੂੰ ਜਨਮ ਦਿੰਦੇ ਰਹਿੰਦੇ ਹਨ।
ਵਿਚਾਰਾਂ ਦਾ, ਵਿਚਾਰਾਂ ਤੋਂ ਪ੍ਰਭਾਵਿਤ ਹੋਣਾ ਹੀ
ਪ੍ਰਕਿਰਤੀ ਦਾ ਨਿਯਮ ਹੈ,
ਮਨੁੱਖੀ ਚਿੰਤਨ ਕਿਸੇ ਦੀ ਜਾਇਦਾਦ ਨਹੀਂ।
ਇੱਕ ਰੇਖਾ ਦੇ ਆਰ-ਪਾਰ ਖੜ੍ਹੀ ਹੈ ਖੇਡ ਸਾਰੀ
ਇਸ ਪਾਸੇ ਪ੍ਰੇਰਣਾ ਤੇ ਦੂਜੇ ਪਾਸੇ ਚੋਰੀ
ਪ੍ਰੇਰਣਾ ਪਵਿੱਤਰ ਤੇ ਚੋਰੀ ਪਲੀਤ ਕਰਦੀ ਹੈ।
ਸ਼ਬਦਾਂ ਦੀ ਰਾਖੀ ਵੀ ਸ਼ਬਦ ਹੀ ਕਰਦੇ ਨੇ
ਇੱਕ ਦੇ ਮੂੰਹੋਂ ਨਿਕਲ ਕੇ ਦੂਜੇ ਤੱਕ ਪੁੱਜਦੇ ਸ਼ਬਦ
ਇੱਕ ਦੀ ਚੇਤਨਾ ਤੋਂ ਉਪਜ ਕੇ ਦੂਜੇ ਤੱਕ ਅੱਪੜਦੇ ਸ਼ਬਦ।

## ਮੰਜੇ ਦੇ ਟੱਪੇ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਸੁਣ ਮੰਜਿਆ ਬਾਣ ਦਿਆ, ਸੁਣ ਮੰਜਿਆ ਬਾਣ ਦਿਆ,
ਜ਼ਮਾਨਾ ਬਦਲ ਗਿਆ, ਤੈਨੂੰ ਹਰ ਕੋਈ ਮਾਣ ਗਿਆ।
ਮੰਜੇ ਦੀਏ ਨੀ ਦੰਣੇ, ਮੰਜੇ ਦੀਏ ਨੀ ਦੰਣੇ,
ਕੌਣ ਤੈਨੂੰ ਕੱਸ ਕੇ ਗਿਆ, ਕਿਹੜੇ ਆਉਣ ਵਾਲੇ ਨੇ ਪ੍ਰਾਹੁਣੇ।
ਮੰਜੇ ਦਿਓ ਸੁਣੋ ਪਾਵਿਓ, ਮੰਜੇ ਦਿਓ ਸੁਣੋ ਪਾਵਿਓ,
ਜ਼ਰਾ ਤਕੜੇ ਹੋ ਕੇ ਰਿਹੋ, ਕਿਤੇ ਐਵੇਂ ਨਾ ਢਹਿ ਜਾਵਿਓ।
ਸੁਣ ਮੰਜੇ ਦੀਏ ਨੀ ਬਾਹੀਏ, ਸੁਣ ਮੰਜੇ ਦੀਏ ਨੀ ਬਾਹੀਏ,
ਕਿੰਨੇ ਤੇਰੇ ਨਾਲ ਸੁੱਤੇ ਨੀ, ਕਿੰਨੇ ਤੁਰ ਗਏ ਬਣ ਰਾਹੀਏ।
ਸੁਣ ਬਾਣ ਪੁਰਾਣਿਆ ਵੇ, ਸੁਣ ਬਾਣ ਪੁਰਾਣਿਆ ਵੇ,
ਰੋਜ਼ ਸੁੱਖ ਸਭ ਨੂੰ ਦਿੱਤਾ ਵੇ, ਤੈਨੂੰ ਕਿਸੇ ਨਾ ਸਿਆਣਿਆ ਵੇ।
ਵੇ ਸਰਾਵਿਆ ਸਰਦਾਰਾ, ਵੇ ਸਰਾਵਿਆ ਸਰਦਾਰਾ,
ਸਿਰ ਸੁੱਟ ਸੁਣਦਾ ਰਹੀਂ ਵੇ, ਜੋ ਵੀ ਹੁੰਦਾ ਰਹੇ ਵਰਤਾਰਾ।
ਹੁਣ ਚੀਕਣਾ ਛੱਡ ਚੂਲ਼ੇ, ਹੁਣ ਚੀਕਣਾ ਛੱਡ ਚੂਲ਼ੇ,
ਹੱਡ ਤੇਰੇ ਘਸ ਗਏ ਨੇ, ਹਿੱਲ ਗਏ ਤੇਰੇ ਸਭ ਚੂਲ਼ੇ।
ਸੁਣ ਮੰਜਿਆ ਬਾਣ ਦਿਆ, ਸੁਣ ਮੰਜਿਆ ਬਾਣ ਦਿਆ,
ਜ਼ਮਾਨਾ ਬਦਲ ਗਿਆ, ਤੈਨੂੰ ਹਰ ਕੋਈ ਮਾਣ ਗਿਆ।

## ਬਹੁਤ ਕੁਝ ਕਹਿ ਕੇ ਵੀ

ਸੰਤਵੀਰ

ਬਹੁਤ ਕੁਝ ਕਹਿ ਕੇ ਵੀ,
ਅਣਕਿਹਾ ਰਹਿ ਗਿਆ,
ਉਹ ਚੁੱਪ ਰਹਿ ਕੇ ਵੀ,
ਬਹੁਤ ਕੁਝ ਕਹਿ ਗਿਆ।
ਮੁੱਦਤਾਂ ਦਾ ਦਰਦ ਸੀ,
ਜੋ ਹੰਝੂਆਂ ਥੀਂ ਵਹਿ ਗਿਆ,
ਦਰਦ ਬਾਝੋਂ ਜ਼ਿੰਦਗੀ ਦਾ,
ਕੀ ਵਜੂਦ ਰਹਿ ਗਿਆ।
ਇਸ ਸੀਨੇ ਵਿੱਚ ਵੀ,
ਧੜਕਦਾ ਹੁੰਦਾ ਸੀ ਦਿਲ ਕਦੇ,
ਦਿਲ ਦੀ ਤਾਂ ਕੋਈ ਸੰਗਦਿਲ,
ਖਿੱਚੋ ਬਣਾ ਕੇ ਲੈ ਗਿਆ।
ਆਪਣਾ ਆਪ ਵੀ ਹੁਣ ਤਾਂ,
ਪਰਾਇਆ ਹੋ ਗਿਆ,
ਪਹੀਆ ਜਦੋਂ ਵਕਤ ਦਾ,
ਜ਼ਿੰਦਗੀ ਨਾਲ ਖਹਿ ਗਿਆ।
ਅੱਖਾਂ ਵਿਛਾ ਕੇ ਜਿਸ ਨੂੰ,
ਤੱਕਦੇ ਰਹੇ ਅਸੀਂ ਉਮਰ ਭਰ,
ਚੋਰਾਂ ਵਾਂਗ ਲੁੱਟ ਕੇ,
ਜਹਾਨ ਸਾਡਾ ਲੈ ਗਿਆ।

## ਅੰਨ੍ਹੇਵਾਹ ਰੁੱਖ ਪੁੱਟ ਕੇ

ਅਮਰੀਕ ਸਿੰਘ ਤਲਵੰਡੀ ਕਲਾਂ

ਲੋਕ ਮੈਨੂੰ ਪੁੱਛਦੇ ਨੇ ਰਹਿੰਦੇ,
ਐਨੀ ਗਰਮੀ ਕਿੱਥੋਂ ਹੈ ਆਈ।
ਅੰਨ੍ਹੇਵਾਹ ਤੁਸੀਂ ਰੁੱਖ ਪੁੱਟ ਕੇ,
ਮੈਂ ਕਿਹਾ ਹੈ ਗਰਮੀ ਵਧਾਈ।
ਘਰ-ਘਰ ਦੇ ਵਿੱਚ ਏ ਸੀ ਲਾ ਕੇ,
ਰਹਿੰਦੀ ਕਸਰ ਤੁਸਾਂ ਕਢਾਈ।
ਅੰਦਰ ਏ ਸੀ ਠੰਢ ਹੈ ਦਿੰਦਾ,
ਬਾਹਰ ਜਾਵੇ ਅੱਗ ਵਰ੍ਹਾਈ।
ਪਾਣੀ ਹੇਠੋਂ ਮੁੱਕਦਾ ਹੈ ਜਾਂਦਾ,
ਸਿਆਣੇ ਬੰਦੇ ਪਾਉਣ ਦਹਾਈ।
ਕੁਦਰਤ ਦਾ ਅਨਮੋਲ ਖ਼ਜ਼ਾਨਾ,
ਭੰਗ ਦੇ ਮੁੱਲ ਹੀ ਜਾਂਦੇ ਗਵਾਈ।
ਧਰਤੀ 'ਤੇ ਜਦੋਂ ਤਪਸ਼ ਵਧ ਜਾਏ,
ਸੋਕਾ ਡੋਬਾ ਵੀ ਦੇਵੇ ਵਿਖਾਈ।
ਸਭ ਕੁਝ ਅੱਖੀਂ ਵੇਖ ਕੇ ਵੀ,
ਸਾਨੂੰ ਭੋਰਾ ਅਕਲ ਨਾ ਆਈ।
ਹਾੜ੍ਹ ਮਹੀਨੇ ਵਰਗੀ ਗਰਮੀ,
ਵਿਸਾਖ ਦੇ ਵਿੱਚ ਜਾਵੇ ਸਤਾਈ।
ਠੰਢੜੀ ਮਿੱਠੜੀ ਪੌਣ ਵੀ ਸਾਨੂੰ,
ਕਿਸੇ ਪਾਸੇ ਨਾ ਦੇਵੇ ਵਿਖਾਈ।
ਕਿਸੇ ਪਾਸੇ ਵੀ ਕਿਸੇ ਮੋਰ ਨੇ,
ਅਸਾਂ ਨਾ ਵੇਖੀ ਪੈਲ ਜੇ ਪਾਈ।
ਡੱਡੂਆਂ ਦੀ ਹੁਣ ਗੜੈਂ-ਗੜੈਂ ਵੀ,
ਕਿਸੇ ਪਾਸੇ ਨਾ ਦੇਵੇ ਸੁਣਾਈ।
ਭਵਿੱਖ ਦੇ ਬਾਰੇ ਜਦੋਂ ਹਾਂ ਸੋਚਦੇ,
ਚਿੰਤਾ ਜਾਵੇ ਵੱਢ-ਵੱਢ ਖਾਈ।
ਉਹ ਤਾਂ ਘੂਕ ਪਏ ਨੇ ਸੁੱਤੇ,
ਜਿਨ੍ਹਾਂ ਨੇ ਸੀ ਕਰਨੀ ਅਗਵਾਈ।
ਕੁਦਰਤ ਨਾਲ ਖਿਲਵਾੜ ਜੋ ਕੀਤਾ,
ਓਹਦੀ ਸਜ਼ਾ ਸਭ ਨੇ ਪਾਈ।
ਆਉਣ ਵਾਲੀਆਂ ਪੀੜ੍ਹੀਆਂ ਦੀ,
'ਤਲਵੰਡੀ' ਚਿੰਤਾ ਅਸੀਂ ਵਧਾਈ।

## ਮੈਂ ਬੇਜਾਨ ਨਹੀਂ ਹਾਂ

ਮਨਜੀਤ ਸਿੰਘ ਬੱਧਣ

ਉਹ ਸਾਰੇ ਵਧੀਆ ਸਨ
ਜਿੱਤ ਗਏ ਹੋਣਗੇ
ਮਾਂ ....
ਮੈਂ ਹਾਰਿਆ ਨਹੀਂ ਹਾਂ।
ਦੌੜ ਵਿੱਚ ਅੱਗੇ,
ਅੱਗੇ ਨਿਕਲ ਗਏ ਉਹ
ਮੈਂ ਵੀ ਭੱਜਿਆ
ਮਾਂ ...
ਭੱਜਣ ਤੋਂ ਭੱਜਿਆ ਨਹੀਂ ਹਾਂ।
ਮੇਰੀ ਦੌੜ ਤਾਂ ਮੇਰੇ ਨਾਲ ਹੈ
ਸਿਕੰਦਰ ਨਹੀਂ ਹਾਂ
ਜਿੱਤ ਕੇ ਜੋ ਹਾਰ ਗਿਆ
ਜੇਤੂਆਂ ਦਾ ਨਾਂਅ ਹੁੰਦੈ
ਸ਼ੋਹਰਤਾਂ ਮਿਲਦੀਆਂ
ਮੇਰੀ ਵੀ ਸਲਾਮ ਹੈ
ਮਾਂ ...
ਲਾਪਰਵਾਹ ਨਹੀਂ ਹਾਂ
ਇਸੇ ਲਈ ਤਾਂ
ਪਰਵਾਹ ਨਹੀਂ
ਕਿੰਨੇ ਮੇਰੇ ਅੱਗੇ
ਕਿੰਨਿਆਂ ਤੋਂ ਮੈਂ ਅੱਗੇ
ਖਿਡਾਰੀ ਹਾਂ ਮੈਂ
ਮਾਂ ...
ਮੈਂ ਵਪਾਰੀ ਨਹੀਂ ਹਾਂ
ਜ਼ਿੰਦਗੀ ਖੇਡ ਨਹੀਂ
ਜਿੰਦ ਵਿੱਚ ਖੇਡ ਹੁੰਦੀ
ਮੈਦਾਨ ਵਿੱਚ ਵੇਖ ਮੈਨੂੰ
ਨੱਠਦਾ, ਹਫਦਾ, ਡਿੱਗਦਾ
ਫਿਰ ਉੱਠਦਾ
ਜਿੱਤਣ ਲਈ ਨਹੀਂ
ਆਪਣੇ ਲਈ ਫਿਰ ਦੌੜਦਾ
ਥੱਕ ਤਾਂ ਗਿਆ ਹਾਂ
ਮਾਂ ...
ਮੈਂ ਬੇਜਾਨ ਨਹੀਂ ਹਾਂ।

## ਗ਼ਜ਼ਲ

ਤੇਜਿੰਦਰ ਮਾਰਕੰਡਾ

ਰੇਤ ਵਾਂਗੂੰ ਖਿਲਾਰਿਆ ਮੈਨੂੰ
ਤੇਰੀ ਚਾਹਤ ਨੇ ਮਾਰਿਆ ਮੈਨੂੰ।
ਹਿਜਰ ਨੇ ਫਿਰ ਕਰੂਪ ਕਰ ਦੇਣਾ
ਵਸਲ ਨੇ ਸੀ ਨਿਖਾਰਿਆ ਮੈਨੂੰ।
ਜ਼ਿੰਦਗੀ ਨੇ ਗਲੇ ਲਗਾਇਆ ਨਾ
ਮੌਤ ਨੇ ਵੀ ਨਕਾਰਿਆ ਮੈਨੂੰ।
ਉਮਰ ਭਰ ਹੁਣ ਭੁਲਾ ਨਹੀਂ ਹੋਣਾ
ਪਲ 'ਚ ਜਿਸ ਨੇ ਵਿਸਾਰਿਆ ਮੈਨੂੰ।
ਦੋਸਤਾਂ ਨੇ ਤਾਂ ਡੋਬ ਦੇਣਾ ਸੀ
ਦੁਸ਼ਮਣਾਂ ਨੇ ਹੈ ਤਾਰਿਆ ਮੈਨੂੰ।
ਦੀਵਿਆ ਰੌਸ਼ਨੀ ਦਈਂ ਮੈਨੂੰ
ਰਾਹ ਦਿਖਾ ਦੇ ਸਿਤਾਰਿਆ ਮੈਨੂੰ।
ਵਗਦਾ ਪਾਣੀ ਸੀ ਮਸਤੀਆਂ ਕਰਦਾ
ਕਿਸਨੇ ਸ਼ੀਸ਼ੇ 'ਚ 'ਤਾਰਿਆ ਮੈਨੂੰ।
ਅੱਗ ਦਾ ਦਰਿਆ ਵੀ ਤਰ ਕੇ ਜਾਵਾਂਗਾ
ਜਦ ਵੀ ਉਸ ਨੇ ਪੁਕਾਰਿਆ ਮੈਨੂੰ।

## ਮੇਰੀ ਉਡਾਣ

ਓਮਕਾਰ ਸੂਦ ਬਹੋਨਾ

ਖੰਭ ਟੁੱਟ ਵੀ ਗਏ ਤਾਂ ਕੀ ਹੋਇਆ,
ਹਾਲੇ ਹੌਸਲੇ ਦੀ ਪਰਵਾਜ਼ ਬਾਕੀ ਹੈ।
ਮੁਸ਼ਕਿਲਾਂ ਦੇ ਇਸ ਔਖੇ ਦੌਰ ਅੰਦਰ,
ਮੇਰੀ ਕਮਜ਼ੋਰ ਜਿਹੀ ਆਵਾਜ਼ ਬਾਕੀ ਹੈ।
ਨਾ ਨਾਪੋ ਮੇਰੀਆਂ ਉਡਾਣਾਂ ਨੂੰ,
ਇਹ ਅੰਬਰਾਂ ਤੋਂ ਵੀ ਉੱਚੀਆਂ ਨੇ।
ਮੇਰੇ ਇਰਾਦਿਆਂ ਦੀ ਤਾਕਤ ਅੱਗੇ,
ਸਭ ਰੁਕਾਵਟਾਂ ਬਹੁਤ ਨਿੱਕੀਆਂ ਨੇ।
ਦੁੱਖਾਂ ਨੇ ਭਾਵੇਂ ਘੇਰਾ ਪਾਇਆ ਹੈ,
ਪਰ ਚਾਨਣ ਦੀ ਆਸ ਹਾਲੇ ਬਾਕੀ ਹੈ।
ਹਨੇਰੀਆਂ ਝੁੱਲਣ ਭਾਵੇਂ ਰਾਹਾਂ ਵਿੱਚ,
ਸਿਦਕ ਦੀ ਸ਼ਮ੍ਹਾ ਝਿਲਮਿਲਾਉਂਦੀ ਹੈ।
ਮੈਂ ਮਨ ਨੂੰ ਜਿੱਤ ਕੇ ਬੈਠਾ ਹਾਂ,
ਵਧਦੇ ਜਾਣਾ ਹੋਰ ਅੱਗੇ-ਅੱਗੇ।
ਮੇਰੇ ਪੈਰਾਂ ਦੇ ਛਾਲੇ ਪਏ ਟਸਕਣ,
ਪਰ ਮੈਂ ਮੰਜ਼ਿਲ ਤੱਕ ਪਹੁੰਚ ਕੇ ਰਹਿਣਾ ਹੈ।
ਗ਼ਮਾਂ ਦੇ ਰਾਹਾਂ ਨੂੰ ਚੀਰ ਕੇ ਮੈਂ,
ਆਪਣੀ ਮੰਜ਼ਿਲ 'ਤੇ ਜਾ ਬਹਿਣਾ ਹੈ।
ਇਹ ਟੁੱਟੇ ਹੌਸਲੇ ਦੀ ਚੀਕ਼ ਨਹੀਂ,
ਇਹ ਤਾਂ ਮੇਰੇ ਦਿਲ ਦੀ ਗਰਜਣ ਹੈ।
ਮੇਰੇ ਇਰਾਦਿਆਂ ਨੂੰ ਰਾਹ ਦੱਸੇਗੀ,
ਇਹ ਮੇਰੀ ਨਿਰੰਤਰ ਭਟਕਣ ਹੈ।

## ਜਰ ਲੈਂਦੇ ਨੇ

ਜਗਜੀਤ ਗੁਰਮ

ਸਿਰਾਂ 'ਤੇ ਬੈਠਣ ਵਾਲੇ,
ਪੈਰਾਂ ਵਿੱਚ ਗਿਰ ਵੀ ਲੈਂਦੇ ਨੇ,
ਸਭ ਕੀੜੇ-ਮਕੌੜੇ ਰੀਂਗਦੇ ਨਹੀਂ,
ਥੋੜ੍ਹੇ ਤੁਰ ਵੀ ਲੈਂਦੇ ਨੇ।
ਜਿਗਰੇ ਵਾਲੇ ਬਦਲਾ ਲੈਂਦੇ,
ਹੋਈ ਨਾਲ ਵਧੀਕੀ ਦਾ,
ਕੁਝ ਠਰ੍ਹੰਮੇ ਵਾਲੇ ਸੀਨੇ ਉੱਤੇ,
ਜਰ ਵੀ ਲੈਂਦੇ ਨੇ।
ਐਵੇਂ ਹਲਕੇ ਵਿੱਚ ਨਾ ਲੈ ਜਾਵੀਂ,
ਤੂੰ ਕਲਮਾਂ ਵਾਲਿਆਂ ਨੂੰ
ਇਹ ਥਲ ਵਿੱਚ ਤੁਰ ਵੀ ਲੈਂਦੇ ਨੇ,
ਝਨਾਂ ਵਿੱਚ ਤਰ ਵੀ ਲੈਂਦੇ ਨੇ।

## ਗ਼ਜ਼ਲ

ਗੁਰਵਿੰਦਰ ਸਿੰਘ ਗੋਸਲ

ਮਾੜੇ ਉੱਤੇ ਰੋਅਬ ਜਮਾਉਣਾ ਚੰਗਾ ਨ੍ਹੀਂ,
ਨਿਰਧਨ ਦਾ ਦਿਲ ਦੁਖਾਉਣਾ ਚੰਗਾ ਨ੍ਹੀਂ।
ਤੂੰ ਦੋ ਘੜੀਆਂ ਸਤਿਸੰਗਤ ਵੀ ਕਰਿਆ ਕਰ,
ਮਾੜੇ ਕੰਮੀਂ ਵਕਤ ਗਵਾਉਣਾ ਚੰਗਾ ਨ੍ਹੀਂ।
ਜੇ ਸੱਜਣ ਤੂੰ ਪੱਲਾ ਫੜਿਆ ਛੱਡੀਂ ਨਾ,
ਐਵੇਂ ਝੂਠਾ ਪਿਆਰ ਜਤਾਉਣਾ ਚੰਗਾ ਨ੍ਹੀਂ।
ਚੁਗਲੀ ਦੀ ਆਦਤ ਹੋਵੇ ਜਿਸ ਬੰਦੇ ਨੂੰ,
ਉਸ ਨੂੰ ਅਪਣੇ ਕੋਲ ਬਿਠਾਉਣਾ ਚੰਗਾ ਨ੍ਹੀਂ।
ਤੈਨੂੰ ਖਾ ਜਾਵੇਗਾ, ਇੱਕ ਦਿਨ ਝੱਲਿਆ ਇਹ,
ਅਪਣੇ ਅੰਦਰ ਦਰਦ ਛੁਪਾਉਣਾ ਚੰਗਾ ਨ੍ਹੀਂ।
'ਗੋਸਲ' ਹੱਥ ਨਾ ਆਉਣਾ ਬੀਤੇ ਵੇਲੇ ਨੇ,
ਐਵੇਂ ਰੋ ਕੇ ਵਕਤ ਗੁਆਉਣਾ ਚੰਗਾ ਨ੍ਹੀਂ।

## ਕਲਮ

ਅਮਰਜੀਤ ਸਿੰਘ ਫ਼ੌਜੀ

ਥਰ ਥਰ ਕੰਬਦੇ ਹਾਕਮ ਦੇਖੇ
ਕਲਮ ਜਦੋਂ ਸੱਚ ਬੋਲੇ ਹੂ
ਏਸ ਕਲਮ ਨੇ ਹੁਣ ਤੱਕ ਲੱਖਾਂ
ਰਾਜ ਕਰੇਂਦੇ ਰੋਲੇ ਹੂ
ਗੂੰਗੀ ਬੋਲੀ ਕਲਮ ਨਾ ਜਾਣੋ
ਭੇਦ ਕਈਆਂ ਦੇ ਖੋਲ੍ਹੇ ਹੂ
ਮਿਹਨਤਕਸ਼ਾਂ ਨੇ ਏਕਾ ਕਰਕੇ
ਹੈਂਕੜ ਬਾਜ਼ ਮਧੋਲੇ ਹੂ
ਕਲਮ ਫ਼ੌਜੀ ਦੀ ਵਾਂਗ ਮਿਜ਼ਾਈਲਾਂ
ਛੱਡਦੀ ਸ਼ੌਰ ਸ਼ੁਅਲੇ ਹੂ
ਰਿਸ਼ਵਤਖੋਰ ਏ ਨੰਗੇ ਕਰਦੀ
ਆਕਾ ਸਣੇ ਵਿਚੋਲੇ ਹੂ
ਹੱਕ ਸੱਚ 'ਤੇ ਪਹਿਰਾ ਦਿੰਦੀ
ਨਾ ਡਰਦੀ ਨਾ ਡੋਲੇ ਹੂ
ਦੀਨੇ ਪਿੰਡ ਨਾਲ ਪਿਆਰ ਬਥੇਰਾ
ਗਾਉਂਦੀ ਮਾਹੀਏ ਢੋਲੇ ਹੂ।

# ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਖੇਡਾਂ ਲਈ 1,744 ਕਰੋੜ ਰੁਪਏ ਦਾ ਵਿਸ਼ੇਸ਼ ਬਜਟ ਰੱਖਿਆ: ਭਗਵੰਤ ਮਾਨ

## ਬਠਿੰਡਾ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਆਗਾਜ਼

ਬਠਿੰਡਾ/ਏ.ਟੀ.ਨਿਊਜ਼: ਪੰਜਾਬ ਦੀ ਖੇਡ ਭਾਵਨਾ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਦੇ ਉਦੇਸ਼ ਨਾਲ 'ਖੇਡਾਂ ਵਤਨ ਪੰਜਾਬ ਦੀਆਂ-2026' ਦੇ ਚੌਥੇ ਸੀਜ਼ਨ ਦਾ ਆਗਾਜ਼ ਲੰਘੇ ਦਿਨੀਂ ਇੱਥੋਂ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਤੋਂ ਹੋਇਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਰੰਗ-ਬਰੰਗੇ ਗ਼ੁਬਾਰੇ ਆਸਮਾਨ ਵਿੱਚ ਛੱਡ ਕੇ ਖੇਡਾਂ ਦਾ ਉਦਘਾਟਨ ਕਰਦਿਆਂ ਪੰਜਾਬ ਦੀ ਪ੍ਰਤਿਭਾ ਨੂੰ ਕੌਮਾਂਤਰੀ ਪੱਧਰ 'ਤੇ ਪਹੁੰਚਾਉਣ ਦਾ ਅਹਿਦ ਲਿਆ। ਸਮਾਗਮ ਦੌਰਾਨ ਪ੍ਰਸਿੱਧ ਗਾਇਕ ਗੁਰਦਾਸ ਮਾਨ ਅਤੇ ਕੁਲਵਿੰਦਰ ਬਿੱਲਾ ਨੇ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।

ਮੁੱਖ ਮੰਤਰੀ ਨੇ ਦੱਸਿਆ ਕਿ ਇਸ ਵਾਰ 10 ਲੱਖ ਖਿਡਾਰੀਆਂ ਦੇ 39 ਖੇਡ ਵੰਨਗੀਆਂ ਵਿੱਚ ਹਿੱਸਾ ਲੈਣ ਦੀ ਉਮੀਦ ਹੈ। ਇਸ ਵਿੱਚ ਚਾਰ ਪੈਰਾ-ਖੇਡਾਂ (ਐਥਲੈਟਿਕਸ, ਪਾਵਰਲਿਫਟਿੰਗ, ਬੈਡਮਿੰਟਨ ਅਤੇ ਵ੍ਹੀਲ-ਚੇਅਰ ਬਾਸਕਟਬਾਲ) ਵੀ ਸ਼ਾਮਲ ਹਨ। ਟੈਨਿਸ ਬਾਲ ਕ੍ਰਿਕਟ ਨੂੰ ਪ੍ਰਦਰਸ਼ਨੀ ਖੇਡ ਵਜੋਂ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 14 ਤੋਂ 70 ਸਾਲ ਤੱਕ ਦੇ ਖਿਡਾਰੀਆਂ ਲਈ 9 ਉਮਰ ਵਰਗ ਬਣਾਏ ਗਏ ਹਨ। ਖੇਡਾਂ ਦਾ




ਸਮਾਪਤੀ ਸਮਾਗਮ 29 ਨਵੰਬਰ ਨੂੰ ਪਟਿਆਲਾ ਵਿੱਚ ਹੋਵੇਗਾ। ਇਸ ਵਾਰ ਜੇਤੂਆਂ ਨੂੰ 12.50 ਕਰੋੜ ਰੁਪਏ ਦੀ ਇਨਾਮੀ ਰਕਮ ਵੰਡੀ ਜਾਵੇਗੀ ਅਤੇ ਪਹਿਲੀ ਵਾਰ ਵੈਟਰਨ ਖਿਡਾਰੀਆਂ ਨੂੰ ਵੀ ਨਕਦ ਇਨਾਮ ਮਿਲਣਗੇ। 40 ਸਾਲ ਤੱਕ ਦੇ ਤਗ਼ਮਾ ਜੇਤੂਆਂ ਨੂੰ ਗਰੇਡਿੰਗ ਸਰਟੀਫਿਕੇਟ ਮਿਲਣਗੇ, ਜਿਸ ਨਾਲ ਸਰਕਾਰੀ ਨੌਕਰੀਆਂ ਵਿੱਚ ਖੇਡ ਕੋਟੇ ਦਾ ਲਾਭ ਮਿਲੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਖੇਡਾਂ ਲਈ 1,744 ਕਰੋੜ ਰੁਪਏ ਦਾ ਵਿਸ਼ੇਸ਼ ਬਜਟ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 2022 ਤੋਂ ਹੁਣ ਤੱਕ 40,415 ਖਿਡਾਰੀਆਂ ਨੂੰ 135 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਉਲੰਪਿਕ ਤਿਆਰੀ ਲਈ 15 ਲੱਖ ਅਤੇ ਏਸ਼ਿਆਈ ਖੇਡਾਂ ਲਈ 8 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਪੈਰਿਸ ਉਲੰਪਿਕ ਵਿੱਚ ਹਿੱਸਾ ਲੈਣ ਵਾਲੇ 20 ਖਿਡਾਰੀਆਂ ਨੂੰ 9.80 ਕਰੋੜ ਰੁਪਏ ਦਿੱਤੇ ਗਏ। ਸੂਬੇ ਵਿੱਚ 3148 ਪੇਂਡੂ ਖੇਡ ਮੈਦਾਨ ਅਤੇ 6000 ਜਿਮ ਬਣਾਏ ਜਾ ਰਹੇ ਹਨ। ਇਸ ਮੌਕੇ ਮਸ਼ਾਲ ਸਮਾਗਮ ਵਿੱਚ ਨਾਮਵਰ ਖਿਡਾਰੀਆਂ ਨੇ ਹਿੱਸਾ ਲਿਆ। ਇਸ ਦੌਰਾਨ ਤੀਰਅੰਦਾਜ਼ ਪਰਨੀਤ ਕੌਰ ਨੇ ਖਿਡਾਰੀਆਂ ਨੂੰ ਸਹੁੰ ਚੁਕਾਈ ਅਤੇ ਏਸ਼ਿਆਈ ਖੇਡਾਂ ਵਿੱਚ ਤਗ਼ਮਾ ਜੇਤੂ ਚਰਨਜੀਤ ਸਿੰਘ ਨੇ ਝੰਡਾ ਮਾਰਚ ਦੀ ਅਗਵਾਈ ਕੀਤੀ।

# ਜਾਪਾਨ 'ਚ 19 ਸਤੰਬਰ ਤੋਂ ਹੋਣਗੀਆਂ ਏਸ਼ਿਆਈ ਖੇਡਾਂ

## 492 ਭਾਰਤੀ ਖਿਡਾਰੀਆਂ ਦੀ ਟੀਮ ਨੂੰ ਮਿਲੀ ਮਨਜ਼ੂਰੀ, ਐਥਲੈਟਿਕਸ ਦੇ 73 ਖਿਡਾਰੀ ਸ਼ਾਮਲ

ਨਵੀਂ ਦਿੱਲੀ/ਏ.ਟੀ.ਨਿਊਜ਼: ਖੇਡ ਮੰਤਰਾਲੇ ਨੇ ਸਾਫ ਕਰ ਦਿੱਤਾ ਹੈ ਕਿ ਇੱਕ ਸਾਲ ਪਹਿਲਾਂ ਐਲਾਨੇ ਚੋਣ ਮਾਪਦੰਡਾਂ 'ਤੇ ਖਰੇ ਨਾ ਉਤਰਣ ਵਾਲੇ ਖਿਡਾਰੀਆਂ ਨੂੰ ਉਨ੍ਹਾਂ ਦੇ ਸਮਰਥਕਾਂ ਵੱਲੋਂ ਬਣਾਏ ਜਾ ਰਹੇ ਦਬਾਅ ਦੇ ਬਾਵਜੂਦ ਏਸ਼ਿਆਈ ਖੇਡਾਂ ਲਈ ਚੁਣੀ ਗਈ ਭਾਰਤੀ ਟੀਮ 'ਚ ਜਗ੍ਹਾ ਨਹੀਂ ਦਿੱਤੀ ਜਾਵੇਗੀ।

ਖੇਡ ਮੰਤਰਾਲੇ ਨੇ 19 ਸਤੰਬਰ ਤੋਂ 4 ਅਕਤੂਬਰ ਤੱਕ ਜਾਪਾਨ ਦੇ ਆਈਚੀ-ਨਾਗੋਯਾ 'ਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਲਈ 492 ਖਿਡਾਰੀਆਂ ਦੀ ਟੀਮ ਨੂੰ ਮਨਜ਼ੂਰੀ ਦਿੱਤੀ ਹੈ। ਇਸ ਵਿੱਚ ਐਥਲੈਟਿਕਸ ਦੇ 73 ਖਿਡਾਰੀ ਸ਼ਾਮਲ ਹਨ, ਜੋ ਇਸ ਟੀਮ ਦਾ ਸਭ ਤੋਂ ਵੱਡਾ ਹਿੱਸਾ ਹਨ। ਟੀਮ 'ਚ ਕੁਝ ਹੋਰ ਖਿਡਾਰੀਆਂ ਨੂੰ ਸ਼ਾਮਲ ਕਰਨ ਦੀ ਸੰਭਾਵਨਾ ਹੈ ਪਰ ਇਹ ਉਹ ਮਾਮਲੇ ਹਨ, ਜਿਨ੍ਹਾਂ ਲਈ ਏਸ਼ੀਆ ਉਲੰਪਿਕ




ਕੌਂਸਲ ਦੀ ਮਨਜ਼ੂਰੀ ਦੀ ਉਡੀਕ ਕੀਤੀ ਜਾ ਰਹੀ ਹੈ। ਮੰਤਰਾਲੇ ਨੇ ਸਾਫ਼ ਕਰ ਦਿੱਤਾ ਹੈ ਕਿ ਇਨ੍ਹਾਂ ਵਾਧੂ ਖਿਡਾਰੀਆਂ ਦੀ ਚੋਣ ਪਿਛਲੇ ਸਾਲ ਸਤੰਬਰ 'ਚ ਜਾਰੀ ਕੀਤੇ ਗਏ ਮਾਪਦੰਡਾਂ ਦੀ ਅਣਦੇਖੀ ਕਰ ਕੇ ਨਹੀਂ ਕੀਤੀ ਜਾਵੇਗੀ।

ਖੇਡ ਮੰਤਰਾਲੇ ਦੇ ਇੱਕ ਸਰੋਤ ਨੇ ਦੱਸਿਆ ਕਿ ਸਾਡੇ 'ਤੇ ਕਾਫੀ ਦਬਾਅ ਸੀ। ਕੁਝ ਮਾਪੇ ਆਏ ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬੱਚੇ ਦੀ ਚੋਣ ਨਹੀਂ ਹੋਈ। ਅਸੀਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਹਾਡਾ ਬੱਚਾ ਚੋਣ ਦਾ ਹੱਕਦਾਰ ਹੈ ਤੇ ਨਿਰਧਾਰਿਤ ਮਾਪਦੰਡ ਪੂਰੇ ਕਰਦਾ ਹੈ ਤਾਂ ਉਸਦੀ ਚੋਣ ਨਾ ਹੋਣ ਦਾ ਕੋਈ ਕਾਰਨ ਨਹੀਂ ਹੈ।

ਅਧਿਕਾਰੀ ਨੇ ਉਦਾਹਰਣ ਦਿੰਦੇ ਹੋਏ ਕਿਹਾ ਕਿ ਮੰਨ ਲਓ 100 ਮੀਟਰ ਦੌੜ 'ਚ ਮੈਡਲ ਦੀ ਦਾਅਵੇਦਾਰੀ ਲਈ 10 ਸਕਿੰਟਾਂ ਦਾ ਸਮਾਂ ਜ਼ਰੂਰੀ ਹੈ ਤਾਂ ਕੀ ਅਸੀਂ 15 ਸਕਿੰਟਾਂ 'ਚ ਦੌੜਨ ਵਾਲੇ ਖਿਡਾਰੀ ਨੂੰ ਭੇਜਾਂਗੇ? ਅਸੀਂ ਇਹ ਮਾਪਦੰਡ ਨਿਰਧਾਰਿਤ ਕੀਤੇ ਹਨ ਕਿ ਜੇ ਕੋਈ ਖਿਡਾਰੀ ਏਸ਼ੀਆ 'ਚ ਸਿਖਰਲੇ ਛੇ ਵਿੱਚ ਹੈ ਤਾਂ ਹੀ ਉਸਦੀ ਚੋਣ ਕੀਤੀ ਜਾਵੇਗੀ। ਅਸੀਂ ਇਸੇ ਨਿਯਮ ਦੀ ਪਾਲਣਾ ਕੀਤੀ ਹੈ।

ਮੰਤਰਾਲੇ ਨੇ 2025 'ਚ ਜਾਰੀ ਕੀਤੇ ਚੋਣ ਮਾਪਦੰਡਾਂ 'ਚ ਸਾਫ਼ ਕੀਤਾ ਸੀ ਕਿ ਏਸ਼ਿਆਈ ਖੇਡਾਂ ਸਮੇਤ ਬਹੁ-ਖੇਡ ਮੁਕਾਬਲਿਆਂ ਲਈ ਸਿਰਫ ਉਨ੍ਹਾਂ ਖਿਡਾਰੀਆਂ 'ਤੇ ਵਿਚਾਰ ਕੀਤਾ ਜਾਵੇਗਾ, ਜਿਨ੍ਹਾਂ ਕੋਲ ਮੈਡਲ ਜਿੱਤਣ ਦੀ ਅਸਲ ਸੰਭਾਵਨਾ ਹੋਵੇ। ਇਸ ਤੋਂ ਇਲਾਵਾ ਮਹਾਦੀਪੀ ਰੈਂਕਿੰਗ 'ਚ ਸਿਖਰਲੇ ਛੇ ਖਿਡਾਰੀਆਂ ਨੂੰ ਹੀ ਯੋਗ ਮੰਨਿਆ ਗਿਆ ਸੀ। ਇਸੇ ਕਟਆਫ ਕਾਰਨ ਖ਼ਰਾਬ ਹੁੰਦੀ ਰੈਂਕਿੰਗ ਦੇ ਚਲਦੇ ਭਾਰਤੀ ਫੁੱਟਬਾਲ ਟੀਮ ਏਸ਼ਿਆਈ ਖੇਡਾਂ ਤੋਂ ਬਾਹਰ ਹੋਣ ਵਾਲੀਆਂ ਪਹਿਲੀਆਂ ਟੀਮਾਂ 'ਚ ਸ਼ਾਮਲ ਰਹੀ। ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਵੀ ਕੁਝ ਹਫ਼ਤੇ ਪਹਿਲਾਂ ਕਿਹਾ ਸੀ ਕਿ ਏਸ਼ਿਆਈ ਖੇਡਾਂ ਵਰਗੇ ਮੁਕਾਬਲਿਆਂ ਨੂੰ ਖਿਡਾਰੀਆਂ ਲਈ ਸਿਰਫ਼ ਤਜਰਬਾ ਪ੍ਰਾਪਤ ਕਰਨ ਦੇ ਮੌਕੇ ਵਜੋਂ ਨਹੀਂ ਦੇਖਣਾ ਚਾਹੀਦਾ। ਜਾਪਾਨ ਉਹੀ ਖਿਡਾਰੀ ਜਾਣ, ਜੋ ਮੈਡਲ ਜਿੱਤਣ ਦੀ ਮਜ਼ਬੂਤ ਸਮਰਥਾ ਰੱਖਦੇ ਹੋਣ। ਬਹੁ-ਖੇਡ ਮੁਕਾਬਲਿਆਂ ਲਈ ਭਾਰਤੀ ਟੀਮ ਨੂੰ ਆਖ਼ਰੀ ਰੂਪ ਦੇਣਾ ਹਮੇਸ਼ਾ ਚੁਣੌਤੀਪੂਰਨ ਰਿਹਾ ਹੈ।

# 'ਚਾਈਨਾ ਮਾਸਟਰਜ਼ ਸੁਪਰ' ਦਾ ਖ਼ਿਤਾਬ ਸਾਤਵਿਕ-ਚਿਰਾਗ ਨੇ ਜਿੱਤਿਆ

ਸ਼ੇਨਜ਼ੇਨ/ਏ.ਟੀ.ਨਿਊਜ਼: ਭਾਰਤ ਦੀ ਸਟਾਰ ਬੈਡਮਿੰਟਨ ਡਬਲਜ਼ ਜੋੜੀ ਸਾਤਵਿਕ ਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ ਨੇ ਲੰਘੇ ਦਿਨੀਂ ਇੱਥੇ ਹੀ ਜੀ ਤਿੰਗ ਅਤੇ ਰੇਨ ਸ਼ਿਆਂਗ ਯੂ ਦੀ ਚੀਨੀ ਜੋੜੀ ਨੂੰ ਤਿੰਨ ਗੇਮਾਂ ਦੇ ਫਸਵੇਂ ਮੁਕਾਬਲੇ ਵਿੱਚ ਹਰਾ ਕੇ ਚਾਈਨਾ ਮਾਸਟਰਜ਼ ਸੁਪਰ 750 ਦਾ ਖ਼ਿਤਾਬ ਜਿੱਤ ਲਿਆ। ਇੱਥੇ ਆਪਣਾ ਤੀਜਾ ਫਾਈਨਲ ਖੇਡਦਿਆਂ ਸਾਤਵਿਕ ਅਤੇ ਚਿਰਾਗ ਨੇ ਇੱਕ ਘੰਟਾ ਅਤੇ 10 ਮਿੰਟ ਚੱਲੇ ਮੁਕਾਬਲੇ ਵਿੱਚ 11-21, 21-13, 21-17 ਨਾਲ ਜਿੱਤ ਦਰਜ ਕੀਤੀ। ਭਾਰਤੀ ਜੋੜੀ 2023 ਅਤੇ 2025 ਵਿੱਚ ਉਪ ਜੇਤੂ ਰਹੀ ਸੀ।

ਇਸ ਸੈਸ਼ਨ ਵਿੱਚ ਸਾਤਵਿਕ-




ਚਿਰਾਗ ਦਾ ਇਹ ਦੂਜਾ ਖ਼ਿਤਾਬ ਹੈ। ਇਸ ਤੋਂ ਪਹਿਲਾਂ ਦੋਵਾਂ ਨੇ ਸਿੰਗਾਪੁਰ ਓਪਨ ਸੁਪਰ 750 ਦਾ ਖ਼ਿਤਾਬ ਜਿੱਤਿਆ ਸੀ ਅਤੇ ਥਾਈਲੈਂਡ ਓਪਨ ਸੁਪਰ 500 ਦੇ ਫਾਈਨਲ ਵਿੱਚ ਜਗ੍ਹਾ ਬਣਾਈ ਸੀ। 19 ਸਤੰਬਰ ਤੋਂ ਜਪਾਨ ਵਿੱਚ ਹੋਣ ਵਾਲੀਆਂ ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਬਚਾਉਣ ਦੀ ਤਿਆਰੀ ਲਈ ਭਾਰਤੀ ਜੋੜੀ ਦੀ ਇਹ ਜਿੱਤ ਅਹਿਮ ਮੰਨੀ ਜਾ ਰਹੀ ਹੈ। ਚੀਨੀ ਖਿਡਾਰੀਆਂ 'ਤੇ ਭਾਰਤੀ ਜੋੜੀ ਦੀ ਇਹ ਲਗਾਤਾਰ ਤੀਜੀ ਜਿੱਤ ਹੈ।

ਸ਼ੁਰੂਆਤ ਵਿੱਚ ਚੀਨੀ ਜੋੜੀ ਨੇ ਹਮਲਾਵਰ ਖੇਡ ਦਿਖਾਉਂਦਿਆਂ ਪਹਿਲੀ ਗੇਮ 21-11 ਨਾਲ ਆਪਣੇ ਨਾਮ ਕਰ ਲਈ। ਭਾਰਤੀ ਖਿਡਾਰੀਆਂ ਨੂੰ ਵਿਰੋਧੀਆਂ ਦੀ ਰਫ਼ਤਾਰ ਦਾ ਸਾਹਮਣਾ ਕਰਨ ਵਿੱਚ ਮੁਸ਼ਕਿਲ ਆਈ; ਹਾਲਾਂਕਿ ਦੂਜੀ ਗੇਮ ਵਿੱਚ ਭਾਰਤੀ ਜੋੜੀ ਨੇ ਬਿਹਤਰ ਪ੍ਰਦਰਸ਼ਨ ਕੀਤਾ ਤੇ ਇਹ ਗੇਮ 21-13 ਨਾਲ ਜਿੱਤ ਲਈ।

ਫ਼ੈਸਲਾਕੁਨ ਤੀਜੀ ਗੇਮ ਵਿੱਚ ਵੀ ਦੋਵਾਂ ਜੋੜੀਆਂ ਵਿਚਾਲੇ ਸਖ਼ਤ ਟੱਕਰ ਦੇਖਣ ਨੂੰ ਮਿਲੀ। ਸ਼ੁਰੂਆਤ ਵਿੱਚ ਚੀਨੀ ਜੋੜੀ 7-3 ਨਾਲ ਅੱਗੇ ਸੀ ਪਰ ਭਾਰਤੀ ਖਿਡਾਰੀਆਂ ਨੇ ਲਗਾਤਾਰ ਚਾਰ ਅੰਕ ਲੈ ਕੇ ਸਕੋਰ 7-7 ਨਾਲ ਬਰਾਬਰ ਕਰ ਦਿੱਤਾ। ਮੈਚ ਦੇ ਆਖ਼ਰੀ ਪਲਾਂ ਵਿੱਚ 16-16 ਦੀ ਬਰਾਬਰੀ ਮਗਰੋਂ ਚੀਨੀ ਖਿਡਾਰੀਆਂ ਦੀ ਗ਼ਲਤੀ ਦਾ ਫ਼ਾਇਦਾ ਉਠਾਉਂਦਿਆਂ ਭਾਰਤੀ ਜੋੜੀ ਨੇ 21-17 ਨਾਲ ਖ਼ਿਤਾਬ ਆਪਣੇ ਨਾਮ ਕਰ ਲਿਆ।

ਅਮਨਦੀਪ ਸਿੰਘ

# ਪੰਜਾਬੀ ਸੰਗੀਤ ਜਗਤ ਦਾ ਪਾਰਸ
# 'ਉਸਤਾਦ ਜਸਵੰਤ ਭੰਵਰਾ'

ਪੰਜਾਬੀ ਸੰਗੀਤ ਜਗਤ ਦੇ ਸੁਨਹਿਰੀ ਦੌਰ ਦੇ ਸਿਰਮੌਰ ਸੰਗੀਤਕਾਰ ਉਸਤਾਦ ਜਸਵੰਤ ਭੰਵਰਾ ਇੱਕ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਪੰਜਾਬੀ ਗਾਇਕੀ ਨੂੰ ਰਵਾਇਤੀ ਪੇਂਡੂ ਅਖਾੜਿਆਂ 'ਚੋਂ ਕੱਢ ਕੇ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਈ। ਉਨ੍ਹਾਂ ਨੇ ਕਈ ਦਹਾਕਿਆਂ ਤੱਕ ਪੰਜਾਬੀ ਮਿਊਜ਼ਿਕ ਇੰਡਸਟਰੀ 'ਤੇ ਰਾਜ ਕੀਤਾ ਅਤੇ ਕਈ ਨਾਮਵਰ ਗਾਇਕਾਂ ਦੇ ਕੈਰੀਅਰ ਨੂੰ ਨਵੀਂ ਬੁਲੰਦੀ ਦਿੱਤੀ।

ਜਸਵੰਤ ਭੰਵਰਾ ਦਾ ਜਨਮ ਅਣਵੰਡੇ ਪੰਜਾਬ (ਹੁਣ ਪਾਕਿਸਤਾਨ) ਵਿੱਚ ਹੋਇਆ ਸੀ, ਪਰ ਦੇਸ਼ ਦੀ ਵੰਡ ਦੇ ਬਾਅਦ ਉਨ੍ਹਾਂ ਦਾ ਪਰਿਵਾਰ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਨੇੜੇ ਮਾਲਵਾ ਖੇਤਰ ਵਿੱਚ ਆ ਵਸਿਆ। ਬਚਪਨ ਤੋਂ ਹੀ ਉਨ੍ਹਾਂ ਦੇ ਕੰਨਾਂ ਵਿੱਚ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਅਤੇ ਲੋਕ ਧੁਨਾਂ ਰਚੀਆਂ ਹੋਈਆਂ ਸਨ। ਉਨ੍ਹਾਂ ਨੂੰ ਸੰਗੀਤ ਦੀ ਚਿਣਗ ਬਚਪਨ ਵਿੱਚ ਹੀ ਲੱਗ ਗਈ ਸੀ। ਉਹ ਪਰੰਪਰਾਗਤ ਸੂਫ਼ੀਆਨਾ ਕਲਾਮ ਹੀਰ ਅਤੇ ਮਿਰਜ਼ਾ ਗਾਉਣ ਵਾਲੇ ਪੁਰਾਣੇ ਗਾਇਕਾਂ ਨੂੰ ਬੜੀ ਰੀਝ ਨਾਲ ਸੁਣਦੇ ਹੁੰਦੇ ਸਨ। ਉਨ੍ਹਾਂ ਨੇ ਸੰਗੀਤ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਸ਼ਾਸਤਰੀ ਸੰਗੀਤ ਦੀ ਬਕਾਇਦਾ ਤਾਲੀਮ ਲਈ। ਉਨ੍ਹਾਂ ਸ਼ਾਸਤਰੀ ਸੰਗੀਤ ਦੀ ਰਸਮੀ ਸਿੱਖਿਆ ਪਟਿਆਲਾ ਘਰਾਣੇ ਦੇ ਪ੍ਰਸਿੱਧ ਸੰਗੀਤਕਾਰਾਂ ਅਤੇ ਉਸਤਾਦਾਂ ਕੋਲੋਂ ਹਾਸਿਲ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਦੇ ਕਈ ਸਥਾਨਕ ਗੁਰੂਆਂ ਤੇ ਸੂਫ਼ੀ ਸੰਗੀਤ ਦੇ ਮਾਹਿਰਾਂ ਦੀ ਸੰਗਤ ਵਿੱਚ ਰਹਿ ਕੇ ਹਾਰਮੋਨੀਅਮ ਵਜਾਉਣ ਅਤੇ ਧੁਨਾਂ ਤਿਆਰ ਕਰਨ ਦੀ ਮੁਹਾਰਤ ਹਾਸਿਲ ਕੀਤੀ। ਇਹੀ ਕਾਰਨ ਸੀ ਕਿ ਉਨ੍ਹਾਂ ਦੇ ਤਿਆਰ ਕੀਤੇ ਲੋਕ ਗੀਤਾਂ ਅਤੇ ਕਲੀਆਂ ਵਿੱਚ ਵੀ ਸ਼ਾਸਤਰੀ ਸੁਰਾਂ ਦੀ ਪਕੜ ਸਾਫ਼ ਦਿਖਾਈ ਦਿੰਦੀ ਹੈ। ਉਹ ਕੇਵਲ ਇੱਕ ਸੰਗੀਤ ਨਿਰਦੇਸ਼ਕ ਹੀ ਨਹੀਂ ਸਨ, ਸਗੋਂ ਉਹ ਕਲਾਸੀਕਲ ਸੰਗੀਤ ਦੇ ਉਸਤਾਦ ਗਾਇਕਾਂ ਅਤੇ ਸੈਂਕੜੇ ਕਲਾਕਾਰਾਂ ਦੇ ਮਾਰਗਦਰਸ਼ਕ ਵੀ ਸਨ। ਪੰਜਾਬੀ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਮੇਲ ਨੂੰ ਹਰਮਨ ਪਿਆਰਾ ਬਣਾਉਣ ਵਿੱਚ ਉਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਬਿਨਾਂ ਸੁਰਾਂ ਦੇ ਗਿਆਨ ਦੇ ਕੋਈ ਵੀ ਸੰਗੀਤਕਾਰ ਲੰਬੀ ਰੇਸ ਦਾ ਘੋੜਾ ਨਹੀਂ ਬਣ ਸਕਦਾ।ਜਸਵੰਤ ਭੰਵਰਾ ਨੇ ਜਦੋਂ ਲੁਧਿਆਣਾ ਅਤੇ ਜਲੰਧਰ ਨੂੰ ਆਪਣਾ ਕੇਂਦਰ ਬਣਾ ਕੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਹ ਦੌਰ ਐੱਚ.ਐੱਮ.ਵੀ. ਕੰਪਨੀ ਦੇ ਤਵਾ ਕਲਚਰ ਦਾ ਸੀ, ਜਿਸ ਨੂੰ ਗਰਾਮੋਫੋਨ ਰਿਕਾਰਡ ਵੀ ਕਹਿੰਦੇ ਸਨ। ਉਨ੍ਹਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਹ ਹਰ ਗਾਇਕ ਦੀ ਆਵਾਜ਼ ਦੀ ਰੇਂਜ ਨੂੰ ਬਹੁਤ ਛੇਤੀ ਭਾਂਪ ਲੈਂਦੇ ਸਨ। ਭੰਵਰਾ ਨੇ ਘੰਟਾ ਘਰ ਦੇ ਨੇੜੇ ਚੁਬਾਰੇ ਵਿੱਚ ਨੈਸ਼ਨਲ ਮਿਊਜ਼ਿਕ ਕਾਲਜ ਨਾਮ ਦੀ ਸੰਸਥਾ ਹੇਠ ਨਵੇਂ ਸਿਖਾਂਦਰੂਆਂ ਨੂੰ ਸੰਗੀਤ ਦੀ ਵਿੱਦਿਆ ਦੇਣੀ ਸ਼ੁਰੂ ਕੀਤੀ। ਐੱਚ.ਐੱਮ.ਵੀ. ਵੱਲੋਂ ਲਾਲ ਚੰਦ ਯਮਲਾ ਜੱਟ ਦੀ ਸਿਲੈਕਸ਼ਨ ਵੀ ਇਸੇ ਚੁਬਾਰੇ ਵਿੱਚ ਕੀਤੀ ਗਈ ਸੀ। ਉਨ੍ਹਾਂ ਨੇ ਪੰਜਾਬ ਦੇ ਲਗਭਗ ਹਰ ਵੱਡੇ ਕਲਾਕਾਰ ਨਾਲ ਕੰਮ ਕੀਤਾ। ਜਸਵੰਤ ਭੰਵਰਾ ਦੀਆਂ ਤਿਆਰ ਕੀਤੀਆਂ ਧੁਨਾਂ ਵਿੱਚ ਇੱਕ ਖ਼ਾਸ ਕਿਸਮ ਦਾ ਪੰਜਾਬੀਪਣ ਹੁੰਦਾ ਸੀ, ਜਿਸ ਵਿੱਚ ਤੂੰਬੀ, ਅਲਗੋਜ਼ੇ ਅਤੇ ਢੋਲਕ ਦਾ ਬਹੁਤ ਹੀ ਸੁਚੱਜਾ ਸੁਮੇਲ ਦੇਖਣ ਨੂੰ ਮਿਲਦਾ ਸੀ। ਉਹ ਸਿਰਫ਼ ਧੁਨਾਂ ਹੀ ਨਹੀਂ ਬਣਾਉਂਦ ਸਨ, ਬਲਕਿ ਗੀਤ ਦੇ ਬੋਲਾਂ ਮੁਤਾਬਕ ਸਾਜ਼ਾਂ ਦੀ ਚੋਣ ਕਰਦੇ ਸਨ।



ਜਸਵੰਤ ਭੰਵਰਾ ਦਾ ਗੁਰਦਾਸ ਮਾਨ ਨੂੰ ਇੱਕ ਸਾਧਾਰਨ ਗਾਇਕ ਤੋਂ ਪੰਜਾਬੀ ਸੰਗੀਤ ਜਗਤ ਦਾ 'ਸਰਤਾਜ' ਬਣਾਉਣ ਵਿੱਚ ਬਹੁਤ ਵੱਡਾ ਤੇ ਇਤਿਹਾਸਕ ਯੋਗਦਾਨ ਰਿਹਾ ਹੈ। ਜਦੋਂ ਉਨ੍ਹਾਂ ਨੇ ਨਵੀਂ-ਨਵੀਂ ਗਾਇਕੀ ਸ਼ੁਰੂ ਕੀਤੀ ਸੀ ਤਾਂ ਭੰਵਰਾ ਨੇ ਉਨ੍ਹਾਂ ਲਈ ਇੱਕ ਉਸਤਾਦ, ਇੱਕ ਸੰਗੀਤਕਾਰ ਅਤੇ ਰਾਹ-ਦਸੇਰਾ ਬਣ ਕੇ ਕੰਮ ਕੀਤਾ। ਗੁਰਦਾਸ ਮਾਨ ਨੂੰ ਰਾਤੋ-ਰਾਤ ਸੁਪਰਸਟਾਰ ਬਣਾਉਣ ਵਾਲਾ ਗੀਤ 'ਦਿਲ ਦਾ ਮਾਮਲਾ ਹੈ' ਜੋ 1980 ਵਿੱਚ ਜਲੰਧਰ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਇਆ ਸੀ, ਉਸ ਦੀ ਤਿਆਰੀ ਸਮੇਂ ਭੰਵਰਾ ਨੇ ਗੁਰਦਾਸ ਮਾਨ ਨੂੰ ਹਾਰਮੋਨੀਅਮ 'ਤੇ ਇਸ ਗੀਤ ਦੇ ਉਤਰਾਅ-ਚੜ੍ਹਾਅ ਅਤੇ ਸੁਰਾਂ ਦਾ ਲਗਾਤਾਰ ਅਭਿਆਸ ਕਰਵਾਇਆ ਸੀ। ਉਨ੍ਹਾਂ ਨੇ ਇਸ ਗੀਤ ਦੀ ਲਾਈਵ ਪੇਸ਼ਕਾਰੀ ਨੂੰ ਇੰਨਾ ਪੱਕਾ ਕਰਵਾ ਦਿੱਤਾ ਕਿ ਜਦੋਂ ਇਹ ਗੀਤ ਟੀ.ਵੀ. 'ਤੇ ਆਇਆ ਤਾਂ ਲੋਕ ਗੁਰਦਾਸ ਮਾਨ ਦੀ ਗਾਇਕੀ ਦੇ ਦੀਵਾਨੇ ਹੋ ਗਏ। ਭੰਵਰਾ ਦਾ ਇਹ ਮੰਨਣਾ ਸੀ ਕਿ ਇੱਕ ਸੱਚਾ ਲੋਕ ਗਾਇਕ ਉਹੀ ਹੈ ਜੋ ਸਟੇਜ 'ਤੇ ਨੱਚਦੇ-ਟੱਪਦੇ ਹੋਏ ਵੀ ਸੁਰਾਂ ਤੋਂ ਨਾ ਹਿੱਲੇ। ਅੱਜ 70 ਸਾਲ ਦੀ ਉਮਰ ਨੂੰ ਢੁੱਕਣ ਵਾਲੇ ਗੁਰਦਾਸ ਮਾਨ ਸਟੇਜ 'ਤੇ ਉਹੀ ਪੁਰਾਣੀ ਊਰਜਾ ਨਾਲ ਗਾਉਂਦੇ ਹਨ। ਉਹ ਇੱਕ ਗੱਲ ਅਕਸਰ ਕਹਿੰਦੇ ਹਨ ਕਿ ਭੰਵਰਾ ਸਾਹਬ ਦੇ ਸਾਹਮਣੇ ਗਾਉਣਾ ਇੱਕ ਪ੍ਰੀਖਿਆ ਦੇਣ ਦੇ ਵਾਂਗ ਹੁੰਦਾ ਸੀ।

ਜਸਵੰਤ ਭੰਵਰਾ ਨੂੰ ਪੰਜਾਬੀ ਸੰਗੀਤ ਜਗਤ ਦਾ ਗੁਰੂ ਜਾਂ ਪਾਰਸ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੇ ਹੱਥਾਂ ਵਿੱਚੋਂ ਨਿਕਲ ਕੇ ਕਈ ਕਲਾਕਾਰ ਸਟਾਰ ਬਣੇ। 'ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ' ਦੇ ਮੁੱਢਲੇ ਦੌਰ ਵਿੱਚ ਅਤੇ ਉਨ੍ਹਾਂ ਦੇ ਕਈ ਪ੍ਰਸਿੱਧ ਗੀਤਾਂ ਦੀ ਸੰਗੀਤ ਨਿਰਦੇਸ਼ਨਾ ਵਿੱਚ ਭੰਵਰਾ ਸਾਹਬ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਮਾਣਕ ਦੀ ਉੱਚੀ ਕੜਕਦਾਰ ਅਤੇ ਹੇਕ ਵਾਲੀ ਆਵਾਜ਼ ਨੂੰ 'ਲੋਕ ਗਾਥਾਵਾਂ' ਗਾਉਣ ਦੇ ਅਨੁਕੂਲ ਬਣਾਉਣ ਵਿੱਚ ਉਨ੍ਹਾਂ ਦਾ ਵੱਡਾ ਹੱਥ ਰਿਹਾ ਹੈ। ਮਾਣਕ ਨੇ ਕੁਝ ਸਮਾਂ ਹਰਚਰਨ ਗਰੇਵਾਲ ਨਾਲ ਸਾਜਿੰਦੇ ਦੇ ਤੌਰ 'ਤੇ ਵੀ ਕੰਮ ਕੀਤਾ। ਜਦੋਂ ਉਨ੍ਹਾਂ ਨੇ ਮਾਣਕ ਦੀ ਆਵਾਜ਼ ਸੁਣੀ ਤਾਂ ਉਨ੍ਹਾਂ ਪਹਿਲੀ ਨਜ਼ਰੇ ਪਛਾਣ ਲਿਆ ਕਿ ਇਹ ਆਵਾਜ਼ ਰੁਮਾਂਟਿਕ ਗੀਤਾਂ ਲਈ ਨਹੀਂ ਸਗੋਂ ਇਤਿਹਾਸਕ ਪ੍ਰਸੰਗਾਂ, ਕਲੀਆਂ ਅਤੇ ਪੰਜਾਬ ਦੇ ਨਾਇਕਾਂ ਜਿਵੇਂ ਦੁੱਲਾ ਭੱਟੀ, ਜੈਮਲ ਫੱਤਾ, ਸੁੱਚਾ ਸੂਰਮਾ ਦੀਆਂ ਗਾਥਾਵਾਂ ਗਾਉਣ ਲਈ ਬਣੀ ਹੈ, ਕਿਉਂਕਿ ਕੁਲਦੀਪ ਮਾਣਕ ਦੀ ਆਵਾਜ਼ ਕੁਦਰਤੀ ਤੌਰ 'ਤੇ ਬੁਲੰਦ ਅਤੇ ਤਿੱਖੀ ਸੀ। ਇਸ ਲਈ ਭੰਵਰਾ ਸਾਹਬ ਨੇ ਮਾਣਕ ਦੇ ਗਲੇ ਦੀ ਰੇਂਜ ਮੁਤਾਬਕ ਉਸ ਨੂੰ ਸੁਰ ਦਾ ਰਿਆਜ਼ ਕਰਵਾਇਆ।

'ਤੇਰੇ ਟਿੱਲੇ ਤੋਂ ਸੂਰਤ ਦੀਹਦੀ ਆ ਹੀਰ ਦੀ' ਕਲੀ ਪੰਜਾਬੀ ਸੰਗੀਤ ਦੇ ਇਤਿਹਾਸ ਵਿੱਚ ਅਮਰ ਹੋ ਚੁੱਕੀ ਹੈ। ਇਸ ਕਲੀ ਦੀ ਮੁੱਢਲੀ ਸੰਗੀਤਕ ਘੜਤ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਇਸ ਕਲੀ ਦੀ ਤਿਆਰੀ ਸਮੇਂ ਭੰਵਰਾ ਸਾਹਬ ਹਮੇਸ਼ਾ ਇਹ ਸਮਝਾਉਂਦੇ ਕਿ ਰਾਂਝੇ ਦੇ ਜੋਗੀ ਬਣਨ ਦੇ ਪ੍ਰਸੰਗ ਸਮੇਂ ਆਵਾਜ਼ ਵਿੱਚ ਗੁੱਸਾ, ਵੈਰਾਗ ਅਤੇ ਦਰਦ ਇੱਕੋ ਸਮੇਂ ਕਿਵੇਂ ਦਿਖਾਉਣਾ ਹੈ। ਉਨ੍ਹਾਂ ਦੀ ਇਸ ਸੰਗੀਤਕ ਸੂਝ ਸਦਕਾ ਹੀ ਮਾਣਕ ਨੇ ਇਸ ਕਲੀ ਨੂੰ ਅਜਿਹੇ ਅੰਦਾਜ਼ ਵਿੱਚ ਗਾਇਆ ਕਿ ਅੱਜ ਵੀ ਇਸ ਤਰ੍ਹਾਂ ਦੀ ਕਲੀ ਕੋਈ ਦੂਜਾ ਗਾਇਕ ਨਹੀਂ ਗਾ ਸਕਿਆ। ਐੱਚ.ਐੱਮ.ਵੀ. ਦੀਆਂ ਰਿਕਾਰਡਿੰਗਾਂ ਸਮੇਂ ਉਹ ਸਦਾ ਮਾਣਕ ਦੇ ਨਾਲ ਹੁੰਦੇ ਸਨ। ਉਹ ਹਮੇਸ਼ਾ ਇਸ ਗੱਲ ਦਾ ਵੀ ਖ਼ਿਆਲ ਰੱਖਦੇ ਕਿ ਮਾਣਕ ਦੇ ਗੀਤਾਂ ਵਿੱਚ ਤੂੰਬੀ ਅਤੇ ਢੋਲਕ ਦੀ ਥਾਪ ਇੰਨੀ ਸੁਚੱਜੀ ਹੋਵੇ ਕਿ ਉਹ ਮਾਣਕ ਦੀ ਆਵਾਜ਼ ਨੂੰ ਹੋਰ ਉਭਾਰੇ ਨਾ ਕਿ ਦਬਾਵੇ।

ਕੁਲਦੀਪ ਮਾਣਕ ਹਿੱਟ ਉੱਤੇ ਹਿੱਟ ਗੀਤ ਦੇ ਰਹੇ ਸਨ ਕਿ ਇਸੇ ਸਮੇਂ ਦੌਰਾਨ ਭੰਵਰਾ ਨੇ ਮਾਰਕੀਟ ਵਿੱਚ ਸੁਰਿੰਦਰ ਛਿੰਦੇ ਨੂੰ ਤਿਆਰ ਕੀਤਾ। ਜਦੋਂ ਸੁਰਿੰਦਰ ਛਿੰਦਾ ਨੇ ਭੰਵਰਾ ਦੀ ਨਿਰਦੇਸ਼ਨਾ ਹੇਠ ਆਪਣੀਆਂ ਕਲੀਆਂ ਰਿਕਾਰਡ ਕਰਵਾਉਣੀਆਂ ਸਨ ਤਾਂ ਰਿਹਰਸਲ ਦੌਰਾਨ ਉਹ ਜਾਣ-ਬੁੱਝ ਕੇ ਹਾਰਮੋਨੀਅਮ ਦਾ ਸਕੇਲ ਉੱਚਾ ਚੁੱਕ ਦਿੰਦੇ। ਇਸ 'ਤੇ ਛਿੰਦਾ ਕਹਿੰਦਾ, ਉਸਤਾਦ ਜੀ ਬਹੁਤ ਉੱਚਾ ਸਕੇਲ ਹੈ, ਗਲਾ ਪਾਟ ਜਾਊਗਾ। ਭੰਵਰਾ ਹੱਸ ਕੇ ਕਹਿੰਦੇ, ਛਿੰਦਿਆ ਤੇਰਾ ਗਲਾ ਲੋਹੇ ਵਰਗਾ ਤੂੰ ਜ਼ੋਰ ਲਾ, ਸੁਰ ਆਪਣੇ-ਆਪ ਬੋਲੇਗਾ। ਭੰਵਰਾ ਦੀ ਇਸੇ ਜ਼ਿੱਦ ਤੇ ਪਰਖ ਸਦਕਾ ਸੁਰਿੰਦਰ ਛਿੰਦਾ ਪੰਜਾਬੀ ਸੰਗੀਤ ਜਗਤ ਵਿੱਚ ਉੱਚੀ ਹੇਕ ਦਾ ਬਾਦਸ਼ਾਹ ਬਣਿਆ। ਉਹ ਰਿਕਾਰਡਿੰਗ ਦੌਰਾਨ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕਰਦੇ ਸਨ। ਜੇਕਰ ਕੋਈ ਗਾਇਕ ਸੁਰਾਂ ਤੋਂ ਜ਼ਰਾ ਜਿੰਨਾ ਵੀ ਹਿੱਲ ਜਾਂਦਾ ਤਾਂ ਉਹ ਹਾਰਮੋਨੀਅਮ ਵਜਾਉਣਾ ਬੰਦ ਕਰ ਦਿੰਦੇ ਅਤੇ ਬੜੇ ਹੀ ਦੇਸੀ ਅੰਦਾਜ਼ ਵਿੱਚ ਕਹਿੰਦੇ, ਪਹਿਲਾਂ ਗਲੇ ਨੂੰ ਸੁਰ ਵਿੱਚ ਕਰ ਕੇ ਆਓ, ਰਿਕਾਰਡਿੰਗ ਕੱਲ੍ਹ ਕਰਾਂਗੇ। ਵੱਡੇ ਤੋਂ ਵੱਡਾ ਗਾਇਕ ਵੀ ਉਨ੍ਹਾਂ ਦੇ ਸਾਹਮਣੇ ਸੰਗਦਾ ਸੀ। ਉਹ ਮੰਨਦੇ ਸਨ ਕਿ ਜਦੋਂ ਤੱਕ ਗਾਇਕ ਦਾ ਮੂਡ ਤਰੋ-ਤਾਜ਼ਾ ਨਹੀਂ ਹੋਵੇਗਾ, ਉਦੋਂ ਤੱਕ ਗਲੇ ਵਿੱਚੋਂ ਸੱਚਾ ਸੁਰ ਨਹੀਂ ਨਿਕਲ ਸਕਦਾ। ਇੱਕ ਵਾਰ ਲੁਧਿਆਣੇ ਦੇ ਸਟੂਡੀਓ ਵਿੱਚ ਇੱਕ ਨਾਮਵਰ ਗਾਇਕ ਲਗਾਤਾਰ ਰਿਕਾਰਡਿੰਗ ਦੌਰਾਨ ਇੱਕ ਕਲੀ ਗਾਉਂਦੇ ਹੋਏ ਸੁਰ ਤੋਂ ਖੁੰਝ ਰਿਹਾ ਸੀ। ਗਾਇਕ ਖ਼ੁਦ ਵੀ ਪਰੇਸ਼ਾਨ ਹੋ ਗਿਆ। ਭੰਵਰਾ ਸਾਹਬ ਨੇ ਅਚਾਨਕ ਹਾਰਮੋਨੀਅਮ ਵਜਾਉਣਾ ਬੰਦ ਕਰ ਦਿੱਤਾ, ਸਾਰੇ ਸਟੂਡੀਓ ਵਿੱਚ ਸੰਨਾਟਾ ਛਾ ਗਿਆ। ਸਾਰੇ ਸੋਚਣ ਲੱਗੇ ਕਿ ਹੁਣ ਉਸਤਾਦ ਜੀ ਗੁੱਸੇ ਹੋਣਗੇ, ਪਰ ਉਨ੍ਹਾਂ ਨੇ ਬੜੇ ਆਰਾਮ ਨਾਲ ਮਾਈਕ 'ਤੇ ਕਿਹਾ, ਭਾਈ ਤੇਰਾ ਗਲਾ ਸੁੱਕ ਗਿਆ ਹੈ, ਪਹਿਲਾਂ ਤੂੰ ਇਲਾਇਚੀ ਵਾਲੀ ਚਾਹ ਪੀ, ਫਿਰ ਗਾਵਾਂਗੇ। ਉਨ੍ਹਾਂ ਨੇ ਅੱਧਾ ਘੰਟਾ ਰਿਕਾਰਡਿੰਗ ਰੋਕ ਕੇ ਸਾਰੇ ਸਾਜਿੰਦਿਆਂ ਤੇ ਗਾਇਕ ਨਾਲ ਬੈਠ ਕੇ ਚਾਹ ਪੀਤੀ, ਮਜ਼ਾਕ-ਮਸਤੀ ਕੀਤੀ ਅਤੇ ਜਦੋਂ ਦੁਬਾਰਾ ਰਿਕਾਰਡਿੰਗ ਸ਼ੁਰੂ ਹੋਈ ਤਾਂ ਉਹ ਗੀਤ ਪਹਿਲੇ ਹੀ ਟੇਕ ਵਿੱਚ ਓਕੇ ਹੋ ਗਿਆ।

ਭੰਵਰਾ ਦੇ ਮੁਹੰਮਦ ਸਦੀਕ ਅਤੇ ਬੀਬੀ ਰਣਜੀਤ ਕੌਰ ਨਾਲ ਆਪਸੀ ਸਬੰਧ ਸਿਰਫ਼ ਪੇਸ਼ੇਵਰ ਨਹੀਂ ਸਨ। ਲੁਧਿਆਣੇ ਰਹਿਣ ਦੌਰਾਨ ਮੁਹੰਮਦ ਸਦੀਕ ਭੰਵਰਾ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ। ਦੋਵੇਂ ਇੱਕ ਦੂਜੇ ਦੇ ਹਮਉਮਰ ਅਤੇ ਸਮਕਾਲੀ ਹੋਣ ਕਰਕੇ ਆਪਸ ਵਿੱਚ ਯਾਰਾਂ ਵਰਗਾ ਅਤੇ ਬਹੁਤ ਨਿੱਘਾ ਸਬੰਧ ਰੱਖਦੇ ਸਨ। ਬੀਬੀ ਰਣਜੀਤ ਕੌਰ ਵੀ ਉਨ੍ਹਾਂ ਨੂੰ ਇੱਕ ਵੱਡੇ ਭਰਾ ਤੇ ਗੁਰੂ ਵਾਂਗ ਸਤਿਕਾਰ ਦਿੰਦੇ ਸਨ। ਪੰਜਾਬ ਦੀ ਇਸ ਸਿਰਮੌਰ ਅਤੇ ਹਰਮਨਪਿਆਰੀ ਜੋੜੀ ਨੂੰ ਕਾਮਯਾਬੀ ਦੇ ਸਿਖਰ 'ਤੇ ਪਹੁੰਚਾਉਣ ਅਤੇ ਇਨ੍ਹਾਂ ਦੇ ਗੀਤਾਂ ਨੂੰ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਨਾਲ ਸ਼ਿੰਗਾਰਨ ਵਿੱਚ ਉਸਤਾਦ ਜਸਵੰਤ ਭੰਵਰਾ ਦਾ ਬਹੁਤ ਵੱਡਾ ਤੇ ਅਹਿਮ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਇਨ੍ਹਾਂ ਲਈ ਅਜਿਹੀਆਂ ਧੁਨਾਂ ਤਿਆਰ ਕੀਤੀਆਂ ਜਿਸ ਨਾਲ ਦੋਵਾਂ ਦੀ ਆਵਾਜ਼ ਇੱਕ ਦੂਜੇ ਨੂੰ ਦਬਾਉਂਦੀ ਨਹੀਂ ਸੀ, ਸਗੋਂ ਪੂਰਕ ਬਣਦੀ ਸੀ। ਉਹ ਰਣਜੀਤ ਕੌਰ ਨੂੰ ਉਚੇਚੇ ਤੌਰ 'ਤੇ ਹਦਾਇਤ ਦਿੰਦੇ ਸਨ ਕਿ ਦੋਗਾਣੇ ਵਿੱਚ ਨੋਕ-ਝੋਕ ਵਾਲੇ ਭਾਵ ਆਵਾਜ਼ ਰਾਹੀਂ ਕਿਵੇਂ ਪੈਦਾ ਕਰਨੇ ਹਨ।



ਉਨ੍ਹਾਂ ਦੀ ਸਭ ਤੋਂ ਅਨੋਖੀ ਗੱਲ ਇਹ ਸੀ ਕਿ ਉਹ ਕਦੇ ਵੀ ਕਾਗਜ਼-ਪੱਤਰ ਲੈ ਕੇ ਬਹੁਤ ਦੇਰ ਤੱਕ ਧੁਨਾਂ ਬਣਾਉਣ ਵਿੱਚ ਮੱਥਾ ਨਹੀਂ ਮਾਰਦੇ ਸਨ। ਜਦੋਂ ਕੋਈ ਵੀ ਗੀਤਕਾਰ ਬਾਬੂ ਸਿੰਘ ਮਾਨ ਜਾਂ ਕੋਈ ਹੋਰ ਨਵਾਂ ਗੀਤ ਲਿਖ ਕੇ ਲਿਆਉਂਦਾ ਤਾਂ ਉਹ ਬੋਲਾਂ ਨੂੰ ਦੋ-ਤਿੰਨ ਵਾਰ ਬੜੇ ਧਿਆਨ ਨਾਲ ਪੜ੍ਹਦੇ, ਇਸ ਦੇ ਬਾਅਦ ਉਹ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਅਤੇ ਹਾਰਮੋਨੀਅਮ 'ਤੇ ਹੱਥ ਧਰ ਕੇ ਬਿਲਕੁਲ ਸ਼ਾਂਤ ਹੋ ਜਾਂਦੇ। ਕਈ ਵਾਰ ਨਵੇਂ ਕਲਾਕਾਰਾਂ ਨੂੰ ਲੱਗਦਾ ਕਿ ਸ਼ਾਇਦ ਉਸਤਾਦ ਜੀ ਸੌਂ ਗਏ ਹਨ, ਪਰ ਕੁਝ ਹੀ ਮਿੰਟਾਂ ਬਾਅਦ ਜਦੋਂ ਉਹ ਅੱਖਾਂ ਖੋਲ੍ਹਦੇ ਤਾਂ ਉਨ੍ਹਾਂ ਦੀਆਂ ਉਂਗਲਾਂ ਹਾਰਮੋਨੀਅਮ 'ਤੇ ਅਜਿਹੀ ਜਾਦੂਈ ਧੁਨ ਵਜਾਉਂਦੀਆਂ ਕਿ ਸੁਣਨ ਵਾਲੇ ਅਸ਼-ਅਸ਼ ਕਰ ਉੱਠਦੇ। ਉਹ ਕਹਿੰਦੇ ਸਨ, ਗੀਤਾਂ ਦੇ ਬੋਲਾਂ ਵਿੱਚ ਹੀ ਉਸ ਦੀ ਧੁਨ ਛੁਪੀ ਹੁੰਦੀ ਹੈ, ਬਸ ਅੱਖਾਂ ਬੰਦ ਕਰਕੇ ਉਸ ਨੂੰ ਸੁਣਨਾ ਪੈਂਦਾ ਹੈ।

ਜਸਵੰਤ ਭੰਵਰਾ ਦੀ ਸੰਗੀਤ ਨਿਰਦੇਸ਼ਨਾ ਹੇਠ ਰਿਕਾਰਡ ਹੋਏ ਕੁਝ ਸਭ ਤੋਂ ਮਸ਼ਹੂਰ ਅਤੇ ਸਦਾਬਹਾਰ ਗੀਤ ਹਨ:

-ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ (ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ)

-ਮੈਂ ਵੀ ਜੱਟ ਲੁਧਿਆਣੇ ਦਾ (ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ)

- ਤੇਰੇ ਟਿੱਲੇ ਤੋਂ ਸੂਰਤ ਦੀਹਦੀ ਆ ਹੀਰ ਦੀ (ਕੁਲਦੀਪ ਮਾਣਕ)

-- ਮੇਰਾ ਲੌਂਗ ਗਵਾਚਾ (ਮੁਹੰਮਦ ਸਦੀਕ ਅਤੇ ਸੁਰਿੰਦਰ ਕੌਰ)

-ਮਾਮਲਾ ਗੜਬੜ ਹੈ (ਗੁਰਦਾਸ ਮਾਨ)

-ਦਿਲ ਦਾ ਮਾਮਲਾ ਹੈ (ਗੁਰਦਾਸ ਮਾਨ)

- ਘੱਗਰਾ ਸੂਫ ਦਾ ਕਾਲਾ (ਸੁਰਿੰਦਰ ਛਿੰਦਾ ਅਤੇ ਸੁਰਿੰਦਰ ਸੋਨੀਆ)

ਲੋਕ ਗੀਤਾਂ ਦੇ ਇਲਾਵਾ ਉਨ੍ਹਾਂ ਨੇ ਧਾਰਮਿਕ ਗੀਤਾਂ ਅਤੇ ਪ੍ਰਸੰਗਾਂ ਨੂੰ ਵੀ ਬਹੁਤ ਸੰਜੀਦਗੀ ਨਾਲ ਕੰਪੋਜ਼ ਕੀਤਾ।

(ਬਾਕੀ ਸਫ਼ਾ 27 'ਤੇ)

# 31ਵਾਂ ਬੁਸਾਨ ਕੌਮਾਂਤਰੀ ਫ਼ਿਲਮ ਫ਼ੈਸਟੀਵਲ 6 ਅਕਤੂਬਰ ਤੋਂ

## ਕੌਮਾਂਤਰੀ ਫ਼ਿਲਮ ਮੇਲੇ ਲਈ ਚੁਣੀਆਂ ਗਈਆਂ ਛੇ ਭਾਰਤੀ ਫ਼ਿਲਮਾਂ

ਮੁੰਬਈ/ਏ.ਟੀ.ਨਿਊਜ਼: ਛੇ ਭਾਰਤੀ ਫ਼ਿਲਮਾਂ ਨੂੰ ਵੱਕਾਰੀ ਬੁਸਾਨ ਕੌਮਾਂਤਰੀ ਫ਼ਿਲਮ ਮੇਲੇ ਲਈ ਚੁਣਿਆ ਗਿਆ ਹੈ। ਇਨ੍ਹਾਂ ਫ਼ਿਲਮਾਂ ਵਿੱਚ ਰੀਮਾ ਦਾਸ ਦੀ 'ਨੌਟ ਏ ਹੀਰੋ', ਅਨੁਪਰਣਾ ਰਾਏ ਦੀ 'ਲਵਰਜ਼ ਇਨ ਦਿ ਬਲੂ ਲਾਈਟ', ਲਿਓ ਥੈਡੀਅਸ ਦੀ 'ਦਿ ਸੋਲ ਵਿਸਪਰਰ', ਵਿਸ਼ਵੇਂਦਰ ਸਿੰਘ ਦੀ 'ਖੋਰੀਆ', ਸਾਹਿਲ ਸ਼ਾਹ ਦੀ 'ਬਰਡਜ਼ ਆਨ ਆਈਸ' ਅਤੇ ਸੰਦੀਪ ਕੁਮਾਰ ਪੌਲ ਦੀ 'ਅਬਾਊਟ ਐਨ ਇੰਟੀਮੇਟ ਮੈਟਰ' ਸ਼ਾਮਲ ਹਨ।

ਇਹ ਫ਼ਿਲਮਾਂ 'ਏ ਵਿੰਡੋ ਔਨ ਏਸ਼ੀਅਨ ਸਿਨੇਮਾ' ਸ਼੍ਰੇਣੀ ਵਿੱਚ ਦਿਖਾਈਆਂ ਜਾਣਗੀਆਂ। ਇਹ ਬੀ.ਆਈ.ਐੱਫ.ਐੱਫ. ਦਾ ਇੱਕ ਪ੍ਰਮੁੱਖ ਗੈਰ-ਮੁਕਾਬਲੇ ਵਾਲਾ ਭਾਗ ਹੈ, ਜੋ ਪੂਰੇ ਏਸ਼ੀਆ ਦੇ ਫ਼ਿਲਮ ਨਿਰਮਾਤਾਵਾਂ ਦੀਆਂ ਨਵੀਆਂ ਅਤੇ ਸ਼ਾਨਦਾਰ ਰਚਨਾਵਾਂ ਨੂੰ ਪੇਸ਼ ਕਰਦਾ ਹੈ। 31ਵਾਂ ਬੁਸਾਨ ਕੌਮਾਂਤਰੀ ਫ਼ਿਲਮ ਫ਼ੈਸਟੀਵਲ 6 ਤੋਂ 15 ਅਕਤੂਬਰ ਤੱਕ ਦੱਖਣੀ ਕੋਰੀਆ ਦੇ ਬੁਸਾਨ ਸਥਿਤ ਬੁਸਾਨ ਸਿਨੇਮਾ ਸੈਂਟਰ ਵਿਖੇ ਕਰਵਾਇਆ ਜਾਵੇਗਾ। ਦਾਸ, ਜੋ 'ਵਿਲੇਜ ਰੌਕਸਟਾਰਜ਼', 'ਬੁਲਬੁਲ ਕੈਨ ਸਿੰਘ' ਅਤੇ 'ਟੋਰਾਜ਼ ਹਸਬੈਂਡ' ਵਰਗੀਆਂ ਭਾਰਤੀ ਫ਼ਿਲਮਾਂ ਲਈ ਜਾਣੀ ਜਾਂਦੀ ਹੈ, 'ਨੌਟ ਏ ਹੀਰੋ' ਨਾਲ ਇਸ ਮੇਲੇ ਵਿੱਚ ਵਾਪਸੀ ਕਰ ਰਹੀ ਹੈ।




ਇਸ ਤੋਂ ਪਹਿਲਾਂ ਉਸ ਦੀ ਫ਼ਿਲਮ 'ਵਿਲੇਜ ਰੌਕਸਟਾਰਜ਼ 2' ਦਾ ਪ੍ਰੀਮੀਅਰ ਇਸੇ ਮੇਲੇ ਵਿੱਚ ਹੋਇਆ ਸੀ ਅਤੇ ਉਸ ਨੇ 'ਕਿਮ ਜੀਸੋਕ ਐਵਾਰਡ' ਜਿੱਤਿਆ ਸੀ। 'ਨੌਟ ਏ ਹੀਰੋ' ਨੌਜਵਾਨ ਮੁੰਡੇ ਦੀ ਬਾਲਗ ਹੋਣ ਦੇ ਸਫ਼ਰ ਦੀ ਕਹਾਣੀ ਹੈ, ਜਿਸ ਨੂੰ ਸ਼ਹਿਰ ਤੋਂ ਪਿੰਡ ਰਹਿਣ ਲਈ ਭੇਜਿਆ ਜਾਂਦਾ ਹੈ। ਦਾਸ ਨੇ ਕਿਹਾ ਕਿ ਉਹ ਨਾ ਸਿਰਫ਼ ਬੁਸਾਨ ਵਿੱਚ ਦਰਸ਼ਕਾਂ ਨਾਲ 'ਨੌਟ ਏ ਹੀਰੋ' ਸਾਂਝੀ ਕਰਨ ਲਈ ਉਤਸੁਕ ਹੈ, ਸਗੋਂ ਇਸ ਖੇਤਰ ਦੀਆਂ ਨਵੀਆਂ ਫ਼ਿਲਮਾਂ ਅਤੇ ਫ਼ਿਲਮ ਨਿਰਮਾਤਾਵਾਂ ਨਾਲ ਸਮਾਂ ਬਿਤਾਉਣ ਲਈ ਵੀ ਉਤਸ਼ਾਹਿਤ ਹੈ।

## ਡੈਮੋਗ੍ਰਾਫ਼ਿਕ ਸੰਕਟ ਦੇ ਘੇਰ

ਸਿੱਖਿਆ ਸਾਸ਼ਤਰੀ ਰਜਿੰਦਰ ਕੌਰ ਜੰਡਿਆਲਾ ਗੁਰੂ ਦਾ ਕਹਿਣਾ ਹੈ ਕਿ ਸਿੱਖਿਆ ਢਾਂਚੇ ਵਿੱਚ ਸੁਧਾਰ ਅਤੇ ਮਾਂ-ਬੋਲੀ ਬਾਰੇ ਪਹਿਰੇਦਾਰੀ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿਸਰਕਾਰੀ ਸਕੂਲਾਂ ਦੇ ਮਿਆਰ ਨੂੰ ਇੰਨਾ ਉੱਚਾ ਚੁੱਕਿਆ ਜਾਵੇ ਕਿ ਮਾਪਿਆਂ ਨੂੰ ਨਿੱਜੀ ਸਕੂਲਾਂ ਦੀ ਲੁੱਟ ਦਾ ਸ਼ਿਕਾਰ ਨਾ ਹੋਣਾ ਪਵੇ। ਇਸ ਦੇ ਨਾਲ ਹੀ ਸੂਬੇ ਦੇ ਸਾਰੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ, ਸਰਕਾਰੀ ਦਫ਼ਤਰਾਂ ਅਤੇ ਵਪਾਰਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਸਿਰਫ਼ ਰਸਮੀ ਤੌਰ 'ਤੇ ਹੀ ਨਹੀਂ, ਸਗੋਂ ਸਖ਼ਤੀ ਅਤੇ ਸਤਿਕਾਰ ਨਾਲ ਲਾਗੂ ਕੀਤਾ ਜਾਵੇ।ਨਵੀਂ ਪੀੜ੍ਹੀ ਵਿੱਚ ਆਪਣੀ ਮਾਂ-ਬੋਲੀ ਅਤੇ ਵਿਰਾਸਤ ਪ੍ਰਤੀ ਹੀਣ-ਭਾਵਨਾ ਦੀ ਥਾਂ ਮਾਣ ਦੀ ਭਾਵਨਾ ਪੈਦਾ ਕਰਨ ਲਈ ਸਿੱਖਿਆ ਪ੍ਰਣਾਲੀ ਵਿੱਚ ਇਤਿਹਾਸਕ ਅਤੇ ਸੱਭਿਆਚਾਰਕ ਚੇਤਨਾ ਦਾ ਸੰਚਾਰ ਕੀਤਾ ਜਾਵੇ।

**ਸਮਾਜਿਕ ਏਕਤਾ ਅਤੇ ਵਿਖਾਵੇ ਵਾਲੇ ਖ਼ਰਚਿਆਂ ਦਾ ਖ਼ਾਤਮਾ**

ਪੰਜਾਬੀ ਸਮਾਜ ਨੂੰ ਜਾਤ-ਪਾਤ, ਧੜੇਬੰਦੀਆਂ ਅਤੇ ਖੇਤਰੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਇੱਕ ਸਾਂਝੀ ਹੋਂਦ ਵਜੋਂ ਸੰਗਠਿਤ ਹੋਣਾ ਪਵੇਗਾ। ਵਿਆਹਾਂ-ਸ਼ਾਦੀਆਂ ਅਤੇ ਸਮਾਜਿਕ ਰਸਮਾਂ ਵਿੱਚ ਵਧ ਰਹੀ ਬੇਲੋੜੀ ਦਿਖਾਵੇਬਾਜ਼ੀ ਅਤੇ ਕਰਜ਼ੇ ਦੀ ਦਲਦਲ ਨੇ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਕੰਗਾਲ ਕਰ ਦਿੱਤਾ ਹੈ।

ਸਮਾਜਿਕ ਆਗੂਆਂ ਨੂੰ ਸਾਦਗੀ ਲਿਆਉਣ ਲਈ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਆਰਥਿਕ ਬੋਝ ਘਟ ਸਕੇ ਅਤੇ ਪਰਿਵਾਰ ਖ਼ੁਸ਼ਹਾਲ ਹੋ ਸਕਣ।

**ਪ੍ਰਵਾਸੀ ਕਿਰਤ ਦੇ ਪ੍ਰਭਾਵ ਨੂੰ ਕਿਵੇਂ ਠੱਲਿਆ ਜਾਵੇ ?**

ਸੂਬੇ ਵਿੱਚ ਕੰਮ ਕਰ ਰਹੀ ਬਾਹਰੀ ਕਿਰਤ ਪ੍ਰਤੀ ਨਫ਼ਰਤ ਜਾਂ ਕੁੜੱਤਣ ਪੈਦਾ ਕਰਨ ਦੀ ਬਜਾਏ, ਅਜਿਹੀ ਨੀਤੀ ਘੜੀ ਜਾਵੇ ਜਿਸ ਨਾਲ ਉਹ ਪੰਜਾਬੀ ਬੋਲੀ, ਸੱਭਿਆਚਾਰ ਅਤੇ ਸਮਾਜਿਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ ਅਤੇ ਇੱਥੋਂ ਦੇ ਵਾਤਾਵਰਣ ਵਿੱਚ ਸਹਿਜਤਾ ਨਾਲ ਰਚ-ਮਿਚ ਸਕਣ। ਇਸ ਦੇ ਨਾਲ ਹੀ ਸਥਾਨਕ ਨਾਗਰਿਕਾਂ ਦੇ ਜਨਸੰਖਿਅਕ ਅਤੇ ਰੁਜ਼ਗਾਰ ਹਿੱਤਾਂ ਦੀ ਸੰਵਿਧਾਨਕ ਰਾਖੀ ਨੂੰ ਵੀ ਯਕੀਨੀ ਬਣਾਇਆ ਜਾਵੇ।

ਪੰਜਾਬ ਦੀ ਡੈਮੋਗ੍ਰਾਫ਼ੀ ਅਤੇ ਹੋਂਦ ਨੂੰ ਦਰਪੇਸ਼ ਇਹ ਚੁਣੌਤੀ ਕੋਈ ਸਾਧਾਰਨ ਮਸਲਾ ਨਹੀਂ, ਸਗੋਂ ਸਾਡੀ ਸਮੂਹਿਕ ਹੋਂਦ ਦਾ ਇਮਤਿਹਾਨ ਹੈ। ਧਾਰਮਿਕ ਆਗੂਆਂ ਦਾ ਕੰਮ ਜੇਕਰ ਸਮਾਜ ਨੂੰ ਚੇਤੰਨ ਕਰਨਾ ਅਤੇ ਜਾਗਰੂਕਤਾ ਦਾ ਸੁਨੇਹਾ ਦੇਣਾ ਹੈ, ਤਾਂ ਸਿਆਸੀ ਲੀਡਰਸ਼ਿਪ, ਬੁੱਧੀਜੀਵੀਆਂ, ਯੋਜਨਾਕਾਰਾਂ ਅਤੇ ਸਮੁੱਚੇ ਸਮਾਜ ਦਾ ਇਹ ਸਾਂਝਾ ਫ਼ਰਜ਼ ਬਣਦਾ ਹੈ ਕਿ ਉਹ ਜ਼ਮੀਨੀ ਸੱਚਾਈਆਂ ਨੂੰ ਪਛਾਣ ਕੇ ਦੂਰਅੰਦੇਸ਼ ਵਿਕਾਸ ਮਾਡਲ ਤਿਆਰ ਕਰਨ। ਜੇਕਰ ਅੱਜ ਵੀ ਆਰਥਿਕ ਸੁਰੱਖਿਆ, ਮਿਆਰੀ ਸਿੱਖਿਆ, ਵਾਤਾਵਰਣ ਸੁਧਾਰ ਅਤੇ ਰੁਜ਼ਗਾਰ ਦੇ ਪੱਕੇ ਪ੍ਰਬੰਧ ਨਾ ਕੀਤੇ ਗਏ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਭਰੇ-ਪੂਰੇ ਪਿੰਡ ਖ਼ਾਲੀ ਖੰਡਰਾਂ ਵਿੱਚ ਤਬਦੀਲ ਹੋ ਜਾਣਗੇ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਿਰਫ਼ ਇਤਿਹਾਸ ਦੇ ਪੰਨਿਆਂ ਵਿੱਚ ਹੀ ਪੰਜਾਬੀਅਤ ਦਾ ਗੌਰਵ ਲੱਭਦੀਆਂ ਰਹਿ ਜਾਣਗੀਆਂ। ਸਮਾਂ ਹੱਥੋਂ ਨਿਕਲਣ ਤੋਂ ਪਹਿਲਾਂ ਸੁਹਿਰਦ ਅਤੇ ਸਾਂਝੇ ਯਤਨ ਹੀ ਪੰਜਾਬ ਨੂੰ ਇਸ ਇਤਿਹਾਸਕ ਸੰਕਟ ਵਿੱਚੋਂ ਕੱਢ ਸਕਦੇ ਹਨ।

***

## ਵਿਨੀਪੈਗ 'ਚ ਸ਼ਰਧਾ,

ਮੈਨੀਟੋਬਾ ਦੇ ਵੱਖ-ਵੱਖ ਗਤਕਾ ਅਖਾੜਿਆਂ ਦੇ ਸਿੰਘਾਂ ਅਤੇ ਸਿੰਘਣੀਆਂ ਨੇ ਗਤਕੇ ਦੇ ਜੌਹਰ ਦਿਖਾਏ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਲੋਕਾਂ ਨੇ ਸੇਵਾ ਵਿੱਚ ਹਿੱਸਾ ਲਿਆ ।ਨਗਰ ਕੀਰਤਨ ਵਿੱਚ ਨੀਲੀਆਂ ਅਤੇ ਪੀਲੀਆਂ ਦਸਤਾਰਾਂ ਤੇ ਦੁਪੱਟਿਆਂ ਨਾਲ ਸਜੀ ਸੰਗਤ ਦੀਆਂ ਕਤਾਰਾਂ ਨੇ ਵਿਨੀਪੈਗ ਦੀਆਂ ਸੜਕਾਂ ਨੂੰ ਖ਼ਾਲਸਾਈ ਰੰਗ ਵਿੱਚ ਰੰਗ ਦਿੱਤਾ। ਧਾਰਮਿਕ ਅਤੇ ਸਮਾਜ-ਸੇਵੀ ਸੰਸਥਾਵਾਂ ਤੋਂ ਇਲਾਵਾ ਗੈਰ-ਸਿੱਖ ਭਾਈਚਾਰੇ ਦੇ ਲੋਕਾਂ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸਹਿਯੋਗ ਦਿੱਤਾ। ਚੋਣਾਂ ਦੇ ਮਾਹੌਲ ਦਰਮਿਆਨ ਵੱਖ-ਵੱਖ ਸਿਆਸੀ ਆਗੂਆਂ ਨੇ ਵੀ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਅਤੇ ਇਸ ਨੂੰ ਵਿਭਿੰਨਤਾ, ਸਾਂਝ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਦੱਸਿਆ। ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਦੇ ਪ੍ਰਧਾਨ ਨੇ ਕਿਹਾ ਕਿ ਨਗਰ ਕੀਰਤਨ ਵਿੱਚ ਭਰਵੀਂ ਹਾਜ਼ਰੀ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਸੰਗਤ ਦੀ ਡੂੰਘੀ ਆਸਥਾ ਦਾ ਪ੍ਰਮਾਣ ਹੈ।ਉਨ੍ਹਾਂ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਵੱਸਦਾ ਸਿੱਖ ਭਾਈਚਾਰਾ ਆਪਣੀ ਧਾਰਮਿਕ ਵਿਰਾਸਤ ਨੂੰ ਸੰਭਾਲਣ ਦੇ ਨਾਲ-ਨਾਲ ਸੇਵਾ, ਸਾਂਝੀਵਾਲਤਾ ਅਤੇ ਮਨੁੱਖਤਾ ਦਾ ਸੰਦੇਸ਼ ਵੀ ਦੇ ਰਿਹਾ ਹੈ।

***

## ਨਗਰ ਕੀਰਤਨ ਤੋਂ ਪਹਿਲਾਂ ਸਿੱਖਾਂ ਨੂੰ ਮਿਲੀ ਸੀ ਧਮਕੀ

ਲਿਖਤ ਸਾਹਮਣੇ ਆਉਣਾ ਗੰਭੀਰ ਮਾਮਲਾ ਹੈ। 'ਵਾਪਸ ਭਾਰਤ ਜਾਓ' ਵਰਗੀ ਭਾਸ਼ਾ ਸਿਰਫ਼ ਕਿਸੇ ਇੱਕ ਵਿਅਕਤੀ ਨੂੰ ਨਿਸ਼ਾਨਾ ਨਹੀਂ ਬਣਾਉਂਦੀ, ਬਲਕਿ ਇੱਥੇ ਵੱਸ ਰਹੇ ਪੂਰੇ ਭਾਈਚਾਰੇ ਦੀ ਪਹਿਚਾਣ ਅਤੇ ਹੱਕਾਂ 'ਤੇ ਸਵਾਲ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੀ ਹੈ ।ਵਿਨੀਪੈਗ ਸਮੇਤ ਮੈਨੀਟੋਬਾ ਵਿੱਚ ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਸਮਾਜ ਦਾ ਅਹਿਮ ਹਿੱਸਾ ਹੈ। ਕਾਰੋਬਾਰ, ਸੇਵਾ, ਸੱਭਿਆਚਾਰ ਅਤੇ ਕਮਿਊਨਿਟੀ ਜੀਵਨ ਵਿੱਚ ਇਸ ਦੀ ਭੂਮਿਕਾ ਕਿਸੇ ਤੋਂ ਲੁਕੀ ਨਹੀਂ।

ਹੁਣ ਸਭ ਤੋਂ ਵੱਡਾ ਸਵਾਲ ਸੁਰੱਖਿਆ ਅਤੇ ਜਵਾਬਦੇਹੀ ਦਾ ਹੈ। ਜੇਕਰ ਨਫ਼ਰਤੀ ਲਿਖਤ ਦੇ ਨਾਲ ਹਿੰਸਾ ਦੀ ਧਮਕੀ ਵੀ ਦਿੱਤੀ ਗਈ ਹੈ ਤਾਂ ਮਾਮਲੇ ਦੀ ਗੰਭੀਰ ਜਾਂਚ ਹੋਣੀ ਚਾਹੀਦੀ ਹੈ। ਜ਼ਿੰਮੇਵਾਰ ਵਿਅਕਤੀ ਦੀ ਪਛਾਣ ਅਤੇ ਕਾਨੂੰਨ ਅਨੁਸਾਰ ਕਾਰਵਾਈ ਲਾਜ਼ਮੀ ਹੈ। ਨਫ਼ਰਤ ਦਾ ਜਵਾਬ ਡਰ ਨਾਲ ਨਹੀਂ, ਕਾਨੂੰਨ, ਏਕਤਾ ਅਤੇ ਸਾਂਝੀ ਆਵਾਜ਼ ਨਾਲ ਦਿੱਤਾ ਜਾਣਾ ਚਾਹੀਦਾ ਹੈ। ਵਿਨੀਪੈਗ ਦੀਆਂ ਸੜਕਾਂ 'ਤੇ ਨਗਰ ਕੀਰਤਨ ਦਾ ਸੰਦੇਸ਼ ਸਾਫ਼ ਹੈ—ਨਫ਼ਰਤ ਨਹੀਂ, ਸੇਵਾ ਅਤੇ ਸਾਂਝ।

***

## 99 ਫ਼ੀਸਦੀ ਅਪਰਾਧ ਨਾਜਾਇਜ਼ ਅਸਲੇ ਨਾਲ

ਚੋਣ ਕਮਿਸ਼ਨ ਅਤੇ ਉੱਚ ਅਦਾਲਤਾਂ ਦੇ ਸਪੱਸ਼ਟ ਦਿਸ਼ਾ-ਨਿਰਦੇਸ਼ ਹਨ ਕਿ ਲਾਇਸੈਂਸ ਜਮ੍ਹਾਂ ਕਰਵਾਉਣ ਲਈ ਹਰੇਕ ਕੇਸ ਦਾ ਵਿਅਕਤੀਗਤ ਮੁਲਾਂਕਣ (ਕ੍ਰਾਈਮ ਰਿਕਾਰਡ ਅਤੇ ਜਾਨੀ ਖ਼ਤਰੇ ਦੀ ਸਮੀਖਿਆ) ਹੋਣਾ ਚਾਹੀਦਾ ਹੈ, ਨਾ ਕਿ ਅੰਨ੍ਹੇਵਾਹ ਸਭ ਉੱਤੇ ਇੱਕੋ ਹੁਕਮ ਥੋਪਿਆ ਜਾਵੇ। ਪਰ ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਸ਼ਾਰਟਕੱਟ ਅਪਣਾਉਂਦਾ ਹੈ।

ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਹਥਿਆਰਾਂ ਦੀ ਪ੍ਰਦਰਸ਼ਨੀ, ਗੀਤਾਂ ਵਿੱਚ ਹਿੰਸਾ ਦੇ ਗੁਣਗਾਨ ਅਤੇ ਸਮਾਜਿਕ ਸਮਾਗਮਾਂ ਵਿੱਚ ਹਵਾਈ ਫਾਇਰਿੰਗ ਉੱਤੇ ਰੋਕ ਲਗਾਉਣਾ ਬਿਲਕੁਲ ਜਾਇਜ਼ ਅਤੇ ਜ਼ਰੂਰੀ ਹੈ, ਪਰ ਸਵੈ-ਰੱਖਿਆ ਦੇ ਜਾਇਜ਼ ਹੱਕ ਨੂੰ ਖ਼ਤਮ ਕਰਨਾ ਕੋਈ ਹੱਲ ਨਹੀਂ। ਲਾਇਸੈਂਸ ਜਾਰੀ ਕਰਨ ਵੇਲੇ ਪਿਛੋਕੜ ਦੀ ਡੂੰਘੀ ਜਾਂਚ, ਮਾਨਸਿਕ ਤੰਦਰੁਸਤੀ ਅਤੇ ਹਥਿਆਰ ਚਲਾਉਣ ਦੀ ਪੇਸ਼ੇਵਰ ਸਿਖਲਾਈ ਲਾਜ਼ਮੀ ਕੀਤੀ ਜਾਵੇ। ਜੇਕਰ ਕੋਈ ਕਾਨੂੰਨੀ ਹਥਿਆਰ ਦੀ ਦੁਰਵਰਤੋਂ ਕਰਦਾ ਹੈ ਤਾਂ ਉਸ ਵਿਰੁੱਧ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇ। ਪਰ ਅਸਲ ਚੁਣੌਤੀ ਗ਼ੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਚੇਨ ਨੂੰ ਤੋੜਨਾ ਹੈ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਦਾ ਸਾਰਾ ਧਿਆਨ ਸਰਹੱਦੀ ਤਸਕਰੀ ਨੂੰ ਨੱਥ ਪਾਉਣ, ਅੰਤਰ-ਰਾਜੀ ਨਾਜਾਇਜ਼ ਹਥਿਆਰਾਂ ਦੇ ਨੈੱਟਵਰਕਾਂ ਨੂੰ ਤਬਾਹ ਕਰਨ ਅਤੇ ਗੈਂਗਸਟਰਾਂ ਦੇ ਵਿੱਤੀ ਸੋਮਿਆਂ ਨੂੰ ਸੀਲ ਕਰਨ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਡਾਕਟਰ ਮਾਨਸਾ ਦਾ ਕਹਿਣਾ ਹੈ ਕਿ ਕਾਨੂੰਨ ਮੰਨਣ ਵਾਲੇ ਨਾਗਰਿਕਾਂ ਨੂੰ ਨਿਹੱਥਾ ਕਰਕੇ ਜੁਰਮ ਮੁਕਤ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ; ਸਗੋਂ ਇਸ ਨਾਲ ਅਪਰਾਧੀਆਂ ਨੂੰ ਸ਼ਿਕਾਰ ਕਰਨ ਦੀ ਖੁੱਲ੍ਹ ਮਿਲਦੀ ਹੈ। ਸਰਕਾਰ ਨੂੰ ਜ਼ੁਬਾਨੀ ਰੋਕਾਂ ਦੀ ਬਜਾਏ ਲਾਇਸੈਂਸ ਪ੍ਰਣਾਲੀ ਨੂੰ ਪਾਰਦਰਸ਼ੀ, ਭ੍ਰਿਸ਼ਟਾਚਾਰ-ਮੁਕਤ ਤੇ ਨਿਯਮਬੱਧ ਬਣਾਉਣਾ ਚਾਹੀਦਾ ਹੈ, ਤਾਂ ਜੋ ਆਮ ਸ਼ਹਿਰੀ ਭੈਅ-ਮੁਕਤ ਹੋ ਕੇ ਜਿਊਂ ਸਕੇ।

***

## ਹੁਣ 'ਡ੍ਰੀਮ ਕੰਟਰੀ' ਨਹੀਂ ਰਿਹਾ ਕੈਨੇਡਾ

ਜ਼ਿਕਰਯੋਗ ਹੈ ਕਿ ਸਿਰਫ਼ ਦੋ ਮਹੀਨੇ ਪਹਿਲਾਂ ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ ਵੱਲੋਂ ਮਹਿਜ਼ ਕੁਝ ਸੌ ਮੌਸਮੀ ਅਤੇ ਸੌਲ੍ਹਾਂ ਦਿਨਾਂ ਦੀਆਂ ਨੌਕਰੀਆਂ ਲਈ ਕੱਢੇ ਗਏ ਇਸ਼ਤਿਹਾਰ ਉੱਤੇ ਹੈਰਾਨੀਜਨਕ ਤੌਰ 'ਤੇ ਲਗਭਗ 50,000 ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਸਨ। ਉਸ ਸਮੇਂ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਦੇ 17 ਫ਼ੀਸਦੀ ਦੇ ਖ਼ਤਰਨਾਕ ਪੱਧਰ ਤੱਕ ਪਹੁੰਚਣ ਨੇ ਨੌਜਵਾਨ ਵਰਗ ਦੇ ਭਵਿੱਖ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਸਨ। ਇਹ ਅੰਕੜੇ ਸਿਰਫ਼ ਇੱਕ ਰੁਜ਼ਗਾਰ ਮੇਲੇ ਦੀ ਕਹਾਣੀ ਨਹੀਂ ਹਨ, ਸਗੋਂ ਕੈਨੇਡਾ ਵਿੱਚ ਐਂਟਰੀ-ਪੱਧਰ ਦੀਆਂ ਨੌਕਰੀਆਂ ਦੇ ਬਾਜ਼ਾਰ ਦੀ ਖ਼ਸਤਾ ਹਾਲਤ ਨੂੰ ਬਿਆਨ ਕਰਦੇ ਹਨ ।ਮਾਹਿਰਾਂ ਦਾ ਮੰਨਣਾ ਹੈ ਕਿ ਪੜ੍ਹਾਈ ਦੇ ਨਾਲ-ਨਾਲ ਗੁਜ਼ਾਰਾ ਕਰਨ ਲਈ ਪਾਰਟ-ਟਾਈਮ ਜਾਂ ਮੌਸਮੀ ਕੰਮ ਲੱਭ ਰਹੇ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਹੁਣ ਮਾਮੂਲੀ ਨੌਕਰੀ ਹਾਸਲ ਕਰਨਾ ਵੀ ਬਹੁਤ ਔਖਾ ਹੋ ਗਿਆ ਹੈ। ਇਸ ਗੰਭੀਰ ਆਰਥਿਕ ਮੰਦਹਾਲੀ ਕਾਰਨ ਸਿਰਫ਼ ਸਥਾਨਕ ਨੌਜਵਾਨ ਹੀ ਨਹੀਂ, ਸਗੋਂ ਕੈਨੇਡਾ ਆਏ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਓਪਨ ਵਰਕ ਪਰਮਿਟ 'ਤੇ ਕੰਮ ਦੀ ਭਾਲ ਕਰ ਰਹੇ ਨੌਜਵਾਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਰੁਜ਼ਗਾਰ ਦੀ ਇਸ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਅਤੇ ਮਾਨਸਿਕ ਤਣਾਅ ਨੂੰ ਵਧਾ ਦਿੱਤਾ ਹੈ। ਇਹ ਸਥਿਤੀ ਕੈਨੇਡਾ ਦੀ ਮੌਜੂਦਾ ਆਰਥਿਕ ਪ੍ਰਣਾਲੀ ਅਤੇ ਲੇਬਰ ਮਾਰਕੀਟ 'ਤੇ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਕਰਦੀ ਹੈ, ਜਿੱਥੇ ਯੋਗ ਅਤੇ ਪੜ੍ਹੇ-ਲਿਖੇ ਨੌਜਵਾਨ ਆਪਣੇ ਘਰ ਦਾ ਖਰਚਾ ਚਲਾਉਣ ਅਤੇ ਕੈਰੀਅਰ ਦੀ ਸ਼ੁਰੂਆਤ ਕਰਨ ਲਈ ਮਾਮੂਲੀ ਦਿਹਾੜੀਆਂ ਅਤੇ ਅਸਥਾਈ ਨੌਕਰੀਆਂ ਖ਼ਾਤਰ ਹਜ਼ਾਰਾਂ ਦੀ ਗਿਣਤੀ ਵਿੱਚ ਧੱਕੇ ਖਾਣ ਲਈ ਮਜਬੂਰ ਹਨ।

ਇੱਕ ਦਹਾਕੇ ਤੋਂ ਵੱਧ ਸਮੇਂ ਤੋਂ, ਭਾਰਤ ਕੈਨੇਡਾ ਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਰਿਹਾ ਹੈ। ਹਾਲਾਂ ਕਿ ਕੈਨੇਡਾ, ਜਿਸ ਨੂੰ ਕਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਦੁਨੀਆ ਦੇ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ, ਆਪਣੀ ਚਮਕ ਗੁਆ ਰਿਹਾ ਹੈ। ਇਹੋ ਵਜ੍ਹਾ ਹੈ ਕਿ ਕੈਨੇਡਾ 'ਚ ਸਥਾਈ ਨਾਗਰਿਕਤਾ ਅਤੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨਾ ਹੁਣ ਹੋਰ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪ੍ਰਵਾਸੀ ਨੌਜਵਾਨਾਂ ਦਾ ਕੈਨੇਡਾ ਦਾ 'ਸੁਪਨਿਆਂ ਦਾ ਦੇਸ਼' ਹੋਣ ਦਾ ਭਰਮ-ਭੁਲੇਖਾ ਦਿਨ ਦਿਹਾੜੇ ਟੁੱਟ ਰਿਹਾ ਹੈ।

**ਕੈਨੇਡਾ ਨੂੰ ਛੱਡਣ ਲੱਗੇ ਪ੍ਰਵਾਸੀ ਲੋਕ**

ਇੱਕ ਪਾਸੇ ਵੱਖ- ਵੱਖ ਮੁਲਕਾਂ ਤੋਂ ਕੈਨੇਡਾ 'ਚ ਪ੍ਰਵਾਸੀਆਂ ਦੀ ਆਮਦ 'ਚ ਭਾਰੀ ਵਾਧਾ ਹੋਇਆ ਹੈ, ਉਥੇ ਹੀ ਹਾਲ ਹੀ 'ਚ ਬਹੁਤ ਸਾਰੇ ਪ੍ਰਵਾਸੀ ਆਪਣੇ ਵਤਨ ਪਰਤਣ ਜਾਂ ਦੂਜੇ ਦੇਸ਼ਾਂ 'ਚ ਜਾਣ ਦੀ ਚੋਣ ਕਰ ਰਹੇ ਹਨ। ਪੰਜਾਬ ਅਤੇ ਭਾਰਤ ਦੇ ਹੋਰ ਦੇਸ਼ਾਂ 'ਚ ਵੀ ਕੈਨੇਡਾ ਦਾ ਆਕਰਸ਼ਣ ਦੇਖਦੇ ਹੋਏ ਕੁੱਝ ਲੋਕਾਂ ਨੂੰ ਇਹ ਅਵਿਸ਼ਵਾਸ਼ਯੋਗ ਲੱਗ ਸਕਦਾ ਹੈ ਕਿ ਕੈਨੇਡਾ ਵਿੱਚ ਆਉਣ ਵਾਲਾ ਹਰ ਕੋਈ ਇੱਥੇ ਰਹਿਣ ਦੀ ਚੋਣ ਨਹੀਂ ਕਰਦਾ। ਇੱਕ ਅਧਿਐਨ ਅਨੁਸਾਰ, 1982 ਅਤੇ 2017 ਦੌਰਾਨ ਕੈਨੇਡਾ ਪਹੁੰਚੇ ਲਗਭਗ 17.5 ਫ਼ੀਸਦੀ ਪ੍ਰਵਾਸੀ, ਉਥੇ ਜਾਣ ਦੇ 20 ਸਾਲਾਂ ਦੇ ਅੰਦਰ ਦੇਸ਼ ਛੱਡ ਗਏ। ਅਧਿਐਨ ਵਿੱਚ ਪਾਇਆ ਗਿਆ ਹੈ ਕਿ ਪੁਰਾਣੇ ਸਮੂਹਾਂ ਦੇ ਪ੍ਰਵਾਸੀਆਂ ਨਾਲੋਂ ਹਾਲ ਹੀ ਦੇ ਪ੍ਰਵਾਸੀਆਂ ਵਿੱਚ ਪ੍ਰਵਾਸ ਕਰਨ ਦੀ ਜ਼ਿਆਦਾ ਸੰਭਾਵਨਾ ਹੈ।

ਕੁਝ ਸਾਲ ਪਹਿਲਾਂ, ਟੋਰਾਂਟੋ-ਅਧਾਰਿਤ ਇੱਕ ਰੇਡੀਓ ਸਟੇਸ਼ਨ ਲਈ ਇੱਕ ਫ਼ੋਨ-ਇਨ ਸ਼ੋਅ ਦੀ ਮੇਜ਼ਬਾਨੀ ਕਰਦੇ ਸਮੇਂ, ਸਰੋਤਿਆਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੇ ਵਧਦੀ ਅਸੁਵਿਧਾ ਦੇ ਕਾਰਨ ਕੈਨੇਡਾ ਛੱਡਣ ਬਾਰੇ ਸੋਚਿਆ ਹੈ, ਇੱਕ ਮਹੱਤਵਪੂਰਨ ਗਿਣਤੀ ਨੇ ਹਾਂ 'ਚ ਜਵਾਬ ਦਿੱਤਾ। ਜਿਨ੍ਹਾਂ ਨੇ ਹਾਂ ਕਿਹਾ ਉਹ ਬਹੁਤ ਜ਼ਿਆਦਾ ਨੌਜਵਾਨ ਸਨ ਅਤੇ ਤਕਨਾਲੋਜੀ ਅਤੇ ਵਿੱਤ ਵਰਗੇ ਉੱਚ ਹੁਨਰ ਵਾਲੇ ਖੇਤਰਾਂ ਤੋਂ ਸਨ। ਉਨ੍ਹਾਂ ਨੇ ਇਸ ਕਦਮ 'ਤੇ ਵਿਚਾਰ ਕਰਨ ਦੇ ਕਾਰਨਾਂ ਵਜੋਂ ਘੱਟ ਮੌਕੇ, ਘੱਟ ਤਨਖਾਹ, ਉੱਚ ਟੈਕਸ ਅਤੇ ਬਹੁਤ ਜ਼ਿਆਦਾ ਰਿਹਾਇਸ਼ੀ ਲਾਗਤਾਂ ਦਾ ਹਵਾਲਾ ਦਿੱਤਾ। ਬਹੁਤ ਸਾਰੇ ਲੋਕ ਆਪਣੀ ਕੈਨੇਡੀਅਨ ਨਾਗਰਿਕਤਾ ਦੇ ਆਉਣ ਦੀ ਉਡੀਕ ਕਰ ਰਹੇ ਸਨ ਤਾਂ ਜੋ ਉਹ ਸੰਯੁਕਤ ਰਾਜ ਅਮਰੀਕਾ ਜਾ ਸਕਣ ਅਤੇ ਉੱਥੇ ਕੰਮ ਕਰ ਸਕਣ।

**ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਜੰਗ**

ਕੈਨੇਡਾ ਦੀ ਅਮਰੀਕਾ ਨਾਲ ਵਪਾਰਕ ਜੰਗ ਸ਼ੁਰੂ ਹੋ ਗਈ ਹੈ, ਜਿਸ ਕਾਰਨ ਕੈਨੇਡਾ ਵਿੱਚ ਵਿਕਦੇ ਅਮਰੀਕਾ ਦੇ ਸਮਾਨ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਭਾਰੀ ਟੈਰਿਫ਼ ਲਗਾ ਦਿੱਤੇ ਗਏ ਹਨ। ਅਮਰੀਕਾ ਵਿੱਚ ਬਣਿਆ ਸਮਾਨ ਹੁਣ ਕੈਨੇਡਾ ਵਿੱਚ ਮਹਿੰਗਾ ਵਿਕਣ ਲੱਗਿਆ ਹੈ। ਪਿਛਲੇ ਦਿਨੀਂ ਕੈਨੇਡਾ-ਅਮਰੀਕਾ ਵਿਚਾਲੇ ਵਪਾਰ ਸਮਝੌਤਾ ਨਾ ਹੋਣ ਕਾਰਨ ਕੈਨੇਡਾ ਦੀ ਆਰਥਿਕਤਾ ਪ੍ਰਭਾਵਿਤ ਹੋ ਰਹੀ ਹੈ। ਕੈਨੇਡਾ ਵੱਲੋਂ ਵੀ ਅਮਰੀਕਾ ਜਾਣ ਵਾਲੇ ਸਮਾਨ 'ਤੇ ਟੈਰਿਫ਼ ਲਗਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਬਹੁਤ ਸਾਰੇ ਸਮਾਨ ਲਈ ਅਮਰੀਕਾ 'ਤੇ ਨਿਰਭਰ ਹੈ, ਜਿਸ ਲਈ ਉਸ ਨੂੰ ਅਮਰੀਕਾ ਨਾਲ ਵਪਾਰਕ ਸਬੰਧ ਸੁਧਾਰਨ ਲਈ ਯਤਨ ਕਰਨੇ ਪੈਂਦੇ ਹਨ। ਜੇ ਅਮਰੀਕਾ ਦੀ ਥਾਂ ਕੈਨੇਡਾ ਓਹੀ ਸਮਾਨ ਚੀਨ ਜਾਂ ਭਾਰਤ ਤੋਂ ਮੰਗਵਾਏ ਤਾਂ ਕੈਨੇਡਾ ਨੂੰ ਇਹ ਬਹੁਤ ਮਹਿੰਗਾ ਪੈਂਦਾ ਹੈ। ਇਸ ਲਈ ਕੈਨੇਡਾ ਵੱਲੋਂ ਹਮੇਸ਼ਾ ਅਮਰੀਕਾ ਵਿੱਚ ਬਣੇ ਸਮਾਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

***

## ਨਸ਼ਾ ਵਿਰੋਧੀ ਆਵਾਜ਼ਾਂ ਨੂੰ ਪੁਲਿਸ ਦੇ ਡੰਡੇ ਨਾਲ ਦਬਾਉਣ ਦੀ

ਪਰਿਵਾਰ ਨੇ ਮੰਗ ਕੀਤੀ ਸੀ ਕਿ ਮੌਤ ਤੋਂ ਪਹਿਲਾਂ ਦਿੱਤੇ ਬਿਆਨਾਂ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪਿੰਡ ਵਿੱਚ ਨਸ਼ੇ ਦੀ ਵਿਕਰੀ ਨੂੰ ਪੂਰੀ ਤਰ੍ਹਾਂ ਨੱਥ ਪਾਈ ਜਾਵੇ। ਗ੍ਰਿਫ਼ਤਾਰੀ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਮੁਲਜ਼ਮ ਬਲਜੀਤ ਸਿੰਘ ਨੇ ਗੁਲਜ਼ਾਰ ਸਿੰਘ ਨੂੰ ਤੰਗ-ਪ੍ਰੇਸ਼ਾਨ ਕਰਨ ਜਾਂ ਧਮਕਾਉਣ ਦੇ ਇਲਜ਼ਾਮਾਂ ਨੂੰ ਖ਼ਾਰਜ ਕੀਤਾ ਸੀ।

**ਪੁਲਿਸ ਦਾ ਕਹਿਣਾ ਹੈ ਕਿ ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਵੀ ਛੇਤੀ ਹੋ ਜਾਵੇਗੀ।**

ਲੋਕਾਂ ਦਾ ਕਹਿਣਾ ਹੈ ਕਿ ਇਸ ਦਰਦਨਾਕ ਘਟਨਾ ਲਈ ਸਿੱਧੇ ਤੌਰ 'ਤੇ ਉਹ ਸਥਾਨਕ ਤਸਕਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਨਸ਼ੇ ਦਾ ਕਾਰੋਬਾਰ ਚਲਾਇਆ ਅਤੇ ਪੀੜਤ ਕਿਸਾਨ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ। ਲੋਕਾਂ ਅਨੁਸਾਰ ਸੂਬੇ ਵਿੱਚ ਬੇਕਾਬੂ ਹੋ ਚੁੱਕਾ ਨਸ਼ਿਆਂ ਦਾ ਨੈੱਟਵਰਕ ਅਤੇ ਉਹ ਪ੍ਰਸ਼ਾਸਨਿਕ-ਪੁਲਿਸ ਦਬਾਅ ਵੀ ਇਸ ਦੁਖਾਂਤ ਲਈ ਬਰਾਬਰ ਦਾ ਦੋਸ਼ੀ ਹੈ ਜਿਸ ਨੇ ਇੱਕ ਅਸਹਾਇ ਪਿਤਾ ਨੂੰ ਮੌਤ ਨੂੰ ਗਲੇ ਲਗਾਉਣ ਲਈ ਮਜਬੂਰ ਕਰ ਦਿੱਤਾ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਭਾਵੇਂ ਸੱਤਾਧਾਰੀ ਧਿਰ ਵੱਲੋਂ ਕਾਨੂੰਨੀ ਕਾਰਵਾਈ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਜਦੋਂ ਤੱਕ ਜ਼ਮੀਨੀ ਪੱਧਰ 'ਤੇ ਨਸ਼ੇ ਦੇ ਅਸਲ ਸੌਦਾਗਰਾਂ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਸਿਆਸੀ-ਪ੍ਰਸ਼ਾਸਨਿਕ ਗਠਜੋੜ ਨੂੰ ਤੋੜਿਆ ਨਹੀਂ ਜਾਂਦਾ, ਅਜਿਹੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਸਿਸਟਮ ਦੇ ਮੱਥੇ 'ਤੇ ਹੀ ਰਹੇਗੀ।



## ਸ਼ਹਿਰਾਂ ਨੂੰ ਠੰਡਾ ਰੱਖਣ ਲਈ ਰੁੱਖ ਜ਼ਰੂਰੀ

10-20-30 ਨਿਯਮ 1990 ਵਿੱਚ ਯੂਐਸ ਨੈਸ਼ਨਲ ਆਰਬੋਰੇਟਮ ਦੇ ਇੱਕ ਖੋਜ ਜੈਨੇਟਿਕਸਿਸਟ, ਫ੍ਰੈਂਕ ਸੇਂਟਮੋਰ ਦੁਆਰਾ ਤਿਆਰ ਕੀਤਾ ਗਿਆ ਸੀ। ਇਸ ਨਿਯਮ ਦੇ ਅਨੁਸਾਰ, ਕੋਈ ਵੀ ਇੱਕ ਪ੍ਰਜਾਤੀ ਸ਼ਹਿਰੀ ਜੰਗਲ ਦੀ ਆਬਾਦੀ ਦੇ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ, 20 ਪ੍ਰਤੀਸ਼ਤ ਤੋਂ ਵੱਧ ਲਈ ਕੋਈ ਇੱਕ ਜੀਨਸ ਨਹੀਂ ਹੋਣੀ ਚਾਹੀਦੀ, ਜਾਂ 30 ਪ੍ਰਤੀਸ਼ਤ ਤੋਂ ਵੱਧ ਲਈ ਕੋਈ ਇੱਕ ਪਰਿਵਾਰ ਨਹੀਂ ਹੋਣਾ ਚਾਹੀਦਾ। ਜਰਮਨੀ ਵਿੱਚ, ਕਈ ਸਾਧਨ ਅਤੇ ਡੇਟਾਬੇਸ ਹਨ ਜੋ ਰੁੱਖ ਲਗਾਉਣ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਕਈ ਸ਼ਹਿਰ ਇੱਕ ਅਧਿਕਾਰਤ ਸਟ੍ਰੀਟ-ਟ੍ਰੀ ਟੈਸਟ ਵਿੱਚ ਹਿੱਸਾ ਲੈ ਰਹੇ ਹਨ। ਇਸਦਾ ਉਦੇਸ਼ 220 ਤੋਂ ਵੱਧ ਥਾਵਾਂ 'ਤੇ 45 ਪ੍ਰਜਾਤੀਆਂ ਦੀ ਜਾਂਚ ਕਰਨਾ ਹੈ ਤਾਂ ਜੋ ਉਨ੍ਹਾਂ ਦੇ ਵਾਧੇ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ। ਇਸ ਤੋਂ ਇਲਾਵਾ, ਇੱਕ ਹੋਰ ਸ਼ਾਨਦਾਰ ਡੇਟਾਬੇਸ ਵਿੱਚ ਲਗਭਗ 400 ਲੱਕੜੀ ਵਾਲੇ ਪੌਦਿਆਂ ਦੀਆਂ ਕਿਸਮਾਂ ਦੀ ਇੱਕ ਵਿਆਪਕ ਸੂਚੀ ਹੈ, ਜਿਨ੍ਹਾਂ ਵਿੱਚੋਂ 50 ਤੋਂ ਵੱਧ ਨੂੰ ਵੱਖ-ਵੱਖ ਵਿਸ਼ੇਸ਼ਤਾਵਾਂ ਦੁਆਰਾ ਕ੍ਰਮਬੱਧ ਕੀਤਾ ਗਿਆ ਹੈ। ਉਦਾਹਰਣ ਵਜੋਂ, ਰੁੱਖ ਦੇ ਪੱਤੇ ਕਿੰਨੇ ਸੰਘਣੇ ਹਨ, ਫਲ ਦਾ ਰੰਗ ਕੀ ਹੈ, ਕੀ ਇਹ ਐਲਰਜੀ ਦਾ ਕਾਰਨ ਬਣੇਗਾ, ਜਾਂ ਕੀ ਇਸ ਦੀਆਂ ਟਾਹਣੀਆਂ ਆਸਾਨੀ ਨਾਲ ਟੁੱਟ ਜਾਂਦੀਆਂ ਹਨ। ਰੁੱਖਾਂ ਦੀ ਚੋਣ ਕਰਦੇ ਸਮੇਂ ਸ਼ਹਿਰਾਂ ਨੂੰ ਇੱਕ ਮੁੱਖ ਵਿਸ਼ੇਸ਼ਤਾ ਜਿਸ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ ਉਹ ਹੈ ਸੋਕਾ ਸਹਿਣਸ਼ੀਲਤਾ, ਕਿਉਂਕਿ ਸ਼ਹਿਰੀ ਰੁੱਖਾਂ ਨੂੰ ਗਰਮਾਉਣ ਵਾਲੀ ਦੁਨੀਆ ਵਿੱਚ ਮਹੱਤਵਪੂਰਨ ਜੈਵਿਕ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ, ਰੁੱਖਾਂ ਦੁਆਰਾ ਸ਼ਹਿਰ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਲਾਭਾਂ ਬਾਰੇ ਜਾਣਨ ਤੋਂ ਬਾਅਦ, ਇਹ ਸਪੱਸ਼ਟ ਹੈ ਕਿ ਇਹ ਇੱਕੋ ਇੱਕ ਮਾਪਦੰਡ ਨਹੀਂ ਹੈ। ਸਿਮਨ ਕਹਿੰਦਾ ਹੈ ਕਿ ਅੱਜ ਰੁੱਖਾਂ ਤੋਂ ਸਾਡੀਆਂ ਉਮੀਦਾਂ ਅਤੇ ਜ਼ਰੂਰਤਾਂ 10-20 ਸਾਲ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਤੇ ਗਹਿਰੀਆਂ ਹਨ।

***

## ਪੰਜਾਬੀ ਸੰਗੀਤ ਜਗਤ ਦਾ ਪਾਰਸ

ਉਨ੍ਹਾਂ ਦੀਆਂ ਬਣਾਈਆਂ ਧਾਰਮਿਕ ਧੁਨਾਂ ਵਿੱਚ ਇੱਕ ਅਜਿਹਾ ਠਹਿਰਾਅ ਹੁੰਦਾ ਸੀ ਜੋ ਸੁਣਨ ਵਾਲੇ ਨੂੰ ਰੂਹਾਨੀ ਸਕੂਨ ਦਿੰਦਾ ਸੀ। ਅਨੇਕਾਂ ਰਾਗੀ ਸਿੰਘਾਂ ਅਤੇ ਢਾਡੀ ਜਥਿਆਂ ਨੇ ਵੀ ਉਨ੍ਹਾਂ ਤੋਂ ਸੁਰਾਂ ਦੀ ਸਿੱਖਿਆ ਲੈ ਕੇ ਆਪਣੇ ਪ੍ਰਸੰਗ ਰਿਕਾਰਡ ਕਰਵਾਏ। ਇਸੇ ਤਰ੍ਹਾਂ ਪੰਜਾਬੀ ਸੰਗੀਤ ਜਗਤ ਦੇ ਸਭ ਤੋਂ ਸੂਝਵਾਨ ਕਲਾਕਾਰ ਭਰਾਵਾਂ ਦੀ ਤਿੱਕੜੀ ਮਨਮੋਹਣ ਵਾਰਿਸ, ਸੰਗਤਾਰ ਅਤੇ ਕਮਲ ਹੀਰ ਦਾ ਉਸਤਾਦ ਜਸਵੰਤ ਭੰਵਰਾ ਨਾਲ ਬਹੁਤ ਹੀ ਗੂੜ੍ਹਾ ਅਤੇ ਪਰਿਵਾਰਕ ਸਬੰਧ ਰਿਹਾ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਇਸ ਪਰਿਵਾਰ ਨੂੰ ਸੰਗੀਤ ਦੀ ਦੁਨੀਆ ਵਿੱਚ ਪੈਰ ਰੱਖਣ ਅਤੇ ਸੁਰਾਂ ਦੀ ਪਛਾਣ ਕਰਨ ਦਾ ਵੱਲ ਭੰਵਰਾ ਸਾਹਬ ਨੇ ਹੀ ਸਿਖਾਇਆ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਗਤਾਰ ਜੋ ਅੱਜ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਸਭ ਤੋਂ ਸਤਿਕਾਰਤ ਸੰਗੀਤਕਾਰਾਂ ਵਿੱਚੋਂ ਇੱਕ ਹੈ, ਆਪਣੀ ਸੰਗੀਤਕ ਸੂਝ ਦਾ ਪੂਰਾ ਸਿਹਰਾ ਉਸਤਾਦ ਜਸਵੰਤ ਭੰਵਰਾ ਨੂੰ ਹੀ ਦਿੰਦਾ ਹੈ।

ਉਸਤਾਦ ਭੰਵਰਾ ਦੇ ਲੁਧਿਆਣਾ ਦਫ਼ਤਰ ਵਿੱਚ ਉਨ੍ਹਾਂ ਨੂੰ ਮਿਲਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਸੰਗੀਤ ਦੇ ਇਸ ਭਰ ਵਗਦੇ ਦਰਿਆ ਕੋਲ ਪੰਜਾਬ ਦੇ ਕੋਨੇ-ਕੋਨੇ ਤੋਂ ਲੋਕੀ ਆਪਣੀ ਪਿਆਸ ਬੁਝਾਉਣ ਆਉਂਦੇ ਸਨ। ਉਨ੍ਹਾਂ ਦੇ ਦੌਰ ਵਿੱਚ ਇਹ ਗੱਲ ਮਸ਼ਹੂਰ ਸੀ ਕਿ ਜੇਕਰ ਪੰਜਾਬ ਦੇ ਸਾਰੇ ਕਲਾਕਾਰਾਂ ਨੂੰ ਇੱਕ ਲਾਈਨ ਵਿੱਚ ਖੜ੍ਹਾ ਕਰ ਲਿਆ ਜਾਵੇ ਤਾਂ ਹਰ ਤੀਜਾ-ਚੌਥਾ ਕਲਾਕਾਰ ਭੰਵਰਾ ਸਾਹਬ ਦਾ ਸ਼ਾਗਿਰਦ ਨਿਕਲੇਗਾ। ਉਸਤਾਦ ਜਸਵੰਤ ਭੰਵਰਾ ਦੇ ਸ਼ਾਗਿਰਦਾਂ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਸੀ ਕਿ ਉਹ ਸਿਰਫ਼ ਸਟੂਡੀਓ ਸਿੰਗਰ ਨਹੀਂ ਬਣੇ ਬਲਕਿ ਲਾਈਵ ਸਟੇਜਾਂ 'ਤੇ ਘੰਟਿਆਂ ਬੱਧੀ ਬਿਨਾਂ ਸੁਰ ਹਿੱਲੇ ਗਾਉਣ ਵਾਲੇ ਪੱਕੇ ਗਾਇਕ ਬਣੇ।

ਉਸਤਾਦ ਭੰਵਰਾ ਅਕਸਰ ਕਹਿੰਦੇ ਸਨ, "ਇਹ ਜੋ ਮਸ਼ੀਨੀ ਸੰਗੀਤ ਹੈ, ਇਸ ਵਿੱਚ ਰੂਹ ਨਹੀਂ ਹੁੰਦੀ। ਜਦੋਂ ਤੱਕ ਢੋਲਕੀ ਵਾਲੇ ਦੇ ਹੱਥ ਦੀ ਥਾਪ ਅਤੇ ਤੂੰਬੀ ਵਾਲੇ ਦੀ ਉਂਗਲ ਦਾ ਜਾਦੂ ਸਟੂਡੀਓ ਵਿੱਚ ਨਹੀਂ ਗੂੰਜਦਾ, ਉਦੋਂ ਤੱਕ ਪੰਜਾਬੀ ਗੀਤ ਜਿਊਂਦਾ ਨਹੀਂ ਹੋ ਸਕਦਾ।" ਉਹ ਆਖ਼ਰੀ ਸਮੇਂ ਤੱਕ ਲਾਈਵ ਸਾਜ਼ਾਂ ਦੇ ਹੱਕ ਵਿੱਚ ਰਹੇ ਅਤੇ ਨਵੇਂ ਦੌਰ ਦੇ ਸੰਗੀਤਕਾਰਾਂ ਨੂੰ ਹਮੇਸ਼ਾ ਅਸਲੀ ਸਾਜ਼ ਵਰਤਣ ਦੀ ਸਲਾਹ ਦਿੰਦੇ ਸਨ। ਜਸਵੰਤ ਭੰਵਰਾ ਆਪਣੇ ਆਖ਼ਰੀ ਦਿਨਾਂ ਵਿੱਚ ਲਾਈਮਲਾਈਟ ਤੋਂ ਦੂਰ ਰਹੇ। ਉਨ੍ਹਾਂ ਨੇ 22 ਜਨਵਰੀ 2011 ਨੂੰ ਲੁਧਿਆਣੇ ਵਿੱਚ ਆਪਣੇ ਗ੍ਰਹਿ ਵਿਖੇ ਆਖ਼ਰੀ ਸਾਹ ਲਏ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਸੰਗੀਤ ਜਗਤ ਵਿੱਚ ਇੱਕ ਅਜਿਹਾ ਖ਼ਲਾਅ ਪੈਦਾ ਹੋ ਗਿਆ ਜਿਸ ਨੂੰ ਕਦੇ ਵੀ ਭਰਿਆ ਨਹੀਂ ਜਾ ਸਕਦਾ। ਪੰਜਾਬੀ ਮਿਊਜ਼ਿਕ ਇੰਡਸਟਰੀ ਹਮੇਸ਼ਾ ਉਨ੍ਹਾਂ ਦੀ ਕਰਜ਼ਦਾਰ ਰਹੇਗੀ।

***

## ਕੀ ਅਸਹਿਮਤੀ ਨੂੰ ਕਾਨੂੰਨ ਦੇ

ਉਂਝ ਜਿਵੇਂ ਕਾਂਗਰਸ ਦੇ ਦੌਰ ਵਿੱਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿੱਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ। ਨਾਗਰਿਕਤਾ ਕਾਨੂੰਨ (ਸੀਏਏ) ਦੇ ਵਿਰੋਧ ਵਿੱਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖ਼ਤ ਕਾਨੂੰਨਾਂ (ਜਿਵੇਂ ਯੂਏਪੀਏ) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿੱਚ ਬੰਦ ਰੱਖਿਆ ਗਿਆ-ਜਿਨ੍ਹਾਂ ਵਿੱਚ ਵਰਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ.ਐੱਮ. ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਦੇਸ਼ ਵਿੱਚ ਵੱਖਰੀ ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿੱਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉੱਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿੱਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿੱਚ ਨਹੀਂ ਹੈ।

ਅੱਜ ਜਦੋਂ ਭਾਰਤ ਵਿੱਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ। ਪਰ ਇਸ ਦੇ ਉਲਟ, ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ।

ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਊਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਊਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ-ਉਹ ਤਾਂ ਭਾਰਤ ਦਾ ਬਾਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿੱਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉੱਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿੱਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

***

## ਸਰਕਾਰੀ ਸਕੂਲਾਂ ਦੀ ਹਾਲਤ

ਸੋਧੇ ਹੋਏ ਸੀ ਬੀ ਐੱਸ ਈ ਮੁਲਾਂਕਣ ਢਾਂਚਿਆਂ ਹੇਠ, ਮੁਲਾਂਕਣ ਦਾ ਢਾਂਚਾ ਭਾਰੀ ਤੌਰ 'ਤੇ ਅੰਦਰੂਨੀ ਮੁਲਾਂਕਣ, ਪ੍ਰੈਕਟੀਕਲ ਅੰਕਾਂ ਅਤੇ ਲਗਾਤਾਰ ਗ੍ਰੇਸ-ਮਾਰਕਸ ਢਾਂਚਿਆਂ ਵੱਲ ਖਿਸਕ ਗਿਆ ਹੈ।

ਨਤੀਜੇ ਵਜੋਂ ਵਿਦਿਆਰਥੀ ਅਕਸਰ ਬੋਰਡ ਪ੍ਰੀਖਿਆਵਾਂ ਪਾਸ ਕਰ ਲੈਂਦੇ ਹਨ ਅਤੇ ਬੁਨਿਆਦੀ ਸਿਧਾਂਤਕ ਪਾਸ ਅੰਕ ਹਾਸਲ ਕੀਤੇ ਜਾਂ ਮੂਲ ਸੰਕਲਪਾਂ ਵਿੱਚ ਮੁਹਾਰਤ ਹਾਸਲ ਕੀਤੇ ਬਿਨਾਂ ਹੀ ਉੱਚ ਜਮਾਤਾਂ ਵਿੱਚ ਪਹੁੰਚ ਜਾਂਦੇ ਹਨ, ਜੋ ਬੁਨਿਆਦੀ ਸਾਖਰਤਾ, ਸੰਖਿਆਤਮਕ ਸਮਝ ਜਾਂ ਵਿਸ਼ਲੇਸ਼ਣਾਤਮਕ ਕੌਸ਼ਲ ਤੋਂ ਬਿਨਾਂ ਸਿੱਖਿਆ ਦੀ ਪੌੜੀ ਚੜ੍ਹਨ ਵਾਲੇ ਅਸਲੀ ਸਿਖਿਆਰਥੀਆਂ ਦੀ ਬਜਾਏ ਸਿਰਫ਼ ਕਲਾਸ ਵਿੱਚ ਹਾਜ਼ਰੀ ਲਵਾਉਣ ਵਾਲੇ ਬਣ ਜਾਂਦੇ ਹਨ।

ਪੰਜਾਬ ਦਾ ਸੁਧਾਰ ਮਾਡਲ ਦਰਸਾਉਂਦਾ ਹੈ ਕਿ ਸਕੂਲ ਬੰਦ ਕੀਤੇ ਬਿਨਾਂ ਵੀ ਬਦਲਾਅ ਸੰਭਵ ਹੈ। ਪੰਜਾਬ ਦੇ 81 ਪ੍ਰਤੀਸ਼ਤ ਤੋਂ ਵੱਧ ਸਰਕਾਰੀ ਸਕੂਲਾਂ ਨੂੰ ਚਾਲੂ ਸਮਾਰਟ ਕਲਾਸਰੂਮਾਂ, ਏਕੀਕ੍ਰਿਤ ਕੰਪਿਊਟਰ ਲੈਬਾਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਗਿਆ ਤਾਂ ਜੋ ਨਿੱਜੀ ਸਕੂਲ ਦੇ ਮਿਆਰਾਂ ਨਾਲ ਮੇਲ ਖਾ ਸਕਣ, ਜਦਕਿ ਸਰਕਾਰੀ ਸਕੂਲ ਦੇ ਅਧਿਆਪਕਾਂ ਨੂੰ ਮਿਆਰੀ ਸਿੱਖਿਆ ਵਿਧੀ ਵਿਕਾਸ ਲਈ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਭੇਜਿਆ ਗਿਆ। ਵਿਸ਼ੇਸ਼ 'ਸਕੂਲਜ਼ ਔਫ ਐਮੀਨੈਂਸ' ਸਥਾਪਿਤ ਕੀਤੇ ਗਏ ਤਾਂ ਜੋ ਜੇ ਈ ਈ ਅਤੇ ਨੀਟ ਵਰਗੀਆਂ ਮੁਕਾਬਲੇ ਦੀਆਂ ਕੌਮੀ ਪ੍ਰੀਖਿਆਵਾਂ ਲਈ ਬਿਨਾਂ ਕੋਚਿੰਗ ਦੇ ਮੁਫ਼ਤ, ਉੱਚ ਦਰਜੇ ਦੀ ਸੈਕੰਡਰੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਨਤੀਜੇ ਵਜੋਂ, ਹਜ਼ਾਰਾਂ ਸਰਕਾਰੀ ਸਕੂਲੀ ਵਿਦਿਆਰਥੀਆਂ ਨੇ ਬਿਨਾਂ ਵਪਾਰਕ ਨਿੱਜੀ ਕੋਚਿੰਗ ਦੇ ਸਫ਼ਲਤਾਪੂਰਵਕ ਚੋਟੀ ਦੀਆਂ ਮੁਕਾਬਲੇ ਦੀਆਂ ਦਾਖ਼ਲਾ ਪ੍ਰੀਖਿਆਵਾਂ ਪਾਸ ਕੀਤੀਆਂ, ਜਿਸ ਨਾਲ ਸਰਕਾਰੀ ਸਕੂਲਾਂ ਦੇ ਦਾਖ਼ਲਿਆਂ ਵਿੱਚ ਮੁੜ ਉਭਾਰ ਆਇਆ ਅਤੇ ਰਾਸ਼ਟਰੀ ਸਿੱਖਿਆ ਮਿਆਰ ਸੂਚਕ ਅੰਕ ਵਿੱਚ ਸਿਖਰ 'ਤੇ ਪਹੁੰਚੇ।

ਕਿਸੇ ਦੇਸ਼ ਦੀ ਵਚਨਬੱਧਤਾ ਉਸਦੇ ਜਨਤਕ ਕਲਾਸਰੂਮਾਂ ਦੀ ਹਾਲਤ ਨਾਲ ਮਾਪੀ ਜਾਂਦੀ ਹੈ। ਸਰਕਾਰੀ ਸਕੂਲ ਬੰਦ ਕਰਨਾ ਪ੍ਰਸ਼ਾਸਨਿਕ ਗ਼ਲਤੀ ਹੈ। ਜੇ ਭਾਰਤ ਨੇ ਸੱਚਮੁੱਚ ਇੱਕ ਬਰਾਬਰ, ਗਿਆਨ ਅਧਾਰਿਤ ਸਮਾਜ ਵਿੱਚ ਤਬਦੀਲ ਹੋਣਾ ਹੈ ਤਾਂ ਇਸ ਨੂੰ ਆਪਣੇ ਜਨਤਕ ਸਿੱਖਿਆ ਢਾਂਚੇ ਵਿੱਚ ਮੁੜ ਨਿਵੇਸ਼ ਕਰਨਾ ਚਾਹੀਦਾ ਹੈ, ਸਿੱਖਿਆ ਦੇ ਅਧਿਕਾਰ ਦੇ ਹੁਕਮ ਦਾ ਸਨਮਾਨ ਕਰਨਾ ਚਾਹੀਦਾ ਹੈ, ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਿਆ ਦੀ ਪ੍ਰਾਪਤੀ ਵਿੱਚ ਕੋਈ ਵੀ ਬੱਚਾ ਪਿੱਛੇ ਨਾ ਰਹੇ।

***

## ਪੰਜਾਬ ਦੀ ਬਦਲਦੀ ਸਿਆਸੀ

ਇਨ੍ਹਾਂ ਦੇ ਟਿਕਾਊ ਹੱਲ ਲਈ ਸੰਵਿਧਾਨਕ ਪ੍ਰਕਿਰਿਆ, ਸੰਵਾਦ ਅਤੇ ਸਹਿਯੋਗੀ ਸੰਘਵਾਦ ਦੀ ਲੋੜ ਹੈ। ਲਗਾਤਾਰ ਟਕਰਾਅ ਵੀ ਹੱਲ ਨਹੀਂ ਅਤੇ ਹਰ ਮਾਮਲੇ ਵਿੱਚ ਬਿਨਾਂ ਸਵਾਲ ਕੀਤੇ ਸਮਝੌਤਾ ਕਰਨਾ ਵੀ ਨਹੀਂ।

ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਪੰਜਾਬ ਦੀ ਰਾਜਨੀਤੀ ਲਈ ਇੱਕ ਮਹੱਤਵਪੂਰਨ ਮੋੜ ਹੋ ਸਕਦੀਆਂ ਹਨ। ਇਸ ਵੇਲੇ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਕਿਹੜੀ ਪਾਰਟੀ ਜਿੱਤੇਗੀ। ਅਸਲ ਸਵਾਲ ਇਹ ਹੋਵੇਗਾ ਕਿ ਵੋਟਰ ਕਿਹੜੇ ਮੁੱਦਿਆਂ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਕੀ ਰੁਜ਼ਗਾਰ ਅਤੇ ਆਰਥਿਕਤਾ ਚੋਣ ਦਾ ਕੇਂਦਰ ਬਣੇਗੀ? ਕੀ ਖੇਤੀਬਾੜੀ ਅਤੇ ਪਾਣੀ ਦਾ ਮੁੱਦਾ ਵੱਡੀ ਭੂਮਿਕਾ ਨਿਭਾਏਗਾ? ਕੀ ਪੰਥਕ ਅਤੇ ਪਛਾਣ-ਆਧਾਰਿਤ ਰਾਜਨੀਤੀ ਮੁੜ ਕੇਂਦਰ ਵਿੱਚ ਆਵੇਗੀ? ਜਾਂ ਵੋਟਰ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਭ ਤੋਂ ਵੱਡੀ ਕਸੌਟੀ ਬਣਾਏਗਾ? ਸ਼ਾਇਦ ਪੰਜਾਬ ਨੂੰ ਅੱਜ ਨਵੇਂ ਨਾਅਰਿਆਂ ਨਾਲੋਂ ਵੱਧ ਨਵੇਂ ਰਾਜਨੀਤਕ ਢਾਂਚੇ ਅਤੇ ਨਵੀਂ ਰਾਜਨੀਤਕ ਸੋਚ ਦੀ ਲੋੜ ਹੈ। ਅਜਿਹੀ ਸੋਚ ਜੋ ਪੰਜ ਸਾਲਾਂ ਦੀ ਚੋਣ ਮਿਆਦ ਤੋਂ ਅੱਗੇ ਦੇਖ ਸਕੇ, 20-25 ਸਾਲਾਂ ਦੀ ਯੋਜਨਾ ਬਣਾ ਸਕੇ ਅਤੇ ਨੌਜਵਾਨਾਂ ਨੂੰ ਸਿਰਫ਼ ਵੋਟਰ ਨਹੀਂ, ਸਗੋਂ ਵਿਕਾਸ ਦੇ ਭਾਗੀਦਾਰ ਵਜੋਂ ਵੇਖੇ। ਖੇਤੀ, ਉਦਯੋਗ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਵਾਤਾਵਰਣ ਨੂੰ ਇੱਕ ਸਾਂਝੇ ਵਿਕਾਸ ਮਾਡਲ ਵਜੋਂ ਦੇਖਣ ਦੀ ਲੋੜ ਹੈ।

ਲੋਕਤੰਤਰ ਵਿੱਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਸੰਸਥਾਵਾਂ, ਨੀਤੀਆਂ ਅਤੇ ਜਨ-ਭਰੋਸਾ ਲੰਬੇ ਸਮੇਂ ਤੱਕ ਰਹਿੰਦੇ ਹਨ। ਪੰਜਾਬ ਦੀ ਅਸਲ ਤਾਕਤ ਕਿਸੇ ਇੱਕ ਪਾਰਟੀ ਦੀ ਜਿੱਤ ਵਿੱਚ ਨਹੀਂ, ਸਗੋਂ ਅਜਿਹੀ ਰਾਜਨੀਤਕ ਪਰੰਪਰਾ ਦੇ ਨਿਰਮਾਣ ਵਿੱਚ ਹੈ ਜੋ ਜਵਾਬਦੇਹੀ ਨੂੰ ਮਜ਼ਬੂਤ ਕਰੇ ਅਤੇ ਵਿਕਾਸ ਨੂੰ ਚੋਣ ਨਾਅਰੇ ਦੀ ਥਾਂ ਸ਼ਾਸਨ ਦਾ ਕੇਂਦਰ ਬਣਾਏ। ਅਖ਼ਿਰਕਾਰ, ਪੰਜਾਬ ਦੀ ਰਾਜਨੀਤੀ ਦਾ ਅਸਲ ਸਵਾਲ ਇਹ ਨਹੀਂ ਕਿ ਅਗਲੀ ਸਰਕਾਰ ਕੌਣ ਬਣਾਏਗਾ? ਅਸਲ ਸਵਾਲ ਇਹ ਹੈ ਕਿ ਅਗਲਾ ਦਹਾਕਾ ਪੰਜਾਬ ਨੂੰ ਕਿਹੜੀ ਦਿਸ਼ਾ ਵਿੱਚ ਲੈ ਕੇ ਜਾਵੇਗਾ। ਜੇ ਰਾਜਨੀਤੀ ਚੋਣ ਜਿੱਤਣ ਦੀ ਕਲਾ ਤੋਂ ਅੱਗੇ ਵਧ ਕੇ ਨੀਤੀ, ਜਵਾਬਦੇਹੀ ਅਤੇ ਜਨ-ਭਰੋਸੇ ਨੂੰ ਆਪਣੀ ਤਾਕਤ ਬਣਾਉਂਦੀਹੈ ਤਾਂ ਪੰਜਾਬ ਇੱਕ ਨਵੇਂ ਆਰਥਿਕ ਅਤੇ ਸਮਾਜਿਕ ਦੌਰ ਵਿੱਚ ਦਾਖਲ ਹੋ ਸਕਦਾ ਹੈ। ਨਹੀਂ ਤਾਂ ਸੱਤਾ ਬਦਲਦੀ ਰਹੇਗੀ, ਪਰ ਲੋਕਾਂ ਦੇ ਮੁੱਢਲੇ ਸਵਾਲ ਉੱਥੇ ਹੀ ਖੜ੍ਹੇ ਰਹਿਣਗੇ ਅਤੇ ਰਾਜ ਦੀਆਂ ਢਾਂਚਾਗਤ ਸਮੱਸਿਆਵਾਂ ਆਪਣਾ ਰੂਪ ਬਦਲ ਕੇ ਮੁੜ ਸਾਹਮਣੇ ਆਉਂਦੀਆਂ ਰਹਿਣਗੀਆਂ।

***

## ਮੋਦੀ ਤੋਂ ਬਾਅਦ ਕੌਣ? ਸੱਤਾ ਦੇ ਗਲਿਆਰਿਆਂ

ਉਂਝ ਅਨੁਭਵ ਕਹਿੰਦਾ ਹੈ ਕਿ ਅਜਿਹੇ ਮੌਕਿਆਂ 'ਤੇ ਅਕਸਰ ਉਹ ਲੋਕ ਬਾਜ਼ੀ ਮਾਰ ਜਾਂਦੇ ਹਨ, ਜਿਨ੍ਹਾਂ ਨੂੰ ਦੌੜ 'ਚ ਨਹੀਂ ਮੰਨਿਆ ਜਾਂਦਾ ਤੇ ਉਹ ਪਰਦੇ ਦੇ ਪਿੱਛੇ ਤੋਂ ਚਾਲਾਂ ਚੱਲਦੇ ਰਹਿੰਦੇ ਹਨ। 1991 'ਚ ਅਰਜੁਨ ਸਿੰਘ ਤੇ ਸ਼ਰਦ ਪਵਾਰ ਦੇ ਝਗੜੇ 'ਚ ਬਾਜ਼ੀ ਨਰਸਿਮ੍ਹਾ ਰਾਓ ਮਾਰ ਗਏ ਸਨ। ਭਾਜਪਾ 'ਚ ਇਹ ਖੇਡ ਕੋਈ ਨਵਾਂ ਨਹੀਂ ਹੈ, ਇਸ ਲਈ ਅਟਕਲਾਂ ਲਗਾਉਣੀਆਂ ਬੇਮਤਲਬ ਹਨ। ਪਰ ਇਕ ਗੱਲ ਤੈਅ ਹੈ ਕਿ ਮੋਦੀ ਬਾਅਦ ਕੌਣ ਦਾ ਫ਼ੈਸਲਾ ਸੰਘ ਦੀ ਉੱਚ ਲੀਡਰਸ਼ਿਪ ਨੇ ਹੀ ਕਰਨਾ ਹੈ ਅਤੇ ਸੰਘ ਉਸੇ ਨੇਤਾ ਨੂੰ ਅੱਗੇ ਵਧਾਏਗਾ, ਜੋ ਉਸ ਦੇ ਹਿੰਦੂਤਵ ਦੇ ਅਗਲੇ 25 ਸਾਲ ਦੇ ਏਜੰਡੇ ਨੂੰ ਅੱਗੇ ਲਿਜਾਣ 'ਚ ਮਦਦਗਾਰ ਹੋਵੇਗਾ। ਭਾਗਵਤ ਦੀ ਅਮਰੀਕਾ ਯਾਤਰਾ ਇਸ ਗੱਲ ਦਾ ਸੰਕੇਤ ਹੈ ਕਿ ਸੰਘ ਪਰਿਵਾਰ ਹਿੰਦੂਤਵ ਦੇ ਵਿਗੜ ਰਹੇ ਅਕਸ ਤੋਂ ਬਹੁਤ ਪ੍ਰੇਸ਼ਾਨ ਹੈ। ਕਿਹੜਾ ਨੇਤਾ ਉਸ ਦੀ ਯੋਜਨਾ 'ਚ ਫਿੱਟ ਬੈਠੇਗਾ, ਇਹ ਭਵਿੱਖ ਨੂੰ ਤੈਅ ਕਰਨ ਦਿਓ, ਪਰ ਦਿੱਲੀ ਦੇ ਗਲਿਆਰਿਆਂ 'ਚ ਕੋਈ ਵੀ ਚਰਚਾ ਐਵੇਂ ਹੀ ਨਹੀਂ ਹੁੰਦੀ ਹੈ। ਜੇਕਰ ਅੱਜਕਲ੍ਹ ਚਰਚੇ ਗਰਮ ਹਨ ਤਾਂ ਸਿੱਧਾ ਅਰਥ ਹੈ ਕਿ ਕੋਈ ਗੱਲ ਤਾਂ ਹੈ।

***

## ਬੰਦੀ ਸਿੰਘਾਂ ਦੀ ਰਿਹਾਈ 'ਤੇ ਸਿਆਸੀ ਮਾਹਿਰਾਂ ਤੇ

ਦੂਜੇ ਪਾਸੇ, ਸਿਆਸੀ ਵਿਸ਼ਲੇਸ਼ਕ ਇਸ ਸਾਰੇ ਵਰਤਾਰੇ ਨੂੰ ਇੱਕ ਵੱਖਰੇ ਨਜ਼ਰੀਏ ਤੋਂ ਵੀ ਦੇਖ ਰਹੇ ਹਨ। ਪ੍ਰੋਫੈਸਰ ਖ਼ਾਲਿਦ ਮੁਹੰਮਦ ਅਤੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਵਰਗੇ ਮਾਹਿਰਾਂ ਦਾ ਮੰਨਣਾ ਹੈ ਕਿ ਜਜ਼ਬਾਤੀ ਮੁੱਦੇ ਭਾਵੇਂ ਹਵਾ ਦਾ ਰੁਖ਼ ਬਦਲਣ ਦੀ ਤਾਕਤ ਰੱਖਦੇ ਹਨ, ਪਰ ਜ਼ਮੀਨੀ ਚੋਣਾਂ ਸਿਰਫ਼ ਭਾਵਨਾਵਾਂ ਨਾਲ ਨਹੀਂ ਜਿੱਤੀਆਂ ਜਾਂਦੀਆਂ। ਪੰਜਾਬ ਅੰਦਰ 38 ਫ਼ੀਸਦੀ ਤੋਂ ਵੱਧ ਆਬਾਦੀ ਹਿੰਦੂ ਭਾਈਚਾਰੇ ਦੀ ਹੈ, ਜੋ ਸ਼ਹਿਰੀ ਅਤੇ ਅਰਧ-ਸ਼ਹਿਰੀ ਹਲਕਿਆਂ ਵਿੱਚ ਹਾਰ-ਜਿੱਤ ਦਾ ਫ਼ੈਸਲਾ ਕਰਦੀ ਹੈ। ਜੇਕਰ ਸਿਆਸਤ ਵਿੱਚ ਬਹੁਤ ਜ਼ਿਆਦਾ ਕੱਟੜ ਪੰਥਕ ਧਰੁਵੀਕਰਨ ਹੁੰਦਾ ਹੈ, ਤਾਂ ਗੈਰ-ਪੰਥਕ ਵੋਟਰ ਇੱਕਜੁੱਟ ਹੋ ਕੇ ਕਿਸੇ ਹੋਰ ਧਿਰ ਵੱਲ ਝੁਕ ਸਕਦਾ ਹੈ। ਇਸ ਤੋਂ ਇਲਾਵਾ, ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਵੱਡੇ ਮਸਲੇ—ਜਿਵੇਂ ਕਿ ਬੇਰੁਜ਼ਗਾਰੀ, ਖ਼ਤਮ ਹੁੰਦਾ ਪਾਣੀ, ਨਸ਼ਾ, ਕਰਜ਼ਾ ਅਤੇ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ—ਅਜਿਹੇ ਸਵਾਲ ਹਨ ਜਿਨ੍ਹਾਂ ਦੇ ਜਵਾਬ ਵੋਟਰ ਹਰ ਹਾਲ ਮੰਗੇਗਾ। 'ਵਾਰਿਸ ਪੰਜਾਬ ਦੇ' ਵਰਗੇ ਨਵੇਂ ਸੰਗਠਨਾਂ ਕੋਲ ਜਜ਼ਬਾਤੀ ਵੋਟਰਾਂ ਦੀ ਹਮਾਇਤ ਹੋ ਸਕਦੀ ਹੈ, ਪਰ ਬੂਥ ਪੱਧਰ 'ਤੇ ਮਜ਼ਬੂਤ ਜਥੇਬੰਦਕ ਢਾਂਚੇ ਦੀ ਅਣਹੋਂਦ ਉਨ੍ਹਾਂ ਲਈ ਵੱਡੀ ਚੁਣੌਤੀ ਬਣੇਗੀ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬੰਦੀ ਸਿੰਘਾਂ ਦਾ ਮਾਮਲਾ ਪੰਜਾਬ ਦੇ ਦੁਖਾਂਤਕ ਦੌਰ ਦੇ ਜ਼ਖ਼ਮਾਂ 'ਤੇ ਇਨਸਾਫ਼ ਦੀ ਮੱਲ੍ਹਮ ਲਾਉਣ ਦਾ ਸੰਜੀਦਾ ਯਤਨ ਹੋਣਾ ਚਾਹੀਦਾ ਸੀ, ਨਾ ਕਿ ਸਿਰਫ਼ ਚੋਣਾਂ ਜਿੱਤਣ ਦਾ ਹਥਿਆਰ। ਕਾਨੂੰਨੀ ਅਤੇ ਮਨੁੱਖੀ ਆਧਾਰ 'ਤੇ ਆਪਣੀ ਉਮਰ ਕੈਦ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨਾ ਸੰਵਿਧਾਨਕ ਇਨਸਾਫ਼ ਦਾ ਤਕਾਜ਼ਾ ਹੈ। ਪਰ ਜਿਸ ਤਰ੍ਹਾਂ ਹਰ ਪਾਰਟੀ ਵੋਟਾਂ ਖ਼ਾਤਰ ਇਸ ਮੁੱਦੇ ਨੂੰ ਆਪਣੀ ਸਹੂਲਤ ਅਨੁਸਾਰ ਵਰਤ ਰਹੀ ਹੈ, ਉਸ ਨੇ ਸਿੱਖ ਕੌਮ ਦੇ ਇਸ ਗੰਭੀਰ ਦਰਦ ਨੂੰ ਮਹਿਜ਼ ਸਿਆਸੀ ਸ਼ਤਰੰਜ ਦੀ ਇੱਕ ਚਾਲ ਬਣਾ ਕੇ ਰੱਖ ਦਿੱਤਾ ਹੈ। ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਪੰਜਾਬ ਦਾ ਸੁਚੇਤ ਵੋਟਰ ਇਸ ਗੱਲ ਦਾ ਨਿਰਣਾ ਜ਼ਰੂਰ ਕਰੇਗਾ ਕਿ ਕਿਹੜੀ ਧਿਰ ਸੱਚਮੁੱਚ ਇਨਸਾਫ਼ ਅਤੇ ਮਨੁੱਖੀ ਹੱਕਾਂ ਲਈ ਖੜ੍ਹੀ ਹੈ ਅਤੇ ਕੌਣ ਸਿਰਫ਼ ਸੱਤਾ ਦੀ ਕੁਰਸੀ ਹਾਸਲ ਕਰਨ ਲਈ ਪੰਥਕ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਹੈ।

***

## ਕਾਂਸ਼ੀ ਰਾਮ ਦੇ ਮਿਸ਼ਨ ਤੋਂ ਬਾਅਦ ਮਾਇਆਵਤੀ

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਬਹੁਜਨ ਸਮਾਜ ਪਾਰਟੀ ਅੱਜ ਉਸ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੂੰ ਆਪਣੇ ਅਤੀਤ ਦੀਆਂ ਗ਼ਲਤੀਆਂ ਦਾ ਗੰਭੀਰਤਾ ਨਾਲ ਆਤਮ-ਮੰਥਨ ਕਰਨਾ ਪਵੇਗਾ। ਕਾਂਸ਼ੀ ਰਾਮ ਦੇ ਮਿਸ਼ਨਰੀ ਜਜ਼ਬੇ ਨੂੰ ਵਿਸਾਰ ਕੇ ਸਿਰਫ਼ ਚੋਣ ਗਠਜੋੜਾਂ, ਟਿਕਟਾਂ ਦੀ ਸੌਦੇਬਾਜ਼ੀ ਅਤੇ ਡਰਾਇੰਗ-ਰੂਮ ਰਾਜਨੀਤੀ ਦੇ ਆਸਰੇ ਕੋਈ ਵੀ ਅੰਦੋਲਨ ਜ਼ਿੰਦਾ ਨਹੀਂ ਰਹਿ ਸਕਦਾ। ਜੇਕਰ ਮਾਇਆਵਤੀ ਨੇ ਪਾਰਟੀ ਦੇ ਢਾਂਚੇ ਵਿੱਚ ਲੋਕਤੰਤਰ ਬਹਾਲ ਨਾ ਕੀਤਾ, ਜ਼ਮੀਨੀ ਕਾਡਰ ਨੂੰ ਮੁੜ ਨਾ ਸੰਭਾਲਿਆ ਅਤੇ ਨੌਜਵਾਨ ਲੀਡਰਸ਼ਿਪ ਨੂੰ ਅਸਲ ਤਾਕਤ ਨਾ ਦਿੱਤੀ, ਤਾਂ ਬਸਪਾ ਆਉਣ ਵਾਲੇ ਸਮੇਂ ਵਿੱਚ ਨਾ ਸਿਰਫ਼ ਪੰਜਾਬ ਬਲਕਿ ਪੂਰੇ ਦੇਸ਼ ਦੀ ਸਿਆਸਤ ਵਿੱਚ ਮਹਿਜ਼ ਇੱਕ 'ਵੋਟ ਕੱਟੂ' ਟੋਲੇ ਵਜੋਂ ਸਿਮਟ ਕੇ ਰਹਿ ਜਾਵੇਗੀ। ਇਤਿਹਾਸ ਗਵਾਹ ਹੈ ਕਿ ਜਿਹੜੀਆਂ ਪਾਰਟੀਆਂ ਆਪਣੇ ਮੂਲ ਵਿਚਾਰਧਾਰਕ ਸਿਧਾਂਤਾਂ ਤੋਂ ਭਟਕ ਜਾਂਦੀਆਂ ਹਨ, ਲੋਕ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਲੱਗਿਆਂ ਜ਼ਿਆਦਾ ਦੇਰ ਨਹੀਂ ਲਾਉਂਦੇ।

***

## ਮੱਧਕਾਲੀ ਚੋਣਾਂ 'ਚ ਜਿਆਦਾਤਰ ਭਾਰਤੀਆਂ

ਤਿੰਨ-ਚੌਥਾਈ ਭਾਰਤੀ-ਅਮਰੀਕੀ ਨਾਗਰਿਕਾਂ ਨੇ ਕਿਹਾ ਕਿ ਉਨਾਂ ਨੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਰਾਜਨੀਤੀ 'ਤੇ ਚਰਚਾ ਕੀਤੀ ਹੈ। 19 ਪ੍ਰਤੀਸ਼ਤ ਭਾਰਤੀਆਂ ਨੇ ਟਰੰਪ ਵਿਰੋਧੀ ਪ੍ਰਦਰਸ਼ਨਾਂ, ਮਾਰਚ, ਜਾਂ ਰੈਲੀਆਂ ਵਿੱਚ ਹਿੱਸਾ ਲਿਆ ਹੈ। ਵਿਆਪਕ ਸਰਵੇਖਣ ਦੌਰਾਨ ਰਹਿਣ-ਸਹਿਣ ਦੀ ਲਾਗਤ ਅਤੇ ਮਹਿੰਗਾਈ ਪ੍ਰਮੁੱਖ ਮੁੱਦੇ ਵਜੋਂ ਉਭਰੇ ਹਨ। ਸਰਵੇਖਣ ਵਿੱਚ 2,066 ਰਜਿਸਟਰਡ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਨਾਂ ਵਿੱਚ 1,896 ਏਸ਼ੀਆਈ ਅਮਰੀਕੀ ਅਤੇ 170 ਪ੍ਰਸ਼ਾਂਤ ਟਾਪੂ ਵਾਸੀ ਸ਼ਾਮਲ ਹਨ। ਮੱਧਕਾਲੀ ਚੋਣਾਂ ਰਾਸ਼ਟਰਪਤੀ ਦੇ ਚਾਰ ਸਾਲਾਂ ਦੇ ਕਾਰਜਕਾਲ ਦੇ ਅੱਧ ਵਿਚਕਾਰ ਹੁੰਦੀਆਂ ਹਨ ਜਿਨ੍ਹਾਂ ਤੋਂ ਸਰਕਾਰ ਪ੍ਰਤੀ ਲੋਕਾਂ ਦੀ ਸੋਚ ਦਾ ਪਤਾ ਲੱਗਦਾ ਹੈ।

***

## ਘਰ ਰਹਿ ਕੇ ਬੱਚਿਆਂ ਦੀ ਸੰਭਾਲ

ਸਬਸਿਡੀ ਮਿਲਦੀ ਸੀ, ਪਰ ਨਵੇਂ ਡਰਾਫਟ ਅਨੁਸਾਰ, ਜੇਕਰ ਵਿਆਹੁਤਾ ਜੋੜੇ 'ਚੋਂ ਇੱਕ ਸਾਥੀ ਹਫ਼ਤੇ 'ਚ ਘੱਟੋ-ਘੱਟ 35 ਘੰਟੇ ਕੰਮ ਕਰਦਾ ਹੈ ਅਤੇ ਦੂਜਾ ਘਰ ਰਹਿ ਕੇ ਬੱਚੇ ਦੀ ਦੇਖਭਾਲ ਕਰਦਾ ਹੈ, ਤਾਂ ਉਹ ਇਸ ਸਰਕਾਰੀ ਮਦਦ ਲਈ ਯੋਗ ਮੰਨੇ ਜਾਣਗੇ।

ਇਸ ਪ੍ਰੋਗਰਾਮ ਤਹਿਤ ਯੋਗ ਪਰਿਵਾਰਾਂ ਨੂੰ ਪ੍ਰਤੀ ਬੱਚਾ ਸਾਲਾਨਾ ਲਗਭਗ 9,000 ਡਾਲਰ (ਕਰੀਬ 8.50 ਲੱਖ ਰੁਪਏ) ਤੱਕ ਦੀ ਵਿੱਤੀ ਸਹਾਇਤਾ ਮਿਲ ਸਕਦੀ ਹੈ। ਇਸ ਵਿੱਤੀ ਸਹਾਇਤਾ ਦਾ ਲਾਭ ਲੈਣ ਲਈ ਸਰਕਾਰ ਨੇ ਕੁਝ ਸ਼ਰਤਾਂ ਵੀ ਰੱਖੀਆਂ ਹਨ, ਜਿਨ੍ਹਾਂ 'ਚੋਂ ਸਭ ਤੋਂ ਅਹਿਮ ਹੈ ਕਿ ਬੱਚੇ ਦੇ ਮਾਪਿਆਂ ਦਾ ਆਪਸ 'ਚ ਵਿਆਹਿਆ ਹੋਣਾ ਲਾਜ਼ਮੀ ਹੈ। ਪਰਿਵਾਰ ਦੀ ਆਮਦਨ ਸੂਬੇ ਦੀ ਔਸਤ ਆਮਦਨ ਦੇ 85 ਫ਼ੀਸਦੀ ਤੋਂ ਘੱਟ ਹੋਣੀ ਚਾਹੀਦੀ ਹੈ। ਬਿਨਾਂ ਵਿਆਹ ਦੇ ਮਾਪੇ ਬਣਨ ਵਾਲੇ ਜੋੜੇ ਅਤੇ ਕੰਮ ਨਾ ਕਰਨ ਵਾਲੇ ਸਿੰਗਲ ਮਾਪੇ ਇਸ ਯੋਜਨਾ ਲਈ ਯੋਗ ਨਹੀਂ ਹੋਣਗੇ। ਇਸ ਨੀਤੀ 'ਚ ਬਦਲਾਅ ਲਈ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਵ੍ਹਾਈਟ ਹਾਊਸ ਦੀ ਹਰੀ ਝੰਡੀ ਤੋਂ ਬਾਅਦ ਇਸ ਨੂੰ ਪਬਲਿਕ ਕੁਮੈਂਟ ਲਈ ਪੋਸਟ ਕੀਤਾ ਜਾਵੇਗਾ ਅਤੇ ਅੰਤਿਮ ਰੂਪ ਮਿਲਣ 'ਤੇ ਇਹ ਨੀਤੀ 2027 ਤੋਂ ਲਾਗੂ ਹੋ ਸਕਦੀ ਹੈ। ਹਾਲਾਂਕਿ ਸਮਾਜਿਕ ਨੀਤੀ ਮਾਹਿਰਾਂ ਦਾ ਤਰਕ ਹੈ ਕਿ ਨਵਾਂ ਬਜਟ ਵਧਾਏ ਬਿਨਾਂ ਮੌਜੂਦਾ ਫੰਡ ਨੂੰ ਇਸ ਸਕੀਮ ਤਹਿਤ ਵੰਡਣ ਨਾਲ ਵਰਕਿੰਗ ਅਤੇ ਸਿੰਗਲ ਪੇਰੈਂਟਸ ਲਈ ਉਪਲਬਧ ਵਿੱਤੀ ਸਹਾਇਤਾ 'ਚ ਕਮੀ ਆ ਜਾ ਸਕਦੀ ਹੈ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home